Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ.ਐੱਸ.ਏ.
Chief Editor: **Gurjatinder Singh Randhawa**
Punjab Mail USA

REALTYONEGROUP
FOR SALE & PURCHASE OF ANY KIND OF PROPERTY


ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 764, 24 to 30 Aug., 2023, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਜੀ-20 ਬੈਠਕ 'ਚ ਲੈਣਗੇ ਹਿੱਸਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਗਲੇ ਮਹੀਨੇ ਭਾਰਤ ਦਾ ਦੌਰਾ ਕਰਨਗੇ। ਸਤੰਬਰ ਮਹੀਨੇ 'ਚ ਉਹ ਜੀ-20 ਦੇਸ਼ਾਂ ਦੇ ਸੰਮੇਲਨ 'ਚ ਹਿੱਸਾ ਲੈਣ ਲਈ 7-10 ਸਤੰਬਰ ਤੱਕ ਭਾਰਤ ਆਉਣਗੇ। ਵ੍ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸੁਲੀਵਨ ਨੇ ਕਿਹਾ ਕਿ ਬਾਇਡੇਨ ਜੀ-20 ਮੀਟਿੰਗ ਵਿਚ ਸ਼ਾਮਲ ਹੋਣ ਦੌਰਾਨ ਕਈ ਦੁਵੱਲੀਆਂ ਮੀਟਿੰਗਾਂ ਕਰਨਗੇ। ਹਾਲਾਂਕਿ, ਉਨ੍ਹਾਂ ਨੇ ਇਸ ਸਬੰਧੀ ਜਾਣਕਾਰੀ ਨਹੀਂ ਦਿੱਤੀ। ਅਮਰੀਕਾ 2026 ਵਿਚ ਜੀ-20 ਸੰਮੇਲਨ ਦੀ ਮੇਜ਼ਬਾਨੀ ਕਰੇਗਾ।

- ਅਗਲੇ ਮਹੀਨੇ 7-10 ਸਤੰਬਰ ਤੱਕ ਕਰਨਗੇ ਭਾਰਤ ਦਾ ਦੌਰਾ
- ਜੀ-20 ਮੀਟਿੰਗ 'ਚ ਸ਼ਾਮਲ ਹੋਣ ਦੌਰਾਨ ਕਈ ਦੁਵੱਲੀਆਂ ਮੀਟਿੰਗਾਂ ਕਰਨਗੇ ਅਮਰੀਕੀ ਰਾਸ਼ਟਰਪਤੀ




ਵ੍ਹਾਈਟ ਹਾਊਸ ਨੇ ਇਕ ਬਿਆਨ 'ਚ ਕਿਹਾ ਕਿ ਜੀ-20 ਵਿਸ਼ਵ ਨੇਤਾਵਾਂ ਦਾ ਸੰਮੇਲਨ ਨਵੀਂ ਦਿੱਲੀ ਵਿਚ 9 ਤੋਂ 10 ਸਤੰਬਰ ਤੱਕ ਹੋਵੇਗਾ। ਇਹ ਭਾਰਤ ਵਿਚ ਵਿਸ਼ਵ ਨੇਤਾਵਾਂ ਦਾ ਸਭ ਤੋਂ ਵੱਡਾ ਇਕੱਠ ਹੋਣ ਦੀ ਉਮੀਦ ਹੈ। ਭਾਰਤ ਨੇ 1 ਦਸੰਬਰ 2022 ਨੂੰ ਇੰਡੋਨੇਸ਼ੀਆ ਤੋਂ ਜੀ-20 ਦੀ ਪ੍ਰਧਾਨਗੀ ਸੰਭਾਲੀ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰਿਨ ਜੀਨ-ਪੀਅਰੇ ਨੇ ਕਿਹਾ, "ਰਾਸ਼ਟਰਪਤੀ ਬਾਇਡਨ ਅਤੇ ਜੀ-20 ਸਹਿਯੋਗੀ ਯੂਕਰੇਨ ਸੰਘਰਸ਼ ਦੇ ਆਰਥਿਕ ਅਤੇ ਸਮਾਜਿਕ ਪ੍ਰਭਾਵ ਨੂੰ ਖਤਮ ਕਰਨ, ਸਵੱਛ ਊਰਜਾ ਅਤੇ ਜਲਵਾਯੂ ਤਬਦੀਲੀ ਸਮੇਤ ਕਈ ਗਲੋਬਲ ਮੁੱਦਿਆਂ ਨੂੰ ਹੱਲ ਕਰਨ ਲਈ ਸਾਂਝੇ ਯਤਨਾਂ 'ਤੇ ਚਰਚਾ ਕਰਨਗੇ।" ਉਨ੍ਹਾਂ ਇਕ ਬਿਆਨ 'ਚ ਕਿਹਾ, "ਗਰੀਬੀ ਦੀ ਸਮੱਸਿਆ ਨਾਲ ਬਿਹਤਰ ਤਰੀਕੇ ਨਾਲ ਲੜਨ ਲਈ ਵਿਸ਼ਵ ਬੈਂਕ ਸਮੇਤ ਬਹੁਪੱਖੀ ਵਿਕਾਸ ਬੈਂਕਾਂ ਦੀ

■ ਬਾਕੀ ਖਬਰ ਸਫਾ 14 'ਤੇ

## ਸੈਕਰਾਮੈਂਟੋ ਸਥਿਤ ਰੋਜ਼ਵਿਲ ਗੈਲਰੀਆ ਮਾਲ ਵਿਖੇ ਸਿੱਖ ਨੌਜਵਾਨ ਵੱਲੋਂ ਗੋਲੀਬਾਰੀ; 1 ਹਲਾਕ

**ਸੈਕਰਾਮੈਂਟੋ, (ਪੰਜਾਬ ਮੇਲ)-** ਸੈਕਰਾਮੈਂਟੋ ਦੇ ਨਜ਼ਦੀਕ ਰੋਜ਼ਵਿਲ ਦੇ ਗੈਲਰੀਆ ਮਾਲ ਵਿਖੇ ਉਸ ਵਕਤ ਹਫੜਾ-ਤਫੜੀ ਮੱਚ ਗਈ, ਜਦੋਂ 29 ਸਾਲਾ ਸਿੱਖ ਨੌਜਵਾਨ ਸਿਮਰਨਜੀਤ ਸਿੰਘ ਨੇ ਪਾਰਕਿੰਗ ਦੀ ਤੀਜੀ ਮੰਜ਼ਿਲ 'ਤੇ ਇੱਕ ਔਰਤ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਅਤੇ ਵਾਰਦਾਤ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਸਿਮਰਨਜੀਤ ਸਿੰਘ ਅਤੇ ਮ੍ਰਿਤਕ 34 ਸਾਲਾ ਔਰਤ ਇੱਕੋ ਕਾਰ ਵਿਚ ਇਕੱਠੇ ਗੈਲਰੀਆ ਮਾਲ ਵਿਖੇ ਪਹੁੰਚੇ ਸਨ। ਪਰ ਅਚਾਨਕ ਕਿਸੇ ਗੱਲੋਂ ਸਿਮਰਨਜੀਤ ਸਿੰਘ ਨੇ ਉਸ ਔਰਤ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਵਾਰਦਾਤ ਤੋਂ ਬਾਅਦ ਸਿਮਰਨਜੀਤ ਸਿੰਘ ਨੇ ਆਪਣੀ ਬੰਦੂਕ ਉਥੇ ਹੀ ਛੱਡ



- ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਪਲੇਸਰ ਕਾਊਂਟੀ ਜੇਲ੍ਹ 'ਚ ਭੇਜਿਆ

ਦਿੱਤੀ ਅਤੇ ਉਥੋਂ ਭੱਜ ਕੇ ਨਾਲ ਲੱਗਦੇ ਸਟੋਰ ਓਲਡ ਨੇਵੀ 'ਚ ਦਾਖਲ ਹੋ ਗਿਆ ਅਤੇ ਇਕ ਨਵੀਂ ਕਮੀਜ਼ ਖਰੀਦੀ। ਉਸ ਨੇ ਆਪਣੀ ਪੁਰਾਣੀ ਕਮੀਜ਼ ਸ਼ਾਪਿੰਗ ਬੈਗ ਵਿਚ ਪਾ ਲਈ। ਪਰ ਇੱਕ ਗਵਾਹ ਵੱਲੋਂ ਪਹਿਚਾਣੇ ਜਾਣ ਕਾਰਨ ਪੁਲਿਸ ਨੂੰ ਜਾਣਕਾਰੀ ਦੇ ਦਿੱਤੀ ਗਈ, ਜਿਸ 'ਤੇ ਉਸ ਨੂੰ ਉਸ ਸਟੋਰ ਦੇ ਬਾਹਰ ਹੀ ਹਿਰਾਸਤ ਵਿਚ ਲੈ ਲਿਆ ਗਿਆ।

ਪੁਲਿਸ ਅਨੁਸਾਰ ਸਿਮਰਨਜੀਤ ਸਿੰਘ ਨੂੰ ਪਹਿਲਾਂ ਸ਼ੱਕ ਦੇ ਆਧਾਰ 'ਤੇ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਬਾਅਦ ਵਿਚ ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਇਹੋ ਹੀ ਕਾਤਲ ਹੈ। ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਪਲੇਸਰ ਕਾਊਂਟੀ ਜੇਲ੍ਹ ਵਿਚ ਭੇਜ ਦਿੱਤਾ ਹੈ।

ਪੁਲਿਸ ਵੱਲੋਂ ਮ੍ਰਿਤਕ ਔਰਤ ਦਾ ਨਾਂ ਜਨਤਕ ਨਹੀਂ ਕੀਤਾ ਗਿਆ। ਪੁਲਿਸ ਅਨੁਸਾਰ ਇਹ ਇੱਕ ਘਰੇਲੂ ਮਸਲਾ ਸੀ।

## 2020 ਤੋਂ ਬਾਅਦ ਸਭ ਤੋਂ ਵੱਧ ਪ੍ਰਵਾਸੀ ਨਜ਼ਰਬੰਦੀਆਂ; ਦੁਰਵਿਵਹਾਰ ਦੀਆਂ ਮਿਲੀਆਂ ਰਿਪੋਰਟਾਂ

**ਮੈਕਲੇਨ, ਟੈਕਸਾਸ, (ਪੰਜਾਬ ਮੇਲ)-** ਤਾਜ਼ਾ ਅੰਕੜਿਆਂ ਅਨੁਸਾਰ ਜੁਲਾਈ 'ਚ ਸੰਘੀ ਨਜ਼ਰਬੰਦੀ 'ਚ ਸ਼ਰਣ ਮੰਗਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਤਿੰਨ ਸਾਲਾਂ ਵਿਚ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ।

30 ਜੁਲਾਈ ਤੱਕ, ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਜਾਂ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਦੁਆਰਾ ਸੰਚਾਲਿਤ ਨਜ਼ਰਬੰਦੀ ਸਹੂਲਤਾਂ 'ਚ 30,438 ਪ੍ਰਵਾਸੀ ਰੱਖੇ ਗਏ ਸਨ। ਜੁਲਾਈ ਦੇ ਅੱਧ ਵਿਚ, 31,064 ਗੈਰ-ਨਾਗਰਿਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ, ਜੋ ਕਿ ਟਰੰਪ ਪ੍ਰਸ਼ਾਸਨ ਦੇ ਅਧੀਨ ਅਪ੍ਰੈਲ 2020 ਤੋਂ ਬਾਅਦ ਅਮਰੀਕਾ ਵਿਚ ਸਭ ਤੋਂ ਵੱਧ ਨਜ਼ਰਬੰਦੀ ਹੈ। ਸਾਰੇ ਨਜ਼ਰਬੰਦਾਂ ਵਿਚੋਂ ਲਗਭਗ ਇੱਕ ਤਿਹਾਈ ਨੂੰ ਟੈਕਸਾਸ 'ਚ ਆਈ.ਸੀ.ਈ. ਸਹੂਲਤਾਂ ਵਿਚ ਰੱਖਿਆ ਗਿਆ ਹੈ।

ਅਗਸਤ 2019 ਵਿਚ ਟਰੰਪ ਪ੍ਰਸ਼ਾਸਨ ਦੌਰਾਨ, ਕੋਵਿਡ-19 ਮਹਾਂਮਾਰੀ ਦੇ ਸ਼ੁਰੂਆਤੀ ਦਿਨਾਂ ਵਿਚ ਨਜ਼ਰਬੰਦੀਆਂ 55,600 ਤੋਂ ਵੱਧ ਗਈਆਂ ਅਤੇ ਫਿਰ ਅਪ੍ਰੈਲ 2020 ਦੇ ਅਖੀਰ ਤੱਕ 30,000 ਤੋਂ ਹੇਠਾਂ ਆ ਗਈਆਂ।

ਐੱਨ.ਪੀ.ਆਰ. ਦੁਆਰਾ ਪ੍ਰਾਪਤ ਕੀਤੀ ਗਈ ਇੱਕ ਰਿਪੋਰਟ ਵਿਚ ਆਈ.ਸੀ.ਈ. ਨਜ਼ਰਬੰਦੀ ਸੁਵਿਧਾਵਾਂ ਵਿਚ "ਲਾਪ੍ਰਵਾਹੀ" ਦੀਆਂ ਸਥਿਤੀਆਂ ਉਸ ਸਮੇਂ ਦੀ ਮਿਆਦ ਤੋਂ ਪਹਿਲਾਂ ਦੀਆਂ ਹਨ। ਨਿਰੀਖਣ ਰਿਪੋਰਟਾਂ ਸਿਵਲ ਰਾਈਟਸ ਐਂਡ ਸਿਵਲ



ਲਿਬਰਟੀਜ਼ ਲਈ ਹੋਮਲੈਂਡ ਸਕਿਓਰਿਟੀ ਦੇ ਦਫਤਰ ਦੁਆਰਾ ਨਿਯੁਕਤ ਕੀਤੇ ਗਏ ਮਾਹਰਾਂ ਦੁਆਰਾ ਲਿਖੀਆਂ ਗਈਆਂ ਸਨ, ਜਿਨ੍ਹਾਂ ਨੇ 2017 ਤੋਂ 2019 ਤੱਕ 16 ਰਾਜਾਂ ਵਿਚ ਦੋ ਦਰਜਨ ਤੋਂ ਵੱਧ ਸਹੂਲਤਾਂ ਦੀ ਜਾਂਚ ਕੀਤੀ।

ਐੱਨ.ਪੀ.ਆਰ. ਨੇ ਸੂਚਨਾ ਪ੍ਰਾਪਤ ਕਰਨ ਲਈ ਸੂਚਨਾ ਦੀ ਆਜ਼ਾਦੀ ਕਾਨੂੰਨ ਦੇ ਤਹਿਤ ਸੂ ਕੀਤਾ। ਕਿਉਂਕਿ ਇਕ ਰਿਪੋਰਟ ਅਨੁਸਾਰ ਨਜ਼ਰਬੰਦਾਂ ਦੀ ਡਾਕਟਰੀ ਦੇਖਭਾਲ ਅਤੇ ਹੋਰ ਸਹੂਲਤਾਂ ਵਿਚ ਅਣਗਹਿਲੀਆਂ ਪਾਈਆਂ ਜਾ ਰਹੀਆਂ ਸਨ। ਇਸ ਦੇ ਨਾਲ-ਨਾਲ ਨਜ਼ਰਬੰਦਾਂ ਨਾਲ ਗਲਤ ਵਿਵਹਾਰ ਕੀਤਾ ਜਾ ਰਿਹਾ ਸੀ।

ਵਿੱਤੀ ਸਾਲ 2023 ਵਿਚ ਹੁਣ ਤੱਕ ਪੀਅਰਸਾਲ, ਟੈਕਸਾਸ ਵਿਚ ਦੱਖਣੀ ਟੈਕਸਾਸ ਆਈ.ਸੀ.ਈ. ਪ੍ਰੋਸੈਸਿੰਗ ਸੈਂਟਰ ਵਿਚ, ਔਸਤਨ 1,252 ਪ੍ਰਤੀ ਦਿਨ ਆਈ.ਸੀ.ਈ. ਨਜ਼ਰਬੰਦਾਂ ਦੀ ਸਭ ਤੋਂ ਵੱਡੀ ਗਿਣਤੀ ਹੈ।

ਇਸ ਮਹੀਨੇ ਦੇ ਸ਼ੁਰੂ ਵਿਚ, ਆਈ.ਸੀ.ਈ. ਨੇ ਐਲਾਨ ਕੀਤਾ ਕਿ ਇਹ ਇੱਕ ਵਿਵਾਦਪੂਰਨ ਏ.ਟੀ.ਡੀ. ਪ੍ਰੋਗਰਾਮ ਦਾ ਵਿਸਥਾਰ ਕਰ ਰਿਹਾ ਹੈ, ਜੋ ਪਨਾਹ ਮੰਗਣ ਵਾਲਿਆਂ 'ਤੇ ਰੋਕ ਤਾਂ ਲਗਾਏਗਾ ਪਰ ਉਨ੍ਹਾਂ ਨੂੰ ਨਜ਼ਰਬੰਦੀ ਦੀਆਂ ਸਹੂਲਤਾਂ ਤੋਂ ਬਾਹਰ ਰੱਖੇਗਾ।

## ਕੋਟਕਪੂਰਾ ਗੋਲੀ ਕਾਂਡ: ਅਦਾਲਤ ਵੱਲੋਂ ਸੁਖਬੀਰ ਬਾਦਲ ਦੀ ਅਗਾਊਂ ਜ਼ਮਾਨਤ 'ਤੇ ਫ਼ੈਸਲਾ ਸੁਰੱਖਿਅਤ

**ਚੰਡੀਗੜ੍ਹ, (ਪੰਜਾਬ ਮੇਲ)-** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਤੋਂ ਬਾਅਦ ਭੜਕੀ ਭੀੜ 'ਤੇ ਕੋਟਕਪੂਰਾ 'ਚ ਹੋਈ ਪੁਲਿਸ ਫਾਇਰਿੰਗ ਮਾਮਲੇ 'ਚ ਮੁਲਜ਼ਮ ਬਣਾਏ ਗਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਅਗਾਊਂ ਜ਼ਮਾਨਤ ਮੰਗ 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਬਹਿਸ ਪੂਰੀ ਹੋਣ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਗਿਆ ਹੈ। ਫ਼ੈਸਲਾ ਆਉਣ ਤੱਕ ਹਾਈਕੋਰਟ ਵਲੋਂ ਉਕਤ ਮਾਮਲੇ 'ਚ ਮਿਲੀ ਰਾਹਤਾਂ ਜਾਰੀ ਰਹਿਣਗੀਆਂ।

ਇਸ ਤੋਂ ਪਹਿਲਾਂ ਇਸ ਮਾਮਲੇ 'ਚ ਐੱਸ.ਐੱਸ.ਪੀ. ਫਰੀਦਕੋਟ ਵਲੋਂ ਸਟੇਟਸ ਰਿਪੋਰਟ ਦਿੱਤੀ ਗਈ ਸੀ। ਸੁਖਬੀਰ ਬਾਦਲ ਵਲੋਂ ਪੇਸ਼



ਹੋਏ ਵਕੀਲਾਂ ਨੇ 8 ਅਗਸਤ ਨੂੰ ਜਵਾਬ ਦਾਖ਼ਲ ਕੀਤਾ ਸੀ, ਜਿਸ ਤੋਂ ਬਾਅਦ ਦੋਵਾਂ ਧਿਰਾਂ ਨਾਲ ਬਹਿਸ ਕੀਤੀ ਗਈ ਅਤੇ ਮੰਗਲਵਾਰ ਨੂੰ ਬਹਿਸ ਪੂਰੀ ਹੋਣ ਤੋਂ ਬਾਅਦ ਕੋਰਟ ਨੇ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਪਿਛਲੀ ਸੁਣਵਾਈ 'ਤੇ ਪਟੀਸ਼ਨਰ ਧਿਰ ਨੇ ਕੋਰਟ 'ਚ ਕਿਹਾ ਸੀ ਕਿ ਸੁਖਬੀਰ ਬਾਦਲ ਨੂੰ ਸਿਆਸੀ ਰੰਜਿਸ਼ ਦੇ ਚਲਦੇ ਇਸ ਮਾਮਲੇ 'ਚ ਫਸਾਇਆ ਗਿਆ ਹੈ, ਜਦੋਂ ਕਿ ਉਨ੍ਹਾਂ ਦੀ ਇਸ 'ਚ ਕੋਈ ਭੂਮਿਕਾ ਨਹੀਂ ਹੈ।

ਕੋਰਟ ਨੂੰ ਦੱਸਿਆ ਗਿਆ ਸੀ ਕਿ ਕੋਟਕਪੂਰਾ ਗੋਲੀਕਾਂਡ ਨੂੰ ਲੈ ਕੇ ਪੇਸ਼ ਕੀਤੀ ਗਈ ਐੱਸ.ਆਈ.ਟੀ. ਦੀ ਰਿਪੋਰਟ ਹਾਈਕੋਰਟ ਖਾਰਜ ਕਰ ਚੁੱਕੀ ਹੈ, ਜਿਸ ਤੋਂ ਬਾਅਦ ਬਣੀ ਨਵੀਂ ਐੱਸ.ਆਈ.ਟੀ. ਨੇ ਪਟੀਸ਼ਨਰ ਨੂੰ ਮੁਲਜ਼ਮ ਬਣਾਇਆ ਸੀ, ਜੋ ਕਿ ਆਧਾਰਹੀਣ ਹੈ। ਕੋਟਕਪੂਰਾ ਗੋਲੀਕਾਂਡ ਵਿਚ ਮੁਲਜ਼ਮ ਬਣਾਏ ਗਏ ਉਸ ਸਮੇਂ ਦੇ ਪੁਲਿਸ ਪ੍ਰਮੁੱਖ ਸੁਮੇਧ ਸਿੰਘ ਸੈਣੀ ਨੂੰ ਵੀ ਇਸ ਮਾਮਲੇ 'ਚ ਮੁਲਜ਼ਮ ਬਣਾਇਆ ਗਿਆ ਸੀ, ਜਿਨ੍ਹਾਂ ਨੂੰ ਅਗਾਊਂ ਜ਼ਮਾਨਤ ਮਿਲੀ ਹੋਈ ਹੈ। ਸੁਮੇਧ ਸੈਣੀ ਦੀ ਵੀ ਅਗਾਊਂ ਜ਼ਮਾਨਤ ਰਾਖਵੇਂ ਰੱਖੇ ਗਏ ਫ਼ੈਸਲੇ 'ਤੇ ਨਿਰਭਰ ਕਰੇਗੀ।

## ਟੈਕਸਾਸ 'ਚ ਸਰਹੱਦ ਪਾਰ ਕਰਦਿਆਂ 18 ਦੀ ਮੌਤ; 2 ਲਾਪਤਾ

**ਟੈਕਸਾਸ (ਪੰਜਾਬ ਮੇਲ)-** ਮੈਕਸੀਕੋ ਦਾ ਬਾਰਡਰ ਕਰਦਿਆਂ ਬਹੁਤ ਸਾਰੇ ਲੋਕ ਰਸਤੇ ਵਿਚ ਹੀ ਮਾਰੇ ਜਾਂਦੇ ਹਨ। ਟੈਕਸਾਸ ਸਰਹੱਦ ਦੇ ਨਜ਼ਦੀਕ ਰੇਗਿਸਤਾਨ ਵਿਚ ਇਕ ਵਾਰ ਫਿਰ ਅਮਰੀਕਾ ਦੀ ਸਰਹੱਦ ਪਾਰ ਕਰਦਿਆਂ ਕੁੱਝ ਲੋਕਾਂ ਦੇ ਮਾਰੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੈਕਸੀਕੋ ਦੀ ਨੈਸ਼ਨਲ ਮਾਈਗ੍ਰੇਸ਼ਨ ਇੰਸਟੀਚਿਊਟ (ਆਈ.ਐੱਨ.ਐੱਮ.) ਨੇ ਵੀਰਵਾਰ ਨੂੰ ਦੱਸਿਆ ਕਿ ਪਿਛਲੇ ਦਿਨੀਂ ਮਨੁੱਖੀ ਤਸਕਰਾਂ ਦਾ ਇਕ ਗਰੁੱਪ ਉਥੋਂ ਤੁਰਿਆ ਸੀ। ਪਰ ਕੁੱਝ ਲੋਕ ਰਸਤੇ ਵਿਚ ਮਾਰੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਜ਼ਮੀਨੀ ਅਤੇ ਹਵਾ ਦੁਆਰਾ ਵੱਖ-ਵੱਖ ਥਾਂਵਾਂ ਦੀ ਖੋਜ ਕੀਤੀ ਗਈ ਅਤੇ ਦੋ ਲਾਸ਼ਾਂ ਮਿਲੀਆਂ।

■ ਬਾਕੀ ਖਬਰ ਸਫਾ 14 'ਤੇ

## ਜਾਰਜੀਆ ਚੋਣ ਨਤੀਜੇ ਪਲਟਣ ਦੇ ਮਾਮਲੇ 'ਚ ਟਰੰਪ ਕਰਨਗੇ ਆਤਮ ਸਮਰਪਣ!

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ



ਡੋਨਾਲਡ ਟਰੰਪ ਚੋਣ ਨਤੀਜੇ ਪਲਟਣ ਦੇ ਮਾਮਲੇ ਵਿਚ ਫੂਲਟਨ ਕਾਊਂਟੀ ਜੇਲ੍ਹ ਵਿਚ ਆਤਮ ਸਮਰਪਣ ਕਰ ਸਕਦੇ ਹਨ। ਡੋਨਾਲਡ ਟਰੰਪ ਤੇ 18 ਹੋਰ ਮੁਲਜ਼ਮਾਂ 'ਤੇ ਸਾਲ 2020 ਦੇ ਰਾਸ਼ਟਰਪਤੀ ਚੋਣਾਂ ਦੌਰਾਨ ਜਾਰਜੀਆ ਦੇ ਚੋਣ ਨਤੀਜਿਆਂ ਨੂੰ ਪਲਟਣ ਦੀ ਕੋਸ਼ਿਸ਼ ਦਾ ਦੋਸ਼ ਹੈ। ■ ਬਾਕੀ ਖਬਰ ਸਫਾ 14 'ਤੇ

## ਅਮਰੀਕਾ 'ਚ ਗੈਰ ਕਾਨੂੰਨੀ ਘੁਸਪੈਠ ਰੋਕਣ ਲਈ ਟੈਕਸਾਸ ਗਵਰਨਰ ਐਬੋਟ ਕਰਨਗੇ ਹਮਖਿਆਲੀ ਰਿਪਬਲਿਕਨ ਗਵਰਨਰਾਂ ਨਾਲ ਮੁਲਾਕਾਤ

**ਟੈਕਸਾਸ, (ਪੰਜਾਬ ਮੇਲ)-** ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਮੈਕਸੀਕੋ ਤੋਂ ਗੈਰ ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਹਮਖਿਆਲੀ ਰਿਪਬਲਿਕਨ ਗਵਰਨਰਾਂ ਨਾਲ ਮੁਲਾਕਾਤ ਕਰਨਗੇ। ਇਨ੍ਹਾਂ ਵਿਚ ਆਇਓਵਾ ਦੇ ਗਵਰਨਰ ਕਿਮ ਰੇਨੋਲਡਸ, ਨੇਬਰਾਸਕਾ ਦੇ ਗਵਰਨਰ ਜਿਮ ਪੇਲਨ, ਓਕਲਾਹੋਮਾ ਦੇ ਗਵਰਨਰ ਕੇਵਿਨ ਸਟਿੱਟ, ਦੱਖਣੀ ਡਕੋਟਾ ਦੀ ਗਵਰਨਰ ਕ੍ਰਿਸਟੀ ਨੋਇਮ ਸ਼ਾਮਲ ਹਨ। ਇਨ੍ਹਾਂ ਸਾਰੇ ਚਾਰ ਗਵਰਨਰਾਂ ਨੇ ਓਪਰੇਸ਼ਨ ਲੋਨ ਸਟਾਰ ਲਈ ਸਮਰਥਨ ਅਤੇ ਸਰੋਤਾਂ ਦਾ ਵਾਅਦਾ



ਟੈਕਸਾਸ ਗਵਰਨਰ ਗ੍ਰੇਗ ਐਬੋਟ।

ਕੀਤਾ ਹੈ, ਜੋ ਕਿ 2021 ਵਿਚ ਐਬੋਟ ਦੁਆਰਾ ਸ਼ੁਰੂ ਕੀਤੀ ਗਈ ਰਾਜ ਦੀ ਸਰਹੱਦ ਸੁਰੱਖਿਆ ਪਹਿਲਕਦਮੀ ਹੈ। ਟੈਕਸਾਸ ਨੇ ਇਸ ਪਹਿਲਕਦਮੀ 'ਤੇ ਹੁਣ ਤੱਕ $5 ਬਿਲੀਅਨ ਤੋਂ ਵੱਧ ਖਰਚ ਕੀਤੇ ਹਨ।

ਗਵਰਨਰ ਗ੍ਰੇਗ ਐਬੋਟ ਨੇ ਕਿਹਾ ਕਿ ਘੁਸਪੈਠ ਦੀ ਆੜ ਵਿਚ ਹਥਿਆਰਬੰਦ ਤਸਕਰ ਵੀ ਅਮਰੀਕਾ 'ਚ ਘੁਸਪੈਠ ਕਰ ਰਹੇ ਹਨ। ਟੈਕਸਾਸ ਨੇ ਗੈਰ ਕਾਨੂੰਨੀ ਸਰਹੱਦੀ ਲਾਂਘਿਆਂ ਨੂੰ ਰੋਕਣ ਦੀ ਕੋਸ਼ਿਸ਼ 'ਚ ਰੀਓ ਗ੍ਰਾਂਡੇ ਨਦੀ ਦੇ ਕੁੱਝ ਹਿੱਸਿਆਂ ਵਿਚ ਬੈਰੀਅਰ ਲਾਉਣੇ ਸ਼ੁਰੂ ਕਰ ਦਿੱਤੇ ਹਨ।

ਇਸ ਬੈਰੀਅਰ ਵਿਚ ਕੁੱਝ ਲੋਕ ਫਸ ਕੇ ਮਾਰੇ ਜਾ ਚੁੱਕੇ ਹਨ ਅਤੇ ਕੋਰਟ ਦਾ ਵੀ ਕਹਿਣਾ ਹੈ ਕਿ ਇਹ ਬੈਰੀਅਰ ਅਣਮਨੁੱਖੀ ਹਨ।

ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਦੇ ਸਹਿਯੋਗ ਨਾਲ



SHAHEED BABA DEEP SINGH SPORTS ACADEMY SACRAMENTO PRESENTS

# INTERNATIONAL KABADDI CUP 2023



## Sunday, October Ist, 2023

Sikh Temple, 7676 Bradshaw Road, Sacramento, 95829

# ਇੰਟਰਨੈਸ਼ਨਲ ਕਬੱਡੀ ਕੱਪ 2023

## 1 ਅਕਤੂਬਰ 2023, ਦਿਨ ਐਤਵਾਰ ਨੂੰ

ਜਿਸ ਵਿਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ

ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾਂ ਹੈ।



ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੀਆਂ ਗਰਾਊਂਡਾਂ ਵਿਚ

ਸ਼ਰਤਾਂ ਤੇ ਨਿਯਮ: ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।

ਸਕਿਓਰਿਟੀ ਅਤੇ ਪੁਲਿਸ ਦਾ ਖਾਸ ਪ੍ਰਬੰਧ ਹੈ।

ਅਸੀਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਕਬੱਡੀ ਕੱਪ ਦੇਖਣ ਆਏ ਸਾਰੇ ਵੀਰਾਂ, ਭੈਣਾਂ ਅਤੇ ਬਜ਼ੁਰਗਾਂ ਦਾ ਨਿੱਘਾ ਸਵਾਗਤ ਕਰਦੇ ਹਾਂ





Designed By Punjab Mail USA

Contact for More Info:

Pargat Sandhu 209-810-5667

Randhir Nijjar 916-416-9527

Happy Bariana 916-240-4110

ਪੰਜਾਬ ਮੇਲ USA


KAISER PERMANENTE
ELK GROVE
MULTI CULTURAL
festival
ਐਲਕ ਗਰੋਵ
ਮਲਟੀ
ਕਲਚਰਲ
ਮੇਲਾ
ਦਾਖਲਾ ਮੁਫਤ
Saturday, September 9
10am-5pm
District56
8230 Civic Center Drive, Elk Grove, CA, 95757
Travel the globe without leaving Elk Grove at the 11th annual Elk Grove Multicultural Festival
MUSIC • DANCE • FOOD • ART • ACTIVITIES • AND MORE!
elkgrovecity.org/mcf
CITY OF ELK GROVE
COSUMNES COMMUNITY SERVICES DISTRICT
Elk Grove DIVERSITY & INCLUSION COMMISSION
EXPLORE ELK GROVE
abc10 WE STAND FOR YOU.
KISS 107.9 '90s & 2000s
V101.1 SACRAMENTO'S #1 FOR THROWBACKS

# ਧੰਨਵਾਦ

# Children Summer Sports Camp-2023

## *Closing Ceremony August 20, 2023*

### *Winners, Coaches, Volunteers, Donors and Social Worker Honored*

**ਬੱਚਿਆਂ ਦੇ ਖੇਡ-ਕੈਂਪ ਦੀ ਸਮਾਪਤੀ ਸਮਾਰੋਹ 20 ਅਗਸਤ ਨੂੰ ਜੇਤੂ ਖਿਡਾਰੀਆਂ, ਕੋਚਾਂ, ਵਾਲੰਟੀਅਰ ਸੇਵਾਦਾਰਾਂ, ਦਾਨੀਆਂ ਤੇ ਵੱਖ-ਵੱਖ ਥਾਂਵਾਂ ਤੇ ਸਮਾਜਸੇਵੀਆਂ ਦਾ ਮਾਣ-ਸਨਮਾਨ ਹੋਇਆ।**




ਮੁੱਖ ਮਹਿਮਾਨ ਮਹਿੰਦਰ ਸਿੰਘ ਗਿੱਲ ਓਲੰਪੀਅਨ ਤੇ ਸਤਪਾਲ ਸਿੰਘ ਸਿੱਧੂ ਨੂੰ ਸਨਮਾਨਿਤ ਕਰਦੇ ਸਮੇਂ।




ਮੁੱਖ ਮਹਿਮਾਨ ਮਹਿੰਦਰ ਸਿੰਘ ਓਲੰਪੀਅਨ ਤੇ ਵਿਸ਼ੇਸ਼ ਮਹਿਮਾਨ ਸਤਪਾਲ ਸਿੰਘ ਸਿੱਧੂ ਦਾ ਪ੍ਰਬੰਧਕ ਸਵਾਗਤ ਤੇ ਸਨਮਾਨ ਕਰਦੇ ਸਮੇਂ।











ਐਥਲੈਟਿਕਸ ਦੇ ਜੇਤੂਆਂ ਨੂੰ ਮਹਿੰਦਰ ਸਿੰਘ ਗਿੱਲ ਓਲੰਪਿਅਨ ਤੇ ਸਤਪਾਲ ਸਿੰਘ ਸਿੱਧੂ ਇਨਾਮ ਦਿੰਦੇ ਸਮੇਂ।

**ਸਤਿਕਾਰਯੋਗ ਜੀਓ**, ਆਪ ਜੀ ਨੂੰ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਸਿਆਟਲ ਦੀ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਵਿਚ ਵਿਲਸਨ ਪਲੇਅ ਫੀਲਡ ਵਿਚ ਜੁਲਾਈ ਤੇ ਅਗਸਤ ਵਿਚ ਦੋ ਮਹੀਨੇ ਬੱਚਿਆਂ ਦਾ 13ਵਾਂ ਖੇਡ-ਕੈਂਪ ਲਗਾਇਆ ਗਿਆ, ਜਿੱਥੇ ਪੰਜਾਬੀ ਭਾਈਚਾਰੇ ਦੇ ਹੋਣਹਾਰ ਬੱਚਿਆਂ ਤੇ ਨੌਜਵਾਨਾਂ ਨੇ ਹਿੱਸਾ ਲਿਆ। ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਦੇ ਕੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਅਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ। ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਗਈ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ ਕਿੱਟਾਂ ਸਤਵਿੰਦਰ ਸਿੰਘ ਸੰਧੂ ਤੇ ਅਮਰਪਾਲ ਸਿੰਘ ਕਾਹਲੋਂ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਵੰਡੀਆਂ ਗਈਆਂ। ਮਨਜੀਤ ਸਿੰਘ ਵੱਲੋਂ ਕੀ-ਇੰਸ਼ੋਰੈਂਸ ਰਾਹੀਂ ਮੁਫਤ ਖੇਡ ਕੈਂਪ ਦੀ ਇੰਸ਼ੋਰੈਂਸ ਕੀਤੀ ਗਈ। ਅਮਰੀਕ ਸਿੰਘ ਰੰਧਾਵਾ ਵੱਲੋਂ ਵਿਲਸਨ ਪਲੇਅ ਫੀਲਡਜ਼ ਕੈਂਟ ਲਈ ਕਿਰਾਇਆ ਸਪਾਂਸਰ ਕਰਕੇ 2000 ਡਾਲਰ ਖਰਚੇ ਲਈ ਦਿੱਤੇ। ਦਯਿਆਬੀਰ ਸਿੰਘ ਪਿੰਟੂ ਬਾਠ, ਹਰਸ਼ਿੰਦਰ ਸਿੰਘ ਸੰਧੂ ਤੇ ਮਹਿੰਦਰ ਸਿੰਘ ਨਿੱਝਰ ਨੇ ਵੱਖ-ਵੱਖ ਪੇਪਰਾਂ ਨੂੰ ਸਪਾਂਸਰ ਕਰਕੇ 1000-1000 ਡਾਲਰ ਖਰਚੇ। ਮੈਡਲ ਦਾ ਖਰਚਾ ਮਾਂਟਰੀਅਲ ਤੋਂ ਜੱਜਇੰਦਰ ਸਿੰਘ ਸਰੋਆ (ਰੈਂਜੀ) ਤੇ ਰਵਨੀਤ ਕੌਰ ਨੇ ਸਪਾਂਸਰ ਕਰਕੇ 1176 ਡਾਲਰ ਦਾ ਬਿਲ ਭੇਜਿਆ।

ਇਸ ਤੋਂ ਇਲਾਵਾ ਹਰਦੀਪ ਸਿੰਘ ਗਿੱਲ, ਹਰਦੇਵ ਸਿੰਘ ਜੱਜ, ਦਲਜੀਤ ਸਿੰਘ ਗਿੱਲ, ਹੀਰਾ ਸਿੰਘ ਭੁੱਲਰ, ਭਜਨ ਸਿੰਘ ਸੰਘਾ, ਹਰਜੀਤ ਸਿੰਘ ਜੌਹਲ, ਕਾਲਾ ਬੈਂਸ ਤੇ ਗਗਨਦੀਪ ਸਿੰਘ ਢਿੱਲੋਂ ਨੇ ਮਾਲੀ ਸਹਾਇਕਾ ਕਰਕੇ ਖਰਚੇ ਪੂਰੇ ਕੀਤੇ। ਕੋਚ ਸਾਹਿਬਾਨਾਂ ਤੇ ਵਾਲੰਟੀਅਰਾਂ ਨੇ ਮੁਫਤ ਸੇਵਾ ਕੀਤੀ। ਦਾਨੀਆਂ ਨੇ ਹਰੇਕ ਸ਼ਨਿਚਰਵਾਰ ਰਿਫਰੈਸ਼ਮੈਂਟ, ਕਰਮਜੀਤ ਸਿੰਘ ਢਿੱਲੋਂ, ਰਾਜਿੰਦਰ ਕੌਰ, ਪਰਮਵੀਰ ਸਿੰਘ, ਗਗਨਦੀਪ ਢਿੱਲੋਂ ਤੇ ਸੰਤੋਖ ਸਿੰਘ ਅਟਵਾਲ ਵੱਲੋਂ ਰਿਫਰੈਸ਼ਮੈਂਟ ਅਤੇ ਐਤਵਾਰ ਪੀਜ਼ੇ ਦੀ ਸੇਵਾ ਬਲਜੀਤ ਸਿੰਘ ਸੋਹਲ, ਮਹਿੰਦਰ ਸਿੰਘ ਸੋਹਲ, ਜਸਵਿੰਦਰ ਸਿੰਘ ਹੁੰਦਲ, ਰਾਜਬੀਰ ਸਿੰਘ ਸ਼ਾਹੀ (ਸ਼ਾਹੀ ਟਰੈਵਲ), ਪਰਮਬੀਰ ਸਿੰਘ, ਹਰਦੀਪ ਸਿੰਘ ਗਿੱਲ ਤੇ ਹਰਦੇਵ ਸਿੰਘ ਜੱਜ, ਸਿੰਘ ਟਰੱਕ, ਪਰਮਵੀਰ ਸਿੰਘ ਤੇ ਸਮਾਪਤੀ ਸਮਾਰੋਹ ਸਮੇਂ ਬੋਥਲ ਤੋਂ ਸੋਚ ਸਮਾਜਸੇਵੀ ਸੰਸਥਾ ਵੱਲੋਂ ਸਾਂਝੇ ਤੌਰ 'ਤੇ ਰਾਤਰੀ ਭੋਜਨ ਤੇ ਪੀਜ਼ੇ ਦੀ ਸੇਵਾ ਕੀਤੀ। ਪੁਸ਼ਪਾ ਪਾਲਕੀ ਵੱਲੋਂ ਮੁਫਤ ਕੁਰਸੀਆਂ ਦੀ ਸੇਵਾ ਨਿਭਾਈ।

ਇਸ ਸਮਾਗਮ ਵਿਚ ਕੈਲੀਫੋਰਨੀਆ ਦੇ ਮਹਿੰਦਰ ਸਿੰਘ ਗਿੱਲ ਓਲੰਪੀਅਨ ਬਤੌਰ ਮੁੱਖ ਮਹਿਮਾਨ ਤੇ ਬੈਲਗਹਿੰਮ ਤੋਂ ਸਤਪਾਲ ਸਿੰਘ ਸਿੱਧੂ ਵਟਸਕਾਮ ਕਾਊਂਟੀ ਦੇ ਐਗਜ਼ੈਕਟਿਵ ਨੇ ਬਤੌਰ ਵਿਸ਼ੇਸ਼ ਮਹਿਮਾਨ ਪਹੁੰਚ ਕੇ ਬੱਚਿਆਂ ਨੂੰ ਇਨਾਮ ਵੰਡੇ ਅਤੇ ਪ੍ਰਬੰਧਕਾਂ ਤੇ ਸਿਆਟਲ ਦੇ ਪੰਜਾਬੀ ਭਾਈਚਾਰੇ ਦੀ ਸ਼ਲਾਘਾ ਕੀਤੀ। ਪਿਛਲੇ 12 ਸਾਲਾਂ ਤੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਬੱਚਿਆਂ ਦਾ ਖੇਡ ਕੈਂਪ ਲਗਾਇਆ ਜਾ ਰਿਹਾ ਹੈ। ਇਸ ਦੇ ਖਰਚੇ ਦਾ ਵੇਰਵਾ ਲੈਣ ਲਈ ਗੁਰਚਰਨ ਸਿੰਘ ਢਿੱਲੋਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਬੱਚਿਆਂ ਦੇ ਸਾਕਰ ਤੇ ਐਥਲੈਟਿਕਸ ਦੇ ਮੁਕਾਬਲੇ 19 ਅਗਸਤ, ਦਿਨ ਸ਼ਨਿੱਚਰਵਾਰ ਤੇ 20 ਅਗਸਤ, ਦਿਨ ਐਤਵਾਰ ਨੂੰ ਫਾਈਨਲ ਮੁਕਾਬਲੇ ਕਰਵਾਏ ਗਏ ਅਤੇ ਜੇਤੂਆਂ, ਕੋਚਾਂ, ਵਾਲੰਟੀਅਰ ਸੇਵਾਦਾਰਾਂ, ਦਾਨੀਆਂ ਤੇ ਵੱਖ-ਵੱਖ ਸੰਸਥਾਵਾਂ ਦੇ ਸੇਵਾਦਾਰਾਂ ਵਾਲੰਟੀਅਰਾਂ ਦਾ ਮਾਣ-ਸਨਮਾਨ ਕੀਤਾ ਗਿਆ। ਅਖੀਰ ਵਿਚ ਗੁਰਦੀਪ ਸਿੰਘ ਸਿੱਧੂ ਨੇ ਪਹੁੰਚੇ ਮਹਿਮਾਨਾਂ ਤੇ ਕੈਂਪ ਦੇ ਬੱਚਿਆਂ ਦਾ ਧੰਨਵਾਦ ਕੀਤਾ। ਸਿਆਟਲ ਦੀਆਂ ਮਾਣ-ਮੱਤੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਬੱਚਿਆਂ ਤੇ ਪ੍ਰਬੰਧਕਾਂ ਦੀ ਹੌਂਸਲਾ ਅਫਜ਼ਾਈ ਕੀਤੀ।

**ਧੰਨਵਾਦ ਸਹਿਤ**

**ਸਿਆਟਲ ਦਾ ਪੰਜਾਬੀ ਭਾਈਚਾਰਾ**

ਧੰਨਵਾਦ

**ਗੁਰਚਰਨ ਸਿੰਘ ਢਿੱਲੋਂ**

ਮੁੱਖ ਸੇਵਾਦਾਰ, ਚਿਲਡਰਨ ਸਮਰ ਸਪੋਰਟਸ ਕੈਂਪ

206-412-1559

gsdhillon51@gmail.com



Designed By Punjab Mail USA

# ਸਿਆਟਲ 'ਚ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਸਮਾਰੋਹ ਕਾਮਯਾਬੀ ਨਾਲ ਸੰਪੰਨ

- ਜੇਤੂਆਂ, ਕੋਚਾਂ, ਵਾਲੰਟੀਅਰਾਂ, ਦਾਨੀਆਂ, ਸਮਾਜਸੇਵੀਆਂ ਤੇ ਮੁੱਖ ਮਹਿਮਾਨ ਮਹਿੰਦਰ ਸਿੰਘ ਗਿੱਲ ਓਲੰਪੀਅਨ ਸਨਮਾਨਿਤ



ਮੁੱਖ ਮਹਿਮਾਨ ਮਹਿੰਦਰ ਸਿੰਘ ਗਿੱਲ ਓਲੰਪੀਅਨ ਤੇ ਸਤਪਾਲ ਸਿੰਘ ਸਿੱਧੂ ਨੂੰ ਸਨਮਾਨਿਤ ਕਰਦੇ ਸਮੇਂ।





ਬੱਚਿਆਂ ਦੇ ਖੇਡ ਕੈਂਪ ਦੇ ਦਾਨੀਆਂ ਨੂੰ ਸਨਮਾਨਿਤ ਕਰਦੇ ਸਮੇਂ।



ਖੇਡ ਕੈਂਪ ਦੇ ਬੱਚੇ ਤੇ ਮਹਿਮਾਨ ਸਮਾਪਤੀ ਸਮਾਰੋਹ ਦਾ ਆਨੰਦ ਮਾਣਦੇ ਸਮੇਂ।

ਸਿਆਟਲ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਚੱਲ ਰਹੇ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਸਮਾਰੋਹ 'ਤੇ ਜੇਤੂਆਂ, ਕੋਚਾਂ, ਵਾਲੰਟੀਅਰਾਂ ਸੇਵਾਦਾਰਾਂ, ਦਾਨੀਆਂ, ਸਮਾਜਸੇਵੀ ਸੰਸਥਾਵਾਂ ਦੇ ਵਾਲੰਟੀਅਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਕੈਲੀਫੋਰਨੀਆ ਤੋਂ ਬਤੌਰ ਮੁੱਖ ਮਹਿਮਾਨ ਮਹਿੰਦਰ ਸਿੰਘ ਗਿੱਲ ਓਲੰਪੀਅਨ ਅਤੇ ਬੈਲਗਹਿਮ ਤੋਂ ਸਤਪਾਲ ਸਿੰਘ ਸਿੱਧੂ ਵਟਸਕਾਮ ਕਾਊਂਟੀ ਤੋਂ ਐਗਜ਼ੈਕਟਿਵ ਬਤੌਰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ, ਜਿਨ੍ਹਾਂ ਦਾ ਪ੍ਰਬੰਧਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਜੇਤੂ ਖਿਡਾਰੀਆਂ ਨੂੰ ਉਨ੍ਹਾਂ ਵੱਲੋਂ ਇਨਾਮ ਵੰਡੇ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਮਾਣ-ਮੱਤੀਆਂ ਸ਼ਖਸੀਅਤਾਂ ਨੇ ਭਾਰੀ ਗਿਣਤੀ 'ਚ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ ਅਤੇ ਬੱਚਿਆਂ ਤੇ ਪ੍ਰਬੰਧਕਾਂ ਨੂੰ ਉਤਸ਼ਾਹਿਤ ਕੀਤਾ ਅਤੇ ਸ਼ਲਾਘਾ ਕੀਤੀ। ਮੁੱਖ ਮਹਿਮਾਨ ਮਹਿੰਦਰ ਸਿੰਘ ਗਿੱਲ ਓਲੰਪੀਅਨ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਅਖੀਰ ਵਿਚ ਸੋਚ ਸਮਾਜ ਸੇਵੀ ਸੰਸਥਾ ਦੇ ਵਾਲੰਟੀਅਰਾਂ ਵੱਲੋਂ ਰਾਤਰੀ ਭੋਜਨ ਵਿਚ ਪੀਜ਼ਾ ਦੀ ਸੇਵਾ ਕੀਤੀ। ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਤੇ ਮਹਿਮਾਨਾਂ ਨੇ ਖੂਬ ਆਨੰਦ ਮਾਣਿਆ। ਅਖੀਰ ਵਿਚ ਗੁਰਦੀਪ ਸਿੰਘ ਸਿੱਧੂ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਬੱਚਿਆਂ ਦਾ ਖੇਡ ਕੈਂਪ ਸਫਲ ਰਿਹਾ ਅਤੇ ਸਭ ਨੇ ਆਨੰਦ ਮਾਣਿਆ।

# ਪਾਇਲਟ ਦੀ ਅਚਾਨਕ ਦਿਲ ਦੇ ਦੌਰੇ ਕਾਰਨ ਮੌਤ ਹੋਣ ਮਗਰੋਂ ਫਲਾਈਟ ਦੀ ਐਮਰਜੈਂਸੀ ਲੈਂਡਿੰਗ

- ਜਹਾਜ਼ 'ਚ ਸਵਾਰ ਸਨ 271 ਯਾਤਰੀ
- ਮਿਆਮੀ ਤੋਂ ਚਿਲੀ ਦੀ ਰਾਜਧਾਨੀ ਸੈਂਟੀਆਗੋ ਜਾ ਰਹੀ ਸੀ ਫਲਾਈਟ

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਮਿਆਮੀ ਤੋਂ ਚਿਲੀ ਦੀ ਰਾਜਧਾਨੀ ਸੈਂਟੀਆਗੋ ਜਾ ਰਹੀ ਇੱਕ ਫਲਾਈਟ ਦੇ ਪਾਇਲਟ ਦੀ ਬਾਥਰੂਮ ਵਿਚ ਮੌਤ ਹੋਣ ਕਾਰਨ ਫਲਾਈਟ ਦੀ ਪਨਾਮਾ 'ਚ ਐਮਰਜੈਂਸੀ ਲੈਂਡਿੰਗ ਕਰਵਾਉਣੀ ਪਈ। ਫਲਾਈਟ 'ਚ 271 ਯਾਤਰੀ ਸਵਾਰ ਸਨ। ਰਿਪੋਰਟ ਮੁਤਾਬਕ ਪਾਇਲਟ ਦੀ ਪਛਾਣ ਕੈਪਟਨ ਇਵਾਨ ਐਂਡੋਰ ਵਜੋਂ ਹੋਈ ਹੈ, ਜਿਨ੍ਹਾਂ ਦੀ ਉਮਰ 56 ਸਾਲ ਸੀ। ਐਂਡੋਰ LATAM ਏਅਰਲਾਈਨ ਦੀ ਉਡਾਣ ਭਰ ਰਹੇ ਸਨ, ਇਸ ਦੌਰਾਨ ਉਨ੍ਹਾਂ ਨੂੰ ਛਾਤੀ ਵਿਚ ਦਰਦ ਹੋਣ ਲੱਗਾ। ਇਵਾਨ ਜਹਾਜ਼ ਨੂੰ ਆਪਣੇ ਸਾਥੀ ਕੋ-ਪਾਇਲਟ ਨੂੰ ਸਪੁਰਦ ਕਰਕੇ ਬਾਥਰੂਮ ਚਲੇ ਗਏ ਪਰ ਬਾਥਰੂਮ ਵਿਚ ਅਚਾਨਕ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਹ ਉੱਥੇ ਹੀ ਡਿੱਗ ਪਏ। ਪਾਇਲਟ ਨੂੰ ਇਸ ਹਾਲਤ 'ਚ ਦੇਖ ਕੇ ਏਅਰਲਾਈਨਜ਼ ਦੇ ਕਰੂ ਮੈਂਬਰ ਨੇ ਉਨ੍ਹਾਂ ਦਾ ਇਲਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹ ਕਾਫੀ ਨਹੀਂ ਸੀ, ਜਿਸ ਮਗਰੋਂ ਕੋ-ਪਾਇਲਟ ਦੀ ਮਦਦ ਨਾਲ ਫਲਾਈਟ ਦੀ ਪਨਾਮਾ ਸਿਟੀ ਦੇ ਟੋਕੂਮੇਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਲੈਂਡਿਗ ਤੋਂ ਬਾਅਦ ਉਨ੍ਹਾਂ ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਪਰ ਉਦੋਂ ਤੱਕ ਪਾਇਲਟ ਇਵਾਨ ਐਂਡੋਰ ਦੀ ਮੌਤ ਹੋ ਚੁੱਕੀ ਸੀ। ਇਵਾਨ 25 ਸਾਲਾਂ ਤੋਂ ਪਾਇਲਟ ਵਜੋਂ ਸੇਵਾਵਾਂ ਦੇ ਰਹੇ ਸਨ।

LATAM ਏਅਰਲਾਈਨ ਗਰੁੱਪ ਨੇ ਆਪਣੇ ਬਿਆਨ ਵਿਚ ਕਿਹਾ ਕਿ ਮਿਆਮੀ ਤੋਂ ਸੈਂਟੀਆਗੋ ਜਾਣ ਵਾਲੀ ਫਲਾਈਟ LA505 ਨੂੰ ਸਿਹਤ ਐਮਰਜੈਂਸੀ ਕਾਰਨ ਪਨਾਮਾ ਸਿਟੀ ਦੇ ਟੋਕੂਮੇਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲੈਂਡ ਕਰਨਾ ਪਿਆ। ਏਅਰਲਾਈਨ ਨੇ ਪਾਇਲਟ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਅਤੇ ਕਿਹਾ, ਅਸੀਂ ਉਨ੍ਹਾਂ ਦੇ 25 ਸਾਲਾਂ ਦੇ ਕਰੀਅਰ ਅਤੇ ਮਹੱਤਵਪੂਰਨ ਯੋਗਦਾਨ ਲਈ ਧੰਨਵਾਦੀ ਹਾਂ। ਉਡਾਣ ਦੌਰਾਨ ਪਾਇਲਟ ਦੀ ਸੁਰੱਖਿਆ ਲਈ ਸਾਰੇ ਜ਼ਰੂਰੀ ਪ੍ਰੋਟੋਕੋਲ ਦੀ ਪਾਲਣਾ ਵੀ ਕੀਤੀ ਗਈ ਸੀ। ਅਫ਼ਸੋਸ ਦੀ ਗੱਲ ਹੈ ਕਿ ਲੈਂਡਿੰਗ ਦੇ ਤੁਰੰਤ ਬਾਅਦ ਡਾਕਟਰੀ ਸਹਾਇਤਾ ਦੇ ਬਾਵਜੂਦ, ਇਵਾਨ ਐਂਡੋਰ ਨੂੰ ਬਚਾਇਆ ਨਹੀਂ ਜਾ ਸਕਿਆ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਨਹੀਂ ਰੁਕ ਰਿਹਾ ਰਾਜਪਾਲ ਤੇ ਮੁੱਖ ਮੰਤਰੀ ਦਾ ਕਾਟੋ ਕਲੇਸ਼

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਿਚਾਲੇ ਚੱਲ ਰਹੀ ਸ਼ਬਦੀ ਜੰਗ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ ਹੈ। ਦੋਵੇਂ ਧਿਰਾਂ ਲਗਾਤਾਰ ਇੱਕ ਦੂਜੇ ਨੂੰ ਤਾਅਨੇ ਮਾਰ ਰਹੀਆਂ ਹਨ। 77ਵੇਂ ਸੁਤੰਤਰਤਾ ਦਿਵਸ ਮੌਕੇ ਵੀ ਕੁਝ ਅਜਿਹਾ ਹੀ ਹੋਇਆ। ਮੁੱਖ ਮੰਤਰੀ ਮਾਨ ਰਾਜਪਾਲ ਪੁਰੋਹਿਤ ਦੁਆਰਾ ਆਯੋਜਿਤ ਰਸਮੀ 'ਐਟ ਹੋਮ' ਰਿਸੈਪਸ਼ਨ ਵਿਚ ਸ਼ਾਮਲ ਨਹੀਂ ਹੋਏ। ਇਸ 'ਤੇ ਚੁਟਕੀ ਲੈਂਦਿਆਂ ਰਾਜਪਾਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਐਟ ਹੋਮ ਸਮਾਗਮ 'ਚ ਨਾ ਜਾਣਾ ਚੁਣਿਆ। ਉਨ੍ਹਾਂ ਦਾ ਫੈਸਲਾ ਉਨ੍ਹਾਂ ਦੀ ਆਪਣੀ ਸਮਝ ਅਨੁਸਾਰ ਹੁੰਦਾ ਹੈ। ਮੁੱਖ ਮੰਤਰੀ ਨੇ ਸ਼ਾਇਦ ਰਾਜ ਭਵਨ ਦੇ ਬਾਹਰ ਰੱਖੀਆਂ ਰਸਮੀ ਤੋਪਾਂ ਤੋਂ ਡਰਦਿਆਂ ਇਸ ਸਮਾਗਮ ਨੂੰ ਛੱਡਣ ਦਾ ਫੈਸਲਾ ਕੀਤਾ ਹੈ।

■ ਗਵਰਨਰ ਪੁਰੋਹਿਤ ਨੇ ਕਿਹਾ, 'ਰਾਜ ਭਵਨ ਦੇ ਬਾਹਰ ਰੱਖੀਆਂ ਤੋਪਾਂ ਤੋਂ ਡਰਦੇ



ਰਾਜਪਾਲ ਬਨਵਾਰੀਲਾਲ ਪੁਰੋਹਿਤ ਅਸਿੱਧੇ ਤੌਰ 'ਤੇ ਮੁੱਖ ਮੰਤਰੀ ਦੀ ਜੂਨ 'ਚ ਵਿਧਾਨ ਸਭਾ ਵਿੱਚ ਉਸ ਦੀ ਟਿੱਪਣੀ ਲਈ ਮਜ਼ਾਕ ਉਡਾ ਰਹੇ ਸਨ, ਜਿਸ ਵਿਚ ਉਸ ਨੇ ਕਿਹਾ ਸੀ ਕਿ ਲੋਕਾਂ ਨੂੰ ਡਰਾਉਣ ਲਈ ਰਾਜ ਭਵਨ ਦੇ ਬਾਹਰ ਤੋਪਾਂ ਲਗਾਈਆਂ ਗਈਆਂ ਸਨ। ਦੂਜੇ ਪਾਸੇ ਜਦੋਂ ਰਾਜਪਾਲ ਨੂੰ ਮੀਡੀਆ ਵੱਲੋਂ ਸੀ.ਐੱਮ. ਮਾਨ ਦੇ ਪ੍ਰੋਗਰਾਮ ਵਿਚ ਨਾ ਆਉਣ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸਮਾਗਮ ਵਿਚ ਪੰਜਾਬ ਦੇ ਮੁੱਖ ਮੰਤਰੀ ਸਮੇਤ ਵੱਖ-ਵੱਖ ਪਤਵੰਤਿਆਂ ਨੂੰ ਸੱਦਾ ਦਿੱਤਾ ਗਿਆ ਸੀ। ਮੁੱਖ ਮੰਤਰੀ ਦਫ਼ਤਰ ਨੇ ਵੀ ਸੱਦਾ ਪੱਤਰ ਮਿਲਣ ਦੀ ਪੁਸ਼ਟੀ ਕੀਤੀ ਸੀ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੇ ਜੂਨ 'ਚ ਹੋਏ ਵਿਧਾਨ ਸਭਾ ਸੈਸ਼ਨ ਦੌਰਾਨ ਸੀ.ਐੱਮ. ਮਾਨ 'ਤੇ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਦਾ ਦੋਸ਼ ਲਗਾਇਆ ਸੀ। ਰਾਜਪਾਲ ਨੇ ਕਿਹਾ ਸੀ ਕਿ ਉਨ੍ਹਾਂ ਲਈ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਉਸ ਲਈ ਕਿਹਾ ਗਿਆ ਹੈ ਕਿ 'ਪੱਤਰ ਲਿਖਣਾ ਰਹਿੰਦਾ ਹੈ..ਵੇਹਲਾ ਹੈ'। ਉਨ੍ਹਾਂ ਕਿਹਾ ਕਿ ਕੋਈ ਵੀ ਰਾਜਪਾਲ ਨੂੰ ਬਦਨਾਮ ਨਹੀਂ ਕਰ ਸਕਦਾ। ਰਾਜਪਾਲ ਪੁਰੋਹਿਤ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਆਪਣੀ ਭਾਸ਼ਾ ਦਾ ਖਿਆਲ ਰੱਖਣਾ ਹੋਵੇਗਾ, ਉਹ ਬਿਨਾਂ ਕਿਸੇ ਕਾਰਨ ਮੈਨੂੰ ਗਾਲ੍ਹ ਨਹੀਂ ਦੇ ਸਕਦੇ।

# ਪੰਜਾਬ ਭਾਜਪਾ 'ਚ ਜਥੇਬੰਦਕ ਢਾਂਚੇ ਦੇ ਗਠਨ ਨੂੰ ਲੈ ਕੇ ਖਿੱਚੋਤਾਣ ਦਾ ਮਾਹੌਲ

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪੱਧਰੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦੇ ਮਾਮਲੇ 'ਤੇ ਪਾਰਟੀ ਵਿਚਲੇ ਟਕਸਾਲੀਆਂ ਦੇ ਵੱਡੇ ਧੜੇ ਅਤੇ ਅਕਾਲੀ ਦਲ ਤੇ ਕਾਂਗਰਸ ਪਿਛੋਕੜ ਵਾਲੇ ਸਿਆਸੀ ਆਗੂਆਂ ਦਰਮਿਆਨ ਖਿੱਚੋਤਾਣ ਦਾ ਮਾਹੌਲ ਹੈ। ਪਾਰਟੀ ਸੂਤਰਾਂ ਅਨੁਸਾਰ ਨਵ-ਨਿਯੁਕਤ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਹਾਈ ਕਮਾਨ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸੂਬਾ ਪੱਧਰੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਲਈ ਸੂਚੀਆਂ ਨਵੀਂ ਦਿੱਲੀ ਭੇਜ ਦਿੱਤੀਆਂ ਗਈਆਂ ਹਨ। ਪਾਰਟੀ ਦੇ ਕੌਮੀ ਆਗੂਆਂ ਵੱਲੋਂ ਟਕਸਾਲੀਆਂ ਅਤੇ ਦਲ ਬਦਲਣ ਵਾਲਿਆਂ 'ਚ ਸੰਤੁਲਨ ਬਣਾਏ ਜਾਣ ਦੇ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਪਾਰਟੀ ਅੰਦਰ ਚੱਲ ਰਹੀ 'ਠੰਡੀ ਜੰਗ' ਨੂੰ ਸ਼ਾਂਤ ਕੀਤਾ ਜਾ ਸਕੇ। ਪਾਰਟੀ ਆਗੂਆਂ ਅਨੁਸਾਰ ਨਵੇਂ ਜਥੇਬੰਦਕ ਢਾਂਚੇ ਦੇ ਗਠਨ ਦਾ ਐਲਾਨ ਕੁਝ ਦਿਨਾਂ ਤੱਕ ਕੀਤੇ ਜਾਣ ਦੇ ਆਸਾਰ ਹਨ।

ਸੂਤਰਾਂ ਅਨੁਸਾਰ ਅਕਾਲੀ ਪਿਛੋਕੜ ਵਾਲੇ ਇਕ ਆਗੂ ਨੂੰ ਪਾਰਟੀ ਦਾ ਸੂਬਾ

■ ਜਾਖੜ ਨੇ ਸੂਬਾ ਪੱਧਰੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਲਈ ਸੂਚੀਆਂ ਨਵੀਂ ਦਿੱਲੀ ਭੇਜੀਆਂ



ਜਨਰਲ ਸਕੱਤਰ ਨਿਯੁਕਤ ਕਰਨ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ। ਜਾਖੜ ਵੱਲੋਂ ਇਸ ਆਗੂ ਦੀ ਨਿਯੁਕਤੀ ਲਈ ਪੈਰਵੀ ਕੀਤੀ ਜਾ ਰਹੀ ਹੈ ਜਦੋਂ ਕਿ ਟਕਸਾਲੀ ਆਗੂਆਂ ਵੱਲੋਂ ਇਸ ਆਗੂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਬੇਹੱਦ ਕਰੀਬੀ ਰਿਹਾ ਹੋਣ ਦਾ ਦੋਸ਼ ਲਾ ਕੇ ਨਿਯੁਕਤੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਜਥੇਬੰਦਕ ਢਾਂਚੇ ਵਿਚ ਦਲ ਬਦਲਣ ਵਾਲਿਆਂ ਨੂੰ ਥਾਂ ਤਾਂ ਦਿੱਤੀ ਗਈ ਸੀ ਪਰ ਅਕਾਲੀ ਤੇ ਕਾਂਗਰਸੀ ਪਿਛੋਕੜ ਵਾਲਿਆਂ ਦੀ ਪਾਰਟੀ ਦਫ਼ਤਰ ਅਤੇ ਮੀਟਿੰਗ ਵਿਚ ਕੋਈ ਸੱਦ-ਪੁੱਛ ਨਹੀਂ ਸੀ। ਇਸ ਕਰਕੇ ਦਲ-ਬਦਲੂ ਆਗੂ ਭਾਜਪਾ ਵਿਚ ਆਉਣ ਤੋਂ ਬਾਅਦ ਵੀ ਘੁਟਨ ਮਹਿਸੂਸ ਕਰ ਰਹੇ ਸਨ।

ਕਾਂਗਰਸ ਪਿਛੋਕੜ ਵਾਲੇ ਸੁਨੀਲ ਜਾਖੜ ਦੇ ਭਾਜਪਾ ਦਾ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਨਵੇਂ ਭਾਜਪਾਈਆਂ ਦੀ ਪਾਰਟੀ ਅੰਦਰ ਵੁੱਕਤ ਵਧਣ ਲੱਗੀ ਸੀ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਸ਼੍ਰੀ ਜਾਖੜ ਵੱਲੋਂ ਸੰਸਦੀ ਚੋਣਾਂ ਤੱਕ ਪਾਰਟੀ ਦਾ ਜਥੇਬੰਦਕ ਢਾਂਚਾ ਪੂਰੀ ਤਰ੍ਹਾਂ ਮਜ਼ਬੂਤ ਕਰਨ ਲਈ ਹਾਈ ਕਮਾਨ ਤੋਂ ਵੱਖ-ਵੱਖ ਵਿੰਗਾਂ ਖਾਸਕਰ ਯੂਥ ਵਿੰਗ, ਅਨੁਸੂਚਿਤ ਜਾਤੀ ਵਿੰਗ, ਮਹਿਲਾ ਵਿੰਗ ਆਦਿ ਦੇ ਨਵੇਂ ਪ੍ਰਧਾਨ ਨਿਯੁਕਤ ਕਰਨ 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਸੰਸਦੀ ਚੋਣਾਂ 'ਚ ਮਹਿਜ਼ ਅੱਠ ਕੁ ਮਹੀਨਿਆਂ ਦਾ ਸਮਾਂ ਬਾਕੀ ਹੈ ਅਤੇ ਜਾਖੜ ਲਈ ਚੁਣੌਤੀਆਂ ਵਧੇਰੇ ਹਨ। ਪਾਰਟੀ ਅੰਦਰ ਜੋ ਸਥਿਤੀ ਬਣੀ ਹੋਈ ਹੈ, ਉਸ ਮੁਤਾਬਕ ਜਾਖੜ ਦੀ ਨਿਯੁਕਤੀ ਤੋਂ ਬਾਅਦ ਭਗਵਾ ਪਾਰਟੀ ਵਿਚ ਕਤਾਰਬੰਦੀ ਸਪੱਸ਼ਟ ਤੌਰ 'ਤੇ ਦਿਖਾਈ ਦੇਣ ਲੱਗੀ ਹੈ।

## ਕਾਂਗਰਸ ਵਰਕਿੰਗ ਕਮੇਟੀ 'ਚ ਸਿੱਧੂ ਨੂੰ ਜਗ੍ਹਾ ਨਾ ਮਿਲਣ 'ਤੇ ਸਿਆਸੀ ਹਲਕਿਆਂ 'ਚ ਛਿੜੀ ਚਰਚਾ

**ਲੁਧਿਆਣਾ, (ਪੰਜਾਬ ਮੇਲ)-** ਕਾਂਗਰਸ ਵਲੋਂ ਜੋ ਵਰਕਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ, ਉਸ ਵਿਚ ਨਵਜੋਤ ਸਿੱਧੂ ਨੂੰ ਜਗ੍ਹਾ ਨਾ ਮਿਲਣ ਨਾਲ ਚਰਚਾ ਛਿੜ ਗਈ ਹੈ। ਇੱਥੇ ਦੱਸਣਾ ਜ਼ਰੂਰੀ ਹੋਵੇਗਾ ਕਿ ਜੇਲ੍ਹ 'ਚੋਂ ਰਿਹਾਅ ਹੋਣ ਦੇ ਬਾਅਦ ਸਿੱਧੂ ਜਲੰਧਰ ਲੋਕ ਸਭਾ ਚੋਣ ਦੇ ਪ੍ਰਚਾਰ ਵਿਚ ਹਿੱਸਾ ਲੈਣ ਦੇ ਇਲਾਵਾ ਕਾਂਗਰਸ ਦੇ ਕੁਝ ਪ੍ਰੋਗਰਾਮਾਂ ਦੌਰਾਨ ਨਜ਼ਰ ਆਏ, ਜਦਕਿ ਉਹ ਜ਼ਿਆਦਾ ਸਮਾਂ ਆਪਣੇ ਪਰਿਵਾਰ ਨੂੰ ਦੇ ਰਹੇ ਹਨ। ਜਾਣਕਾਰੀ ਮੁਤਾਬਕ ਅੰਦਰਖਾਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਨਗਰ ਨਿਗਮ ਅਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿੱਧੂ ਨੂੰ ਪੰਜਾਬ ਕਾਂਗਰਸ ਪ੍ਰਧਾਨ ਬਣਾਉਣ ਜਾਂ ਪਾਰਟੀ ਵਿਚ ਕੋਈ ਵੱਡੀ ਜ਼ਿੰਮੇਵਾਰੀ ਦੇਣ ਲਈ ਲਾਬਿੰਗ ਕੀਤੀ ਜਾ ਰਹੀ ਹੈ ਪਰ ਇਸ ਦੇ ਉਲਟ ਨਾ ਤਾਂ ਹੁਣ ਤੱਕ ਰਾਜਾ ਵੜਿੰਗ ਗਿਆ ਅਤੇ ਨਾ ਹੀ ਸਿੱਧੂ ਨੂੰ ਪਾਰਟੀ ਵਿਚ ਅਡਜਸਟ ਕੀਤਾ ਗਿਆ। ਇਸ ਦੌਰਾਨ ਕਾਂਗਰਸ ਵਰਕਿੰਗ ਕਮੇਟੀ ਵਿਚ ਸਿੱਧੂ ਨੂੰ ਜਗ੍ਹਾ ਨਾ ਮਿਲਣ ਨਾਲ ਉਨ੍ਹਾਂ ਦੇ ਸਮਰਥਕਾਂ ਵਲੋਂ ਵੱਡੀ ਬਗਾਵਤ ਕਰਨ ਦੀ ਚਰਚਾ ਇਕ ਵਾਰ ਫਿਰ ਤੇਜ਼ ਹੋ ਗਈ ਹੈ।

# ਬਹਿਬਲ ਗੋਲੀ ਕਾਂਡ: ਚਲਾਨ ਪੇਸ਼ ਨਾ ਕਰਨ 'ਤੇ ਪੀੜਤਾਂ ਵੱਲੋਂ ਮੁੜ ਇਕੱਠ ਕਰਨ ਦੀ ਚਿਤਾਵਨੀ

**ਫ਼ਰੀਦਕੋਟ, (ਪੰਜਾਬ ਮੇਲ)-** ਬਹਿਬਲ ਗੋਲੀ ਕਾਂਡ ਦੇ ਪੀੜਤਾਂ ਨੇ ਇੱਥੇ ਦੋਸ਼ ਲਾਇਆ ਕਿ ਸਾਬਕਾ ਜਾਂਚ ਅਧਿਕਾਰੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪ੍ਰਭਾਵਸ਼ਾਲੀ ਮੁਲਜ਼ਮਾਂ ਖ਼ਿਲਾਫ਼ ਜਾਣਬੁੱਝ ਕੇ ਅਦਾਲਤ 'ਚ ਚਲਾਨ ਪੇਸ਼ ਨਹੀਂ ਕੀਤਾ। ਬਹਿਬਲ ਗੋਲੀ ਕਾਂਡ ਦੇ ਪੀੜਤ ਮਹਿੰਦਰ ਸਿੰਘ ਅਤੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਜਾਂਚ ਅਧਿਕਾਰੀ 'ਤੇ ਗਵਾਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਲਿਖਣ ਦੇ



ਦੋਸ਼ਾਂ ਤਹਿਤ ਇਥੇ ਮੈਜਿਸਟਰੇਟ ਦੀ ਅਦਾਲਤ 'ਚ ਅਰਜ਼ੀ ਦਿੱਤੀ ਹੋਈ ਹੈ। ਇਸ ਅਰਜ਼ੀ 'ਤੇ ਪੀੜਤ ਧਿਰ, ਸਰਕਾਰੀ ਅਤੇ ਜਾਂਚ ਅਧਿਕਾਰੀ ਦੀ ਬਹਿਸ ਹੋਈ। ਇਸ ਮਾਮਲੇ ਦੀ ਅਗਲੀ ਸੁਣਵਾਈ 23 ਅਗਸਤ ਨੂੰ ਕਰੇਗੀ। ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਵਲੋਂ ਸਹੀ ਪੜਤਾਲ ਨਹੀਂ ਕੀਤੀ ਗਈ ਕਿਉਂਕਿ ਕੁਝ ਅਜਿਹੇ ਵਿਅਕਤੀਆਂ ਦੇ ਬਿਆਨ ਲਿਖੇ ਗਏ ਹਨ, ਜੋ ਘਟਨਾ ਸਮੇਂ ਹਾਜ਼ਰ ਨਹੀਂ ਸਨ ਅਤੇ ਕੁਝ ਗਵਾਹਾਂ ਨੂੰ ਜਾਤੀ ਰੰਜ਼ਿਸ਼ ਤਹਿਤ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ। ਪੀੜਤਾਂ ਨੇ ਸਵਾਲ ਕੀਤਾ ਕਿ ਜੇਕਰ ਜਾਂਚ ਅਧਿਕਾਰੀ ਕੋਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਪੁਖਤਾ ਸਬੂਤ ਸਨ ਤੇ ਅਦਾਲਤ 'ਚ ਚਲਾਨ ਕਿਉਂ ਨਹੀਂ ਪੇਸ਼ ਕੀਤਾ ਗਿਆ। ਪੀੜਤ ਧਿਰ ਨੇ ਐਲਾਨ ਕੀਤਾ ਕਿ ਜੇਕਰ ਬਹਿਬਲ ਗੋਲੀ ਕਾਂਡ ਦਾ ਅੰਤਿਮ ਚਲਾਨ ਜਲਦ ਪੇਸ਼ ਨਾ ਕੀਤਾ ਗਿਆ, ਤਾਂ ਉਹ ਪਿੰਡ ਬਹਿਬਲ ਕਲਾਂ ਵਿਚ ਮੁੜ ਵੱਡਾ ਇਕੱਠ ਰੱਖਣਗੇ। ਹਾਲਾਂਕਿ ਕੁੰਵਰ ਵਿਜੈ ਪ੍ਰਤਾਪ ਇਨ੍ਹਾਂ ਦੋਸ਼ਾਂ ਨੂੰ ਪਹਿਲਾਂ ਹੀ ਨਕਾਰ ਚੁੱਕੇ ਹਨ।

# ਪੰਜਾਬ 'ਚ ਰਸੂਖਵਾਨ ਬਣੇ ਸੂਰਜੀ ਊਰਜਾ ਦੇ ਸੌਦਾਗਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਰਸੂਖਵਾਨ ਵੀ ਸੂਰਜੀ ਊਰਜਾ ਦੇ ਕਾਰੋਬਾਰ 'ਚ ਉੱਤਰੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਅਕਾਲੀ-ਭਾਜਪਾ ਗੱਠਜੋੜ ਸਮੇਂ ਸੂਰਜੀ ਊਰਜਾ ਦੇ ਮਹਿੰਗੇ ਹੋਏ ਬਿਜਲੀ ਸਮਝੌਤਿਆਂ 'ਤੇ ਉਂਗਲ ਧਰੀ ਹੈ। ਬਹੁਤੇ ਸਿਆਸਤਦਾਨ ਅਤੇ ਉੱਚ ਅਫ਼ਸਰਾਂ ਨੇ ਸਿੱਧੇ-ਅਸਿੱਧੇ ਤਰੀਕੇ ਨਾਲ ਸੂਰਜੀ ਊਰਜਾ ਦੇ ਕਾਰੋਬਾਰ ਵਿਚ ਪੈਰ ਰੱਖਿਆ ਹੈ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੀ ਆਖ ਚੁੱਕੇ ਹਨ ਕਿ ਸੂਰਜੀ ਊਰਜਾ 'ਚ ਸਿਰਫ਼ ਡੇਢ ਦਰਜਨ ਬਿਜਲੀ ਸਮਝੌਤੇ ਹੀ ਜਾਇਜ਼ ਹਨ। ਵੇਰਵਿਆਂ ਅਨੁਸਾਰ ਪੰਜਾਬ 'ਚ ਹੁਣ ਤੱਕ ਸੂਰਜੀ ਊਰਜਾ ਦੇ ਕੁੱਲ 102 ਬਿਜਲੀ ਸਮਝੌਤੇ ਹੋਏ ਹਨ।

ਇਨ੍ਹਾਂ ਵਿਚੋਂ ਅਕਾਲੀ-ਭਾਜਪਾ ਗਠਜੋੜ ਸਮੇਂ ਅਪ੍ਰੈਲ 2007 ਤੋਂ ਮਾਰਚ 2017 ਤੱਕ ਕੁੱਲ 91 ਸੋਲਰ ਪਾਵਰ ਪ੍ਰਾਜੈਕਟਾਂ ਦੇ ਬਿਜਲੀ ਸਮਝੌਤੇ ਹੋਏ ਸਨ, ਜਿਨ੍ਹਾਂ ਦੀ ਔਸਤ 4.73 ਰੁਪਏ ਤੋਂ 8.74 ਰੁਪਏ ਪ੍ਰਤੀ ਯੂਨਿਟ ਬਿਜਲੀ ਖ਼ਰੀਦ ਦਰ ਬਣਦੀ ਸੀ। ਕਾਂਗਰਸੀ ਰਾਜ ਦੌਰਾਨ ਅਪ੍ਰੈਲ 2017 ਤੋਂ ਮਾਰਚ 2022 ਤੱਕ ਸੂਰਜੀ ਊਰਜਾ ਦੇ ਦੋ ਬਿਜਲੀ ਸਮਝੌਤੇ ਹੋਏ ਸਨ, ਜਿਨ੍ਹਾਂ ਦੀ ਬਿਜਲੀ ਖ਼ਰੀਦ ਦਰ ਦੀ ਔਸਤ 2.63 ਰੁਪਏ ਤੋਂ 2.76 ਰੁਪਏ ਪ੍ਰਤੀ ਯੂਨਿਟ ਬਣਦੀ ਸੀ। ਮੌਜੂਦਾ 'ਆਪ' ਸਰਕਾਰ ਦੌਰਾਨ ਅਪ੍ਰੈਲ 2022 ਤੋਂ ਹੁਣ ਤੱਕ ਸੂਰਜੀ ਊਰਜਾ ਦੇ ਅੱਠ ਬਿਜਲੀ ਸਮਝੌਤੇ ਹੋਏ ਹਨ, ਜਿਨ੍ਹਾਂ ਦੀ ਔਸਤ ਬਿਜਲੀ ਖ਼ਰੀਦ ਦਰ 2.33 ਰੁਪਏ ਪ੍ਰਤੀ ਯੂਨਿਟ ਤੋਂ 2.75 ਰੁਪਏ ਪ੍ਰਤੀ ਯੂਨਿਟ ਬਣਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਹੈ ਕਿ ਹਾਲ ਹੀ ਵਿਚ ਜੋ 1200 ਮੈਗਾਵਾਟ ਦੇ ਸੂਰਜੀ ਊਰਜਾ ਦੇ ਸਮਝੌਤੇ ਹੋਏ ਹਨ, ਉਨ੍ਹਾਂ ਦੀ ਬਿਜਲੀ ਖ਼ਰੀਦ ਦਰ 2.53 ਰੁਪਏ ਪ੍ਰਤੀ ਯੂਨਿਟ ਅਤੇ 2.75 ਰੁਪਏ ਪ੍ਰਤੀ ਯੂਨਿਟ ਬਣਦੀ ਹੈ। ਜ਼ਿਕਰਯੋਗ ਹੈ ਕਿ 2012 ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਵੇਲੇ ਇਹ ਨੀਤੀ ਲਿਆਂਦੀ ਗਈ ਸੀ।

# ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ ਨਹੀਂ ਮਿਲੀ ਵਿਸ਼ੇਸ਼ ਗਰਾਂਟ

**ਮਾਨਸਾ, (ਪੰਜਾਬ ਮੇਲ)-** ਪੰਜਾਬ ਵਿਚ ਹਰ ਮੁੱਖ ਮੰਤਰੀ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ ਲੱਖਾਂ ਰੁਪਏ ਦੇਣ ਦਾ ਦਾਅਵਾ ਕਰਦੇ ਆ ਰਹੇ ਹਨ ਪਰ ਦਿਲਚਸਪ ਗੱਲ ਇਹ ਹੈ ਕਿ ਮਾਲਵਾ ਖੇਤਰ ਵਿਚ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ ਅਕਾਲੀਆਂ ਦੇ 10 ਸਾਲਾਂ ਦੇ ਰਾਜ ਦੌਰਾਨ ਅਤੇ ਕਾਂਗਰਸ ਦੇ ਪਿਛਲੇ 5 ਸਾਲਾਂ ਦੌਰਾਨ ਕੋਈ ਵੀ ਪੈਸਾ ਨਹੀਂ ਮਿਲਿਆ ਹੈ। ਸਰਬਸੰਮਤੀ ਨਾਲ ਚੁਣੀਆਂ ਗਈਆਂ ਇਹ ਪੰਚਾਇਤਾਂ ਪਿਛਲੇ 15 ਸਾਲਾਂ ਤੋਂ ਅਜਿਹੀਆਂ ਗਰਾਂਟਾਂ ਲੈਣ ਲਈ ਸਰਕਾਰੇ-ਦਰਬਾਰੇ ਯਤਨ ਕਰਦੀਆਂ ਆ ਰਹੀਆਂ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸਾਲ 15 ਅਗਸਤ ਨੂੰ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ ਪੰਜ-ਪੰਜ ਲੱਖ ਰੁਪਏ ਦੇਣ ਦਾ ਦਾਅਵਾ ਕੀਤਾ ਹੈ ਪਰ ਦੇਖਣਾ ਬਣਦਾ ਹੈ ਕਿ ਕੀ ਮੁੱਖ ਮੰਤਰੀ ਦਾ ਇਹ ਦਾਅਵਾ ਅਮਲ ਵਿਚ ਆਉਂਦਾ ਹੈ। ਜ਼ਿਲ੍ਹੇ ਮਾਨਸਾ ਵਿਚ 30 ਦਸੰਬਰ 2018 ਨੂੰ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਸਰਬਸੰਮਤੀ ਨਾਲ ਬਣਨ ਵਾਲੀਆਂ ਪੰਚਾਇਤਾਂ ਦੀ ਗਿਣਤੀ ਉਸ ਤੋਂ ਪਿਛਲੀ ਅਕਾਲੀ ਸਰਕਾਰ ਨਾਲੋਂ ਵਧ ਕੇ 23 ਤੋਂ 32 ਹੋ ਗਈ ਸੀ ਪਰ ਇਨ੍ਹਾਂ ਸਾਰੀਆਂ ਪੰਚਾਇਤਾਂ ਨੂੰ ਸਰਬਸੰਮਤੀ ਨਾਲ ਚੁਣੇ ਜਾਣ ਤੋਂ ਬਾਅਦ ਵੀ ਕੋਈ ਪੈਸਾ ਨਹੀਂ ਮਿਲਿਆ। ਮਾਨਸਾ ਦੇ ਕਾਂਗਰਸੀ ਅਤੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਨੇ ਕਿਹਾ ਕਿ ਉਹ ਵਾਰ-ਵਾਰ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਦੇ ਕੇਸ ਉਪਰ ਭੇਜਦੇ ਰਹੇ ਹਨ ਪਰ ਕੋਈ ਗਰਾਂਟ ਨਹੀਂ ਦਿੱਤੀ ਗਈ। 2007 ਵਿਚ ਅਕਾਲੀ ਸਰਕਾਰ ਬਣਨ ਤੋਂ ਬਾਅਦ ਜਦੋਂ ਪੰਚਾਇਤੀ ਚੋਣਾਂ ਹੋਈਆਂ ਸਨ, ਉਦੋਂ ਇਸ ਜ਼ਿਲ੍ਹੇ ਦੇ 50 ਪਿੰਡਾਂ ਵਿਚ ਸਰਬਸੰਮਤੀ ਹੋਈ ਸੀ ਅਤੇ ਉਦੋਂ ਹੁਣ ਵਾਂਗ ਸਰਕਾਰ ਵੱਲੋਂ ਬਿਨਾਂ ਵੋਟਾਂ ਤੋਂ ਪੰਚਾਇਤ ਚੁਣੀ ਜਾਣ ਲਈ ਢਾਈ ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਣ ਦਾ ਦਾਅਵਾ ਕੀਤਾ ਗਿਆ ਸੀ ਪਰ ਉਸ ਵੇਲੇ ਵੀ ਕੋਈ ਪੈਸਾ ਨਹੀਂ ਦਿੱਤਾ ਗਿਆ। ਉਸ ਵੇਲੇ ਦੇ ਅਕਾਲੀ ਆਗੂ ਅਤੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਵਾਰ-ਵਾਰ ਸਰਬਸੰਮਤੀ ਵਾਲੀਆਂ ਪੰਚਾਇਤਾਂ ਨੂੰ ਗਰਾਂਟ ਦਿਵਾਉਣ ਲਈ ਹਰਸਿਮਰਤ ਕੌਰ ਬਾਦਲ ਅਤੇ ਪੰਚਾਇਤ ਮੰਤਰੀ ਨੂੰ ਮਿਲਦੇ ਰਹੇ ਪਰ ਕੋਈ ਨਤੀਜਾ ਨਾ ਨਿਕਲਿਆ।


ਜੇ ਤੁਹਾਡੇ ਵੀ ਘਰ ਵਿਚ ਕਲੇਸ਼ ਰਹਿੰਦਾ ਹੈ, ਕਾਰੋਬਾਰ ਚੱਲ ਨਹੀਂ ਪਾ ਰਿਹਾ, ਨੌਕਰੀ ਦੀ ਤਲਾਸ਼ ਵਿਚ ਹੋ
ਹੁਣੇ ਸੰਪਰਕ ਕਰੋ
ਪੰਡਿਤ ਵਿਜੇ ਸ਼ਾਸਤਰੀ ਜੀ
- ਬੱਚੇ ਤੁਹਾਡੇ ਕਹਿਣੇ ਵਿਚੋਂ ਬਾਹਰ ਹਨ
- ਸਿਹਤ ਚੰਗੀ ਨਹੀਂ ਰਹਿੰਦੀ
- ਅਦਾਲਤੀ ਮਾਮਲਾ
- ਵਿਦੇਸ਼ ਯਾਤਰਾ ਜਾਂ ਵੀਜ਼ਾ ਨਾ ਲੱਗਣਾ
- ਭਾਵੇਂ ਸੌਤਨ ਤੋਂ ਛੁਟਕਾਰਾ ਪਾਣਾ ਹੋਵੇ

ਪੰਡਿਤ ਵਿਜੇ ਸ਼ਾਸਤਰੀ ਜੀ ਕਰ ਸਕਦੇ ਨੇ ਤੁਹਾਡੀ ਹਰ ਸਮੱਸਿਆ ਦਾ ਹੱਲ....
ਹੁਣੇ ਸੰਪਰਕ ਕਰੋ
718-508-2517, 516-304-8285, 718-554-7838
ਵਟਸਐਪ ਨੰਬਰ : 929-260-9510, 516-304-8285

# ਅਮਰੀਕਾ ਦੇ ਸ਼ਾਰਲਟ ਵਿਖੇ ਕਰਵਾਇਆ ਗਿਆ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ 2023



**ਸ਼ਾਰਲਟ (ਨੌਰਥ ਕੈਰੋਲਾਈਨਾ), (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)**- ਸਿੱਖ ਯੂਥ ਅਲਾਇੰਸ ਆਫ਼ ਨੌਰਥ ਅਮਰੀਕਾ (ਸਿਆਨਾ) ਵਲੋਂ ਸਾਲਾਨਾ ਤਿੰਨ ਰੋਜ਼ਾ ਸਾਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਮੁਕਾਬਲੇ ਨੌਰਥ ਕੈਰੋਲਾਈਨਾ ਦੇ ਸ਼ਹਿਰ ਸ਼ਾਰਲਟ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਸਾਹਿਬ ਸ਼ਾਰਲਟ ਵਿਖੇ ਹੋਏ ਪ੍ਰੋਗਰਾਮਾਂ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 60 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਪਹਿਲੇ ਦਿਨ ਗਰੁੱਪ ਇੱਕ ਤੋਂ ਤਿੰਨ ਤੱਕ ਦੇ ਫਾਈਨਲ ਵਿਚ ਪਹੁੰਚੇ ਬੱਚਿਆਂ ਦੇ ਭਾਸ਼ਨ ਹੋਏ। ਦੂਜੇ ਦਿਨ, ਚੌਥੇ ਗਰੁੱਪ ਦੇ ਭਾਸ਼ਣ ਉਪਰੰਤ ਪੰਜਵੇਂ ਗਰੁੱਪ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ 9 ਨੌਜਵਾਨ ਮੁੰਡੇ ਅਤੇ ਕੁੜੀਆਂ ਨੇ "ਸਿੱਖ ਜੀਵਨ ਜਾਚ/ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ" ਸੰਬੰਧੀ ਡਿਬੇਟ ਵਿਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਹ ਡਿਬੇਟ ਲਗਭਗ ਤਿੰਨ ਘੰਟੇ ਤੱਕ ਚੱਲੀ ਅਤੇ ਇਸ ਵਿਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਲ ਸਨ। ਡਿਬੇਟ ਦੇ ਸੰਚਾਲਕ ਨਿਊਯਾਰਕ ਤੋਂ ਡਾ. ਸਤਪਾਲ ਸਿੰਘ ਸਨ, ਜਿਨ੍ਹਾਂ ਨੇ ਵਿਚਾਰ-ਵਟਾਂਦਰੇ ਨੂੰ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਿਆ।

ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੂਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ 'ਚ ਪਹਿਲੇ ਗਰੁੱਪ ਵਿਚ ਮਿਸੀਸਾਗਾ ਤੋਂ ਕੇਸਰ ਸਿੰਘ, ਦੂਜੇ 'ਚ ਨਿਊਜਰਸੀ ਤੋਂ ਪਾਹੁਲ ਕੌਰ, ਤੀਜੇ ਵਿਚ ਟੈਕਸਾਸ ਤੋਂ ਤੇਜਸ ਸਿੰਘ, ਚੌਥੇ ਵਿਚ ਸਾਂਝਾ ਪਹਿਲਾ ਸਥਾਨ ਸਿਆਟਲ ਤੋਂ ਅਮਾਨਤ ਕੌਰ ਤੇ ਮਿਸੀਸਾਗਾ ਤੋਂ ਜਸਲੀਨ ਕੌਰ ਅਤੇ ਪੰਜਵੇਂ ਗਰੁੱਪ ਵਿਚ ਹੈਮਿਲਟਨ ਤੋਂ ਸਹਿਜ ਸਿੰਘ ਪਹਿਲੇ ਸਥਾਨ 'ਤੇ ਰਹੇ। ਭਾਸ਼ਨ ਪ੍ਰਤੀਯੋਗਤਾ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ "ਡਿਸਟਿੰਗਯੂਟਿਸ਼ਡ ਸਪੀਕਰ ਅਵਾਰਡ" ਦਿੱਤਾ ਗਿਆ।

ਸਿਆਨਾ ਸੰਸਥਾ ਦੇ ਕਨਵੀਨਰ ਸ. ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ, ਗੁਰਬਾਣੀ, ਧਰਮ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਨ੍ਹਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲੱਗਦਾ ਹੈ। ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਸਮਾਗਮ ਵਿਚ ਭਾਗ ਲੈਂਦੇ ਹੋਏ ਆਪਣੇ ਵਲੋਂ ਵਧੀਆ ਤੋਂ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਪ੍ਰਤੀਯੋਗਤਾ ਵਿਚ ਭਾਗ ਲੈ ਰਹੇ ਹਨ। ਹਰ ਉਮਰ ਦੇ ਸੇਵਾਦਾਰਾਂ ਦੁਆਰਾ ਤਨ, ਮਨ ਤੇ ਧਨ ਨਾਲ ਲੰਗਰ ਤੇ ਹੋਰ ਸੇਵਾਵਾਂ ਕੀਤੀਆਂ ਗਈਆਂ। ਉਨ੍ਹਾਂ ਸਮਾਗਮ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਸਾਰੇ ਵਲੰਟੀਅਰਾਂ, ਬੱਚਿਆਂ, ਸੰਗਤ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ।

# ਨਵੇਂ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਰੋਜ਼ਬਰਗ ਸ਼ਹਿਰ ਓਰੇਗਨ ਦੇ ਨਿਸ਼ਾਨ ਸਾਹਿਬ ਦੀ ਸੇਵਾ ਹੋਈ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਨਵੇਂ ਉਸਾਰੀ ਅਧੀਨ ਚੱਲ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸਾਹਿਬ ਗਰੀਨ ਡਿਸਟ੍ਰਿਕ ਰੋਜ਼ਬਰਗ ਸ਼ਹਿਰ ਓਰੇਗਨ ਵਿਖੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵਲੋਂ ਪਹਿਲੇ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਚੜਾਉਣ ਦੀ ਰਸਮ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਸਮੂਹ ਸੰਗਤਾਂ ਨੇ ਕੀਰਤਨ ਦਾ ਵੀ ਅਨੰਦ ਮਾਣਿਆ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹਰਵਿੰਦਰ ਸਿੰਘ ਨੇ ਸਮੂਹ ਸੰਗਤਾਂ ਨੂੰ ਗੁਰੂ ਵਾਲੇ ਬਣਨ ਅਤੇ ਅੰਮ੍ਰਿਤਧਾਰੀ ਸਿੰਘ ਸਜਣ ਲਈ ਕਿਹਾ। ਉਨ੍ਹਾਂ ਨੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਗੁਰਦੁਆਰਾ ਸਾਹਿਬ ਲਿਆਉਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਕਮੇਟੀ ਮੈਂਬਰ ਮਨਜੀਤ ਸਿੰਘ ਸੰਧੂ ਹੀਉਂ, ਗੁਰਦਿਆਲ ਸਿੰਘ ਮੱਲੀ ਅੱਟਾ, ਸੁਖਵਿੰਦਰ ਸਿੰਘ ਮੋਰਾਂਵਾਲੀ, ਰਵਿੰਦਰ ਸਿੰਘ ਲੱਕੀ ਦਿੱਲੀ, ਗੁਰਜੀਤ ਸਿੰਘ ਮੋਰਾਂਵਾਲੀ, ਹਰਜੀਤ ਸਿੰਘ ਵੱਡਾ ਘਰ, ਰਾਜਿੰਦਰ ਸਿੰਘ, ਪਰਮਜੀਤ ਕੌਰ ਸੰਧੂ ਹੀਉਂ ਹਾਜ਼ਰ ਸਨ। ਮੈਂਬਰਾਂ ਤੋਂ ਇਲਾਵਾ ਕਿਰਪਾਲ ਸਿੰਘ ਝੱਲੀ ਹੀਉਂ, ਜਸਕਰਨ ਸਿੰਘ ਸੰਧੂ, ਬਲਕਰਨ ਸਿੰਘ ਸੰਧੂ, ਜਗਜੀਤ ਸਿੰਘ ਮੋਰਾਂਵਾਲੀ, ਰਣਜੀਤ ਸਿੰਘ ਸ਼੍ਰੀਗੰਗਾਨਗਰ, ਹਰਵਿੰਦਰ ਸਿੰਘ ਮਾਹਿਲ ਗਹਿਲਾ, ਜੋਗਿੰਦਰ ਸਿੰਘ ਜੌਹਲ, ਰਾਜਿੰਦਰ ਮੋਰਾਂਵਾਲੀ, ਰਾਜਿੰਦਰ ਕੁਲਾਰ ਸੰਸਾਰਪੁਰ ਅਤੇ ਸਮੂਹ ਸੰਗਤਾਂ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਡਾਂਗਮਾਰ ਮਾਮਲੇ 'ਚ ਸਿੱਕਮ ਸਰਕਾਰ ਦੀ ਢਿੱਲੀ ਕਾਰਵਾਈ 'ਤੇ ਇਤਰਾਜ਼

**ਅੰਮ੍ਰਿਤਸਰ, (ਪੰਜਾਬ ਮੇਲ)**- ਸਿੱਕਮ ਹਾਈ ਕੋਰਟ ਵਿਚ ਚੱਲ ਰਹੇ ਗੁਰਦੁਆਰਾ ਗੁਰੂ ਡਾਂਗਮਾਰ ਦੇ ਕੇਸ ਵਿਚ ਸਿੱਕਮ ਸਰਕਾਰ ਵੱਲੋਂ ਕੀਤੀ ਜਾ ਰਹੀ ਢਿੱਲੀ ਕਾਰਵਾਈ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਜਤਾਇਆ ਹੈ। ਇਹ ਗੁਰਦੁਆਰਾ ਗੁਰੂ ਨਾਨਕ ਦੇਵ ਨਾਲ ਸਬੰਧਤ ਹੈ। ਅਦਾਲਤ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ ਪਹਿਲੀ ਸਤੰਬਰ ਨੂੰ ਰੱਖੀ ਗਈ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਬਾਰੇ ਬਣੀ ਸਬ-ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਸ਼੍ਰੋਮਣੀ ਕਮੇਟੀ ਵੱਲੋਂ ਸੀਨੀਅਰ ਐਡਵੋਕੇਟ ਏਪੀਐੱਸ ਆਹਲੂਵਾਲੀਆ ਤੇ ਵਕੀਲ ਨਵੀਨ ਬਾਰਿਕ ਨਾਲ ਅਦਾਲਤ ਵਿਚ ਪੇਸ਼ ਹੋਏ ਸਨ। ਐਡਵੋਕੇਟ ਸਿਆਲਕਾ ਨੇ ਦੱਸਿਆ ਕਿ ਸਿੱਕਮ ਹਾਈ ਕੋਰਟ ਵੱਲੋਂ 27 ਅਪ੍ਰੈਲ ਨੂੰ ਇਹ ਮਾਮਲਾ ਅਦਾਲਤ ਦੇ ਬਾਹਰ ਹੱਲ ਕਰਨ ਲਈ ਕਿਹਾ ਗਿਆ ਸੀ, ਜਿਸ ਮਗਰੋਂ ਸਥਾਨਕ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਸ ਮਾਮਲੇ ਵਿਚ ਬਣਦੀ ਕਾਰਵਾਈ ਕਰਦੀ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਦੋਵੇਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮਾਮਲਾ ਸੁਲਝਾਉਣ ਇੱਛਾ ਬਾਰੇ ਦੱਸਿਆ ਸੀ। ਇਸ ਮਗਰੋਂ ਅਦਾਲਤ ਨੇ 18 ਅਗਸਤ ਨੂੰ ਅਗਲੀ ਸੁਣਵਾਈ ਕਰਨੀ ਸੀ। ਆਪਸੀ ਸਹਿਮਤੀ ਲਈ ਵਕੀਲ ਨਵੀਨ ਬਾਰਿਕ ਨੇ ਦੋ ਵਾਰ ਸਿੱਕਮ ਸਰਕਾਰ ਦੇ ਐਡਵੋਕੇਟ ਜਨਰਲ ਨੂੰ ਪੱਤਰ ਭੇਜੇ ਪਰ ਉਨ੍ਹਾਂ ਵੱਲੋਂ ਕੋਈ ਜਵਾਬੀ ਕਾਰਵਾਈ ਨਹੀਂ ਕੀਤੀ ਗਈ। ਅਦਾਲਤ ਵਿਚ ਸੁਣਵਾਈ ਦੌਰਾਨ ਐਡਵੋਕੇਟ ਆਹਲੂਵਾਲੀਆ ਤੇ ਨਵੀਨ ਬਾਰਿਕ ਨੇ ਇਤਿਹਾਸਕ ਗੁਰਧਾਮ ਨਾਲ ਸਬੰਧਤ ਦਸਤਾਵੇਜ਼ ਪੇਸ਼ ਕੀਤੇ ਤੇ ਇਤਿਹਾਸ ਦੇ ਹਵਾਲਿਆਂ ਰਾਹੀਂ ਇਸ ਦੀ ਪ੍ਰਮਾਣਿਕਤਾ ਨੂੰ ਦਰਜ ਕੀਤਾ।


Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕਾ ਨੇ ਇਕ ਦਿਨ ’ਚ ਡਿਪੋਰਟ ਕੀਤੇ 21 ਭਾਰਤੀ ਵਿਦਿਆਰਥੀ

**ਸਾਨ ਫਰਾਂਸਿਕੋ, (ਪੰਜਾਬ ਮੇਲ)-** ਅਮਰੀਕਾ ਤੋਂ ਇੱਕ ਦਿਨ ਵਿਚ 21 ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਮਤਲਬ ਦੇਸ਼ ਵਾਪਸ ਭੇਜ ਦਿੱਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਰਿਪੋਰਟਾਂ ਅਨੁਸਾਰ ਇਹਨਾਂ ਵਿਦਿਆਰਥੀਆਂ ਵਿਚੋਂ ਇਕ ਦਰਜਨ ਤੇਲਗੂ ਵਿਦਿਆਰਥੀ ਹਨ, ਜੋ ਇਸ ਹਫ਼ਤੇ ਮਾਸਟਰ ਕੋਰਸ ਲਈ ਅਮਰੀਕਾ ਪਹੁੰਚੇ ਸਨ। ਤੇਲਗੂ ਰਾਜਾਂ ਦੇ ਵਿਦਿਆਰਥੀਆਂ ਵਿੱਚੋਂ ਕੁਝ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਵੀਜ਼ਾ ਦੀਆਂ ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਕੀਤੀਆਂ ਸਨ ਅਤੇ ਫਿਰ ਉਹ ਉੱਚ ਸਿੱਖਿਆ ਲਈ ਆਪਣੇ ਕਾਲਜਾਂ ਵਿਚ ਪੜ੍ਹਨ ਲਈ ਅਮਰੀਕਾ ਪਹੁੰਚੇ ਸਨ। ਉੱਧਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਨ ਤੋਂ



ਬਾਅਦ ਉਨ੍ਹਾਂ ਨੂੰ ਕੁਝ ਸਮੇਂ ਲਈ ਹਿਰਾਸਤ ’ਚ ਰੱਖ ਕੇ ਵਾਪਸ ਭੇਜ ਦਿੱਤਾ। ਇਨ੍ਹਾਂ ’ਚੋਂ ਜ਼ਿਆਦਾਤਰ ਅਟਲਾਂਟਾ, ਸ਼ਿਕਾਗੋ ਅਤੇ ਸਾਨ ਫਰਾਂਸਿਸਕੋ ਹਵਾਈ ਅੱਡਿਆਂ ’ਤੇ ਉਤਰੇ ਸਨ। ਮੀਡੀਆ ਰਿਪੋਰਟ ਮੁਤਾਬਕ ਇਹ ਕਾਰਵਾਈ 16 ਅਗਸਤ ਨੂੰ ਕੀਤੀ ਗਈ। ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਬਾਰੇ ਲੋੜੀਂਦੀ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਨੂੰ ਵਾਪਸ ਕਿਉਂ ਭੇਜਿਆ ਗਿਆ ਅਤੇ ਇਹ ਮੰਨਿਆ ਗਿਆ ਕਿ ਇਸ ਦਾ ਉਨ੍ਹਾਂ ਦੇ ਵੀਜ਼ਾ ਦਸਤਾਵੇਜ਼ਾਂ ਨਾਲ ਕੋਈ ਸਬੰਧ ਹੈ। ਕੁਝ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਦੇ ਫੋਨ ਅਤੇ ਇੱਥੋਂ ਤੱਕ ਕਿ ਵਟਸਐਪ ਚੈਟ ਵੀ ਚੈੱਕ ਕੀਤੇ ਗਏ।

ਦੱਸਿਆ ਜਾ ਰਿਹਾ ਹੈ ਕਿ ਵਿਦਿਆਰਥੀਆਂ ਤੋਂ ਉਨ੍ਹਾਂ ਦੀ ਸਿੱਖਿਆ, ਵੀਜ਼ਾ ਇੰਟਰਵਿਊ, ਸਲਾਹਕਾਰਾਂ ਤੋਂ ਦਾਖਲਾ ਮਦਦ ਬਾਰੇ ਪੁੱਛਗਿੱਛ ਕੀਤੀ ਗਈ ਅਤੇ ਅਗਲੇ ਦਿਨ ਏਅਰ ਇੰਡੀਆ ਦੀ ਉਡਾਣ ’ਤੇ ਦਿੱਲੀ ਲਈ ਬਿਠਾਏ ਜਾਣ ਤੱਕ ਹਿਰਾਸਤ ਵਿਚ ਰੱਖਿਆ ਗਿਆ। ਡਿਪੋਰਟ ਕੀਤੇ ਗਏ ਕਈ ਵਿਦਿਆਰਥੀ, ਦਸਤਾਵੇਜ਼ਾਂ ਦੀ ਘਾਟ ਅਤੇ ਬਕਾਇਆ ਅਧਿਕਾਰਤ ਪ੍ਰਕਿਰਿਆ ਕਾਰਨ ਕਥਿਤ ਤੌਰ ’ਤੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ, ਦਿੱਲੀ ’ਤੇ ਫਸੇ ਹੋਏ ਹਨ। ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਆਈ.ਸੀ.ਈ. ਅਧਿਕਾਰੀਆਂ ਦਾ ਰਵੱਈਆ ਮਨਮਾਨੀ ਸੀ ਅਤੇ ਦੂਤਘਰ ਅਤੇ ਯੂਨੀਵਰਸਿਟੀ ਤੋਂ ਸਾਰੇ ਲੋੜੀਂਦੇ ਦਸਤਾਵੇਜ਼ਾਂ ਹੋਣ ਦੇ ਬਾਵਜੂਦ ਉਹ ਜਵਾਬਦੇਹ ਨਹੀਂ ਸਨ।

ਹੋਰਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਾਂਤੀ ਨਾਲ ਚਲੇ ਜਾਣ ਲਈ ਕਿਹਾ ਗਿਆ ਸੀ ਅਤੇ ਇਤਰਾਜ਼ ਕਰਨ ’ਤੇ ਗੰਭੀਰ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ ਸੀ। ਕੁਝ ਵਿਦਿਆਰਥੀਆਂ ਨੇ ਕਿਹਾ ਕਿ ਉਹ ਜਿਹੜੀਆਂ ਸਧਾਰਨ ਯੂਨੀਵਰਸਿਟੀਆਂ ਵਿਚ ਪੜ੍ਹਾਈ ਲਈ ਗਏ, ਉਨ੍ਹਾਂ ਵਿਚ ਮਿਸੂਰੀ ਅਤੇ ਦੱਖਣੀ ਡਕੋਟਾ ਰਾਜਾਂ ਦੀਆਂ ਯੂਨੀਵਰਸਿਟੀਆਂ ਵੀ ਸ਼ਾਮਲ ਹਨ। ਦੁਖੀ ਵਿਦਿਆਰਥੀ ਸਮੇਂ, ਪੈਸੇ ਅਤੇ ਭਵਿੱਖ ਦੇ ਵੱਡੇ ਨੁਕਸਾਨ ਅਤੇ ਦੇਸ਼ ਨਿਕਾਲਾ ਦਿੱਤੇ ਜਾਣ ਦੇ ਨਤੀਜਿਆਂ ਬਾਰੇ ਚਿੰਤਤ ਹਨ।

# ਫਲੋਰਿਡਾ ’ਚ 9 ਸਾਲ ਦੇ ਲੜਕੇ ਨੇ 6 ਸਾਲ ਦੇ ਲੜਕੇ ਦੇ ਮਾਰੀ ਗੋਲੀ, ਹੋਈ ਮੌਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫਲੋਰਿਡਾ ’ਚ ਇਕ 9 ਸਾਲ ਦੇ ਲੜਕੇ ਦੇ ਹੱਥ ਵਿਚ ਆਈ ਗੰਨ ਉਸ ਵੇਲੇ ਘਾਤਕ ਸਾਬਤ ਹੋਈ, ਜਦੋਂ ਉਸ ਨੇ 6 ਸਾਲਾਂ ਦੇ ਲੜਕੇ ਦੇ ਗੋਲੀ ਮਾਰ ਦਿੱਤੀ। ਇਹ ਘਟਨਾ ਫਲੋਰਿਡਾ ਦੇ ਸ਼ਹਿਰ ਜੈਕਸਨਵਿਲੇ ਦੇ ਇਕ ਘਰ ਵਿਚ ਵਾਪਰੀ। ਜੈਕਸਨਵਿਲੇ ਸ਼ੈਰਿਫ ਦਫਤਰ ਦੇ ਸਹਾਇਕ ਮੁਖੀ ਜੇ.ਡੀ. ਸਟਰਾਨਕੋ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਛੋਟੇ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਦਮ ਤੋੜ ਗਿਆ। ਸਟਰਾਨਕੋ ਅਨੁਸਾਰ ਉਸ ਦੇ ਸਿਰ ਵਿਚ ਗੋਲੀ ਵੱਜੀ ਸੀ। ਅਧਿਕਾਰੀਆਂ ਵੱਲੋਂ ਘਟਨਾ ਵਾਪਰਨ ਵੇਲੇ ਘਰ ਵਿਚ ਮੌਜੂਦ ਇਕ ਬਾਲਗ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਕੋਈ ਅਪਰਾਧਕ ਹਿੰਸਾ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ ਤੇ ਕਿਸੇ ਵਿਰੁੱਧ




ਜੈਕਸਨਵਿਲੇ ਸ਼ਹਿਰ ਦੇ ਇਕ ਘਰ ’ਚ 9 ਸਾਲਾ ਲੜਕੇ ਵੱਲੋਂ ਗੋਲੀ ਚਲਾਉਣ ਦੀ ਵਾਪਰੀ ਘਟਨਾ ਉਪਰੰਤ ਪੁਲਿਸ ਵੱਲੋਂ ਕੀਤੀ ਨਾਕਬੰਦੀ।

ਵੀ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ। ਉਨਾਂ ਹੋਰ ਕਿਹਾ ਕਿ ਗੋਲੀ ਚੱਲਣ ਸਮੇਂ ਘਰ ਵਿਚਲੇ ਹਾਲਾਤ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਥੇ ਜ਼ਿਕਰਯੋਗ ਹੈ ਕਿ ਗੰਨ ਹਿੰਸਾ ਵਿਚ ਇਸ ਸਾਲ ਹੁਣ ਤੱਕ 17 ਸਾਲ ਤੋਂ ਘੱਟ ਉਮਰ ਦੇ 1114 ਨਬਾਲਗਾਂ ਦੀ ਮੌਤ ਹੋ ਚੁੱਕੀ ਹੈ ਤੇ 3065 ਜ਼ਖਮੀ ਹੋਏ ਹਨ।

# ਮੈਰੀਲੈਂਡ ’ਚ ਭਾਰਤੀ ਪਰਿਵਾਰ ਦੇ ਤਿੰਨ ਮੈਂਬਰ ਮ੍ਰਿਤਕ ਹਾਲਤ ’ਚ ਮਿਲੇ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਮੈਰੀਲੈਂਡ ਸੂਬੇ ’ਚ ਸ਼ੁੱਕਰਵਾਰ ਨੂੰ ਇਕ ਭਾਰਤੀ ਜੋੜਾ ਅਤੇ ਉਨ੍ਹਾਂ ਦਾ ਛੇ ਸਾਲਾ ਬੱਚਾ ਮ੍ਰਿਤਕ ਪਾਇਆ ਗਿਆ। ਪੁਲਿਸ ਨੂੰ ਖੁਦਕੁਸ਼ੀ ਜਾਂ ਕਤਲ ਕੀਤੇ ਜਾਣ ਦਾ ਸ਼ੱਕ ਹੈ। ਪੁਲਿਸ ਨੇ ਦੱਸਿਆ ਕਿ ਤਿੰਨੋਂ ਮ੍ਰਿਤਕ ਕਰਨਾਟਕ ਦੇ ਵਸਨੀਕ ਹਨ ਅਤੇ ਇੱਥੇ ਬਾਲਟੀਮੋਰ ਕਾਉਂਟੀ ਵਿਚ ਆਪਣੇ ਘਰ ਰਹਿ ਰਹੇ ਸਨ।

ਮ੍ਰਿਤਕਾਂ ਦੀ ਪਛਾਣ ਯੋਗੇਸ਼ ਐੱਚ. ਨਾਗਰਾਜੱਪਾ (37), ਪ੍ਰਤਿਭਾ ਵਾਈ. ਅਮਰਨਾਥ (37) ਅਤੇ ਯਸ਼ ਹੋਨਾਲ (6) ਵਜੋਂ ਹੋਈ ਹੈ। ਪੁਲਿਸ ਮੁਤਾਬਕ ਦੱਸਿਆ ਜਾ ਰਿਹਾ ਹੈ ਕਿ ਉਹ ਪਤੀ-ਪਤਨੀ ਅਤੇ ਬੇਟਾ ਹਨ। ਇੱਕ ਸਥਾਨਕ ਅਖਬਾਰ ਨੇ ਬਾਲਟੀਮੋਰ ਕਾਉਂਟੀ ਪੁਲਿਸ ਬੁਲਾਰੇ ਐਂਥਨੀ ਸ਼ੈਲਟਨ ਦੇ ਹਵਾਲੇ ਨਾਲ ਕਿਹਾ ਕਿ “ਸ਼ੁਰੂਆਤੀ ਜਾਂਚ ਦੇ ਅਧਾਰ ’ਤੇ ਨਾਗਰਾਜੱਪਾ ਦੇ ਕੇਸ ਨੂੰ ਦੋਹਰੇ ਕਤਲ-ਆਤਮ ਹੱਤਿਆ ਮੰਨਿਆ ਜਾ ਰਿਹਾ ਹੈ।” ਸ਼ੈਲਟਨ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਦੋਵਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਪੁਲਿਸ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਨੂੰ ਆਖਰੀ ਵਾਰ ਮੰਗਲਵਾਰ ਸ਼ਾਮ ਨੂੰ ਦੇਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਮੁੱਖ ਮੈਡੀਕਲ ਅਫ਼ਸਰ ਦੇ ਦਫ਼ਤਰ ਵੱਲੋਂ ਪੋਸਟਮਾਰਟਮ ਕਰਵਾਇਆ ਜਾਵੇਗਾ। ਬਾਲਟੀਮੋਰ ਕਾਉਂਟੀ ਦੇ ਕਾਰਜਕਾਰੀ ਜੌਨੀ ਓਲਸਜ਼ੇਵਸਕੀ ਨੇ ਇੱਕ ਬਿਆਨ ਵਿਚ ਕਿਹਾ ਕਿ ਉਹ ਉਨ੍ਹਾਂ ਨਿਰਦੋਸ਼ ਪੀੜਤਾਂ ਪ੍ਰਤੀ ਹਮਦਰਦੀ ਪ੍ਰਗਟ ਕਰਦੇ ਹਨ। ਉਹ ਇਸ ਦੁਖਦਾਈ ਘਟਨਾ ਤੋਂ ਬਾਅਦ ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਮਦਦ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਪੁਲਿਸ ਨੇ ਕਿਹਾ ਕਿ ਫਿਲਹਾਲ ਆਲੇ-ਦੁਆਲੇ ਦੇ ਭਾਈਚਾਰਿਆਂ ਨੂੰ ਕੋਈ ਖ਼ਤਰਾ ਨਹੀਂ ਸੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com


## MATRIMONIAL

Seeking alliance for a beautiful 33 year old Sikh Rajput girl height 5’3” Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319



EXPO FURNITURE Gallery










7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

## ਟੈਕਸਾਸ 'ਚ ਮੈਕਸੀਕੋ ਤੋਂ ਆਈ ਬੱਸ 'ਚੋਂ 22 ਕਿਲੋ ਤੋਂ ਵਧ ਕੋਕੀਨ ਫੜੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਟੈਕਸਾਸ ਰਾਜ 'ਚ ਯੂ.ਐੱਸ. ਕਸਟਮਜ ਅਧਿਕਾਰੀਆਂ ਵੱਲੋਂ ਮੈਕਸੀਕੋ ਤੋਂ ਆਈ ਇਕ ਕਮਰਸ਼ੀਅਲ ਬੱਸ ਵਿਚੋਂ 2 ਦਰਜਨ ਪੈਕਟ ਕੋਕੀਨ ਦੇ ਫੜੇ ਜਾਣ ਦੀ ਖਬਰ ਹੈ। ਏਜੰਸੀ ਨੇ ਕਿਹਾ ਹੈ ਕਿ ਯੂ.ਐੱਸ. ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅਫਸਰਾਂ ਨੇ ਰੋਮਾ ਕੌਮਾਂਤਰੀ ਪੁਲ ਉਪਰ ਇਕ ਬੱਸ ਵਿਚੋਂ ਵਰਣਨਯੋਗ ਮਾਤਰਾ 'ਚ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਰੋਮਾ ਦੱਖਣੀ ਟੈਕਸਾਸ ਵਿਚ ਰੀਓ ਗ੍ਰਾਂਡ ਦੇ ਨਾਲ ਮੈਕਐਲਨ ਦੇ ਉਤਰ ਪੱਛਮ ਵਿਚ ਮੋਟੇ ਤੌਰ 'ਤੇ 50 ਮੀਲ ਦੂਰ ਹੈ। ਯੂ.ਐੱਸ. ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਏਜੰਸੀ (ਸੀ.ਬੀ.ਪੀ.) ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਬੱਸ ਦੇ ਪੁਲ ਉਪਰ ਪੁੱਜਣ 'ਤੇ ਜਦੋਂ ਅਫਸਰਾਂ ਨੇ ਇਸ ਦੀ ਡੂੰਘਾਈ ਨਾਲ ਤਲਾਸ਼ੀ ਲਈ ਤਾਂ ਇਸ ਵਿਚੋਂ ਤਕਰੀਬਨ 22 ਪੈਕਟ ਬਰਾਮਦ ਹੋਏ, ਜਿਨ੍ਹਾਂ ਵਿਚ ਕੁਕੀਨ ਭਰੀ ਹੋਈ ਸੀ।

## ਮਸਕ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਭਾਰਤੀ-ਅਮਰੀਕੀ ਰਾਮਾਸਵਾਮੀ ਨੂੰ ਦੱਸਿਆ 'ਹੋਣਹਾਰ ਉਮੀਦਵਾਰ'

**ਵਾਸ਼ਿੰਗਟਨ, (ਪੰਜਾਬ ਮੇਲ)**- ਅਰਬਪਤੀ ਉਦਯੋਗਪਤੀ ਏਲਨ ਮਸਕ ਨੇ ਸ਼ੁੱਕਰਵਾਰ ਨੂੰ ਭਾਰਤੀ-ਅਮਰੀਕੀ ਰਿਪਬਲਿਕਨ ਰਾਸ਼ਟਰਪਤੀ ਉਮੀਦਵਾਰ ਬਣਨ ਲਈ ਮੁਕਾਬਲੇਬਾਜ਼ੀ ਕਰ ਰਹੇ ਵਿਵੇਕ ਰਾਮਾਸਵਾਮੀ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ 'ਹੋਣਹਾਰ ਉਮੀਦਵਾਰ' ਦੱਸਿਆ। ਐਕਸ (ਪਹਿਲਾਂ ਟਵੀਟਰ) 'ਤੇ ਰਾਜਨੀਤਕ ਟਿੱਪਣੀਕਾਰ ਅਤੇ ਟਾਕ ਸ਼ੋਅ ਹੋਸਟ ਟਕਰ ਕਾਰਲਸਨ ਦੇ ਨਾਲ ਰਾਮਾਸਵਾਮੀ ਦੀ ਇਕ ਇੰਟਰਵਿਊ ਦੀ ਵੀਡੀਓ ਸਾਂਝੀ ਕਰਦੇ ਹੋਏ ਮਸਕ ਨੇ ਕਿਹਾ ਕਿ ਉਹ ਇਕ ਬਹੁਤ ਹੀ ਆਸ਼ਾਜਨਕ ਉਮੀਦਵਾਰ ਹਨ। 38 ਸਾਲ ਦੇ ਰਾਮਾਸਵਾਮੀ ਸਭ ਤੋਂ ਘੱਟ ਉਮਰ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਹਨ। ਉਨ੍ਹਾਂ ਨੇ ਫਰਵਰੀ ਵਿਚ ਰਿਪਬਲਿਕਨ ਰਾਸ਼ਟਰਪਤੀ




ਅਹੁਦੇ ਦੀ ਨਾਮਜ਼ਦਗੀ ਪ੍ਰਤੀਯੋਗਿਤਾ ਵਿਚ ਪ੍ਰਵੇਸ਼ ਕੀਤਾ। ਉਹ ਹੁਣ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਫਲੋਰਿਡਾ ਦੇ ਗਵਰਨਰ ਰਾਨ ਡੇਸੈਂਟਿਸ ਤੋਂ ਬਾਅਦ ਤੀਸਰੇ ਨੰਬਰ 'ਤੇ ਹਨ। ਉਨ੍ਹਾਂ ਨੂੰ ਰਿਪਬਲਿਕਨ ਪਾਰਟੀ ਦੇ 9 ਫ਼ੀਸਦੀ ਨੇਤਾਵਾਂ ਦਾ ਸਮਰਥਨ ਪ੍ਰਾਪਤ ਹੈ, ਜਦਕਿ ਟਰੰਪ ਨੂੰ 47 ਫ਼ੀਸਦੀ ਸਮਰਥਨ ਪ੍ਰਾਪਤ ਹੈ। ਇਸ ਤੋਂ ਬਾਅਦ ਰਾਨ ਡੇਸੈਂਟਿਸ ਨੂੰ 19 ਫ਼ੀਸਦੀ ਦਾ ਸਮਰਥਨ ਪ੍ਰਾਪਤ ਹੈ।

ਰਾਮਾਸਵਾਮੀ ਨੇ ਕਿਹਾ ਕਿ ਚੀਨ ਅਮਰੀਕਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਜੇਕਰ ਉਹ ਸੱਤਾ ਵਿਚ ਆਏ ਤਾਂ ਬੀਜਿੰਗ ਦੇ ਨਾਲ ਪੂਰੀ ਤਰ੍ਹਾਂ ਸਬੰਧ ਤੋੜਣਗੇ। ਉਨ੍ਹਾਂ ਨੇ ਅਗਲੇ ਸਾਲ ਵ੍ਹਾਈਟ ਹਾਊਸ ਲਈ ਚੁਣੇ ਜਾਣ 'ਤੇ ਟਰੰਪ ਨੂੰ ਤੁਰੰਤ ਮੁਆਫ ਕਰਨ ਦੀ ਗੱਲ ਵੀ ਕਹੀ ਅਤੇ ਰਿਪਬਲਿਕਨ ਪ੍ਰਾਈਮਰੀ ਪੋਲ ਵਿਚ ਚੰਗਾ ਪ੍ਰਦਰਸ਼ਨ ਕਰਨ ਲਈ ਸਾਬਕਾ ਰਾਸ਼ਟਰਪਤੀ ਕੋਲੋਂ ਪ੍ਰਸ਼ੰਸਾ ਵੀ ਹਾਸਲ ਕੀਤੀ। ਇਸ ਦੌਰਾਨ ਰਾਮਾਸਵਾਮੀ ਅਤੇ ਹੋਰ ਰਿਪਬਲਿਕਨ ਵਿਰੋਧੀ ਅਗਲੇ ਹਫਤੇ ਬਹਿਸ ਲਈ ਤਿਆਰੀ ਕਰ ਰਹੇ ਹਨ। ਰਿਪਬਲਿਕਨ ਆਪਣੀ ਪਾਰਟੀ ਦੇ ਅਗਲੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੂੰ ਰਸਮੀ ਤੌਰ 'ਤੇ ਚੁਣਨ ਲਈ 15-18 ਜੁਲਾਈ, 2024 ਤੱਕ ਮਿਲਵਾਕੀ, ਵਿਸਕਾਨਸਿਨ ਵਿਚ ਮਿਲਣਗੇ।

## ਅਮਰੀਕਾ 'ਚ ਬੱਚਿਆਂ ਦੀ ਤਸਕਰੀ ਦੇ ਸ਼ੱਕ 'ਚ 23 ਲੋਕਾਂ ਗ੍ਰਿਫ਼ਤਾਰ

**ਸੈਕਰਾਮੈਂਟੋ, (ਪੰਜਾਬ ਮੇਲ)**- ਵਿਦੇਸ਼ੀ ਧਰਤੀ 'ਤੇ ਜਿੱਥੇ ਕੁਝ ਪੰਜਾਬੀ ਆਪਣੇ ਦੇਸ਼ ਅਤੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕਰਦੇ ਹਨ, ਉੱਥੇ ਹੀ ਕੁਝ ਲੋਕ ਅਜਿਹੇ ਵੀ ਹਨ, ਜੋ ਪੰਜਾਬੀਆਂ ਦਾ ਨਾਮ ਅਤੇ ਅਕਸ ਨੂੰ ਖਰਾਬ ਕਰ ਦਿੰਦੇ ਹਨ। ਅਜਿਹਾ ਸਮਾਚਾਰ ਸਾਹਮਣੇ ਆਇਆ ਹੈ, ਜਿੱਥੇ ਬਾਲ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਵਿਚ ਕੁਝ ਪੰਜਾਬੀਆਂ ਦਾ ਨਾਮ ਵੀ ਸਾਹਮਣੇ ਆਏ ਹਨ।

ਜ਼ਿਲ੍ਹਾ ਅਟਾਰਨੀ ਸਿੰਥੀਆ ਜ਼ਿਮਰ ਨੇ ਐਲਾਨ ਕੀਤਾ ਹੈ ਕਿ ਕੇਰਨ ਕਾਊਂਟੀ ਵਿਚ 9 ਤੋਂ 12 ਅਗਸਤ ਤੱਕ 23 ਸ਼ੱਕੀ ਬਾਲ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੇਰਨ ਕਾਊਂਟੀ ਅਤੇ ਬੇਕਰਸਫੀਲਡ ਲਾਅ ਐਨਫੋਰਸਮੈਂਟ, ਕੇਰਨ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਸਿੰਥੀਆ ਜ਼ਿਮਰ ਨੇ ਇਕ ਪ੍ਰੈੱਸ ਕਾਨਫਰੰਸ ਕਰਕੇ ਬਾਲ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਦੇ ਆਪ੍ਰੇਸ਼ਨ ਬਾਰੇ ਚਰਚਾ ਕੀਤੀ। ਕੈਲੀਫੋਰਨੀਆ ਦੇ ਨਿਆਂ ਵਿਭਾਗ ਨੇ ਕਿਹਾ ਕਿ ਆਪ੍ਰੇਸ਼ਨ ਦਾ ਨਾਂ 'ਆਪ੍ਰੇਸ਼ਨ ਬੈਡ ਬਾਰਬੀ' ਰੱਖਿਆ ਗਿਆ ਹੈ। ਜ਼ਿਮਰ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਜ਼ਿਆਦਾਤਰ ਲੋਕ ਕੇਰਨ ਕਾਊਂਟੀ ਦੇ ਹਨ।

### ਤਸਕਰਾਂ 'ਚ ਪੰਜਾਬੀ ਵੀ ਸ਼ਾਮਲ

ਸਲਵਾਡੋਰ ਸਾਲਸੇਡੋ (56), ਡੇਨੀਅਲ ਹਰਨਾਂਡੇਜ਼ (36), ਡਿਏਗੋ ਗੋਂਜ਼ਾਲੇਜ਼ (36) ਜੋਸ ਟ੍ਰੇਜੋ (33), ਰੌਨੀ ਜਰਮੇਨ ਵਿਲੀ (30), ਅਲਬਰਟੋ ਰੋਡਰਿਗਜ਼ (23), ਐਂਟੋਨੀਓ ਰੋਮੇਰੋ ਜੂਨੀਅਰ (30), ਵਿਲੀਅਮ ਅਲਫਰੇਡੋ ਪੇਰੇਜ਼ ਸੈਂਡੋਵਾਲ (26), ਮਾਈਨਰ ਵੇਲਾਸਕੁਏਜ਼ (38), ਰੋਲਾਂਡੋ ਲੋਪੇਜ਼ (23), ਮਾਈਕਲ ਪੀਟਰ ਮੁਰਤਾਲਾ (43), ਐਲੀ ਰੌਬਰਟ ਵਿਲਸਨ (29), ਰਿਕੀ ਟ੍ਰੈਵੋਨ ਵਾਕਰ (40), ਡੇਵੋਨ ਪਾਲ ਟੇਲਰ (31), ਜੋਸ਼ੂਆ ਜੇਮੀਰਾ ਜਾਨਸਨ (38),ਕ੍ਰਿਸਟੋਫਰ ਲੀ ਗ੍ਰਿਨਰ (36), ਜਸਵਿੰਦਰ ਸਿੰਘ (35), ਜੋਗਿੰਦਰ ਸਿੰਘ (54), ਰਜਿੰਦਰ ਪਾਲ ਸਿੰਘ (54), ਨਿਸ਼ਾਨ ਸਿੰਘ (33), ਕਰਨੈਲ ਸਿੰਘ (44) ਦੇ ਨਾਮ ਸ਼ਾਮਲ ਹਨ।

## ਟਰੰਪ ਨੂੰ ਜ਼ਹਿਰੀਲਾ ਪੱਤਰ ਭੇਜਣ ਵਾਲੀ ਕੈਨੇਡੀਅਨ ਔਰਤ ਨੂੰ 22 ਸਾਲ ਦੀ ਜੇਲ੍ਹ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੀ ਇੱਕ ਅਦਾਲਤ ਨੇ ਇੱਕ ਕੈਨੇਡੀਅਨ ਔਰਤ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣੇ ਕਾਰਜਕਾਲ ਦੌਰਾਨ ਜ਼ਹਿਰ ਮਿਲਾ ਕੇ ਚਿੱਠੀ ਭੇਜਣ ਦੇ ਮਾਮਲੇ ਵਿਚ 22 ਸਾਲ ਦੀ ਸਜ਼ਾ ਸੁਣਾਈ ਹੈ। ਰਿਪੋਰਟ ਅਨੁਸਾਰ ਜ਼ਿਲ੍ਹਾ ਜੱਜ ਡਬਨੀ ਫਰੈਡਰਿਕ ਨੇ ਵੀਰਵਾਰ (17 ਅਗਸਤ) ਨੂੰ 56 ਸਾਲਾ ਪਾਸਕੇਲ ਫੇਰੀਅਰ ਨੂੰ 22 ਸਾਲ ਦੀ ਕੈਦ ਦੀ ਸਜ਼ਾ ਸੁਣਾਈ।

ਰਿਪੋਰਟ ਮੁਤਾਬਕ ਸਜ਼ਾ ਪੂਰੀ ਹੋਣ ਤੋਂ ਬਾਅਦ ਉਸ ਨੂੰ ਅਮਰੀਕਾ ਤੋਂ ਡਿਪੋਰਟ ਕਰ ਦਿੱਤਾ ਜਾਵੇਗਾ। ਨਾਲ ਹੀ, ਜੇ ਉਹ ਕਦੇ ਵਾਪਸ ਆਉਂਦੀ ਹੈ, ਤਾਂ ਉਸ ਨੂੰ ਜ਼ਿੰਦਗੀ ਭਰ ਨਿਗਰਾਨੀ ਦਾ ਸਾਹਮਣਾ ਕਰਨਾ ਪਵੇਗਾ। ਜੱਜ ਫਰੈਡਰਿਕ ਨੇ ਫੇਰੀਅਰ ਨੂੰ ਕਿਹਾ ਕਿ ਉਸ ਦੀਆਂ ਹਰਕਤਾਂ ਖਤਰਨਾਕ ਤੇ ਸਮਾਜ ਲਈ ਨੁਕਸਾਨਦਾਇਕ ਸੀ। ਫਰਾਂਸ ਅਤੇ ਕੈਨੇਡਾ ਦੇ ਦੋਹਰੇ ਨਾਗਰਿਕ ਫੈਰੀਅਰ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਅਫਸੋਸ ਹੈ ਕਿ ਉਸ ਦੀ ਯੋਜਨਾ ਅਸਫਲ ਹੋ ਗਈ ਸੀ। ਉਸ ਨੇ ਇਹ ਵੀ ਕਿਹਾ ਕਿ ਉਹ ਆਪਣੇ ਆਪ ਨੂੰ ਇੱਕ ਕਾਰਕੁਨ ਸਮਝਦੀ ਹੈ, ਨਾ ਕਿ ਇੱਕ ਅੱਤਵਾਦੀ। ਰਿਪੋਰਟ ਮੁਤਾਬਕ ਐੱਫ.ਬੀ.ਆਈ. ਨੇ ਟਰੰਪ ਨੂੰ ਲਿਖੀ ਚਿੱਠੀ 'ਤੇ ਉਸ ਦੇ ਉਂਗਲਾਂ ਦੇ ਨਿਸ਼ਾਨ ਮਿਲੇ ਹਨ। ਪੱਤਰ ਵਿਚ, ਫੇਰੀਅਰ ਨੇ ਟਰੰਪ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਦੀ ਅਪੀਲ ਕੀਤੀ ਸੀ। ਬਾਅਦ ਵਿਚ ਉਸ ਨੇ ਸਵੀਕਾਰ ਕੀਤਾ ਕਿ ਉਸ ਨੇ ਆਪਣੇ ਕਿਊਬਿਕ ਸਥਿਤ ਘਰ ਵਿਚ ਰਿਸੀਨ- ਕਾਸਟਰ ਬੀਨਜ਼ ਦੇ ਬਚੇ ਪਦਾਰਥ ਤੋਂ ਜ਼ਹਿਰ ਬਣਾਇਆ ਸੀ ਤੇ ਇਸ ਨੂੰ ਚਿੱਠੀ ਦੇ ਨਾਲ ਲਿਫਾਫੇ ਵਿਚ ਰੱਖਿਆ ਸੀ।


## ਕੈਨੇਡਾ ਪੁਲਿਸ ਹੱਥ ਲੱਗੇ ਨਿੱਝਰ ਦੇ ਕਤਲ ਸਬੰਧੀ ਅਹਿਮ ਸੁਰਾਗ

**ਵੈਨਕੂਵਰ, (ਪੰਜਾਬ ਮੇਲ)**- ਪੁਲਿਸ ਨੂੰ ਦੋ ਮਹੀਨੇ ਪਹਿਲਾਂ ਮਾਰੇ ਗਏ ਸਰੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ 'ਚ ਅਹਿਮ ਸੁਰਾਗ ਮਿਲੇ ਹਨ। ਪੁਲਿਸ ਟੀਮ ਦੇ ਬੁਲਾਰੇ ਸਾਰਜੈਂਟ ਟਿਮੋਥੀ ਪਾਇਰੋਟੀ ਵੱਲੋਂ ਉਸ ਸਿਲਵਰ ਰੰਗ ਦੀ 2008 ਮਾਡਲ ਕੈਮਰੀ ਕਾਰ ਤੇ ਉਸ ਦੇ ਡਰਾਈਵਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ, ਜਿਸ ਨੇ 121 ਸਟਰੀਟ ਤੇ 68 ਐਵੇਨਿਊ 'ਤੇ ਉਡੀਕ ਕੀਤੀ ਅਤੇ ਹੱਤਿਆ ਕਰਕੇ ਆਏ ਦੋਵਾਂ ਮੁਲਜ਼ਮਾਂ ਨੂੰ ਲੈ ਕੇ ਮੌਕੇ ਤੋਂ ਫਰਾਰ ਹੋਈ। ਟੀਮ ਨੇ ਮੁਲਜ਼ਮਾਂ ਦੀ ਭਾਲ ਲਈ ਲੋਕਾਂ ਤੋਂ ਸਹਿਯੋਗ ਮੰਗਿਆ ਹੈ।

## ਅਮਰੀਕੀ ਅਦਾਲਤ ਨੇ ਮੁੰਬਈ ਹਮਲੇ ਦੇ ਦੋਸ਼ੀ ਰਾਣਾ ਦੀ ਹਵਾਲਗੀ 'ਤੇ ਲਾਈ ਰੋਕ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਅਦਾਲਤ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੀ ਅਪੀਲ ਨੂੰ ਰੱਦ ਕਰਦੇ ਹੋਏ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ 'ਤੇ ਰੋਕ ਲਗਾਉਣ ਦਾ ਹੁਕਮ ਦਿੱਤਾ ਹੈ। ਰਾਣਾ 2008 ਦੇ ਮੁੰਬਈ ਅੱਤਵਾਦੀ ਹਮਲੇ 'ਚ ਆਪਣੀ ਸ਼ਮੂਲੀਅਤ ਲਈ ਭਾਰਤ 'ਚ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ। ਰਾਣਾ (62) ਨੇ ਕੈਲੀਫੋਰਨੀਆ ਦੇ ਸੈਂਟਰਲ ਡਿਸਟ੍ਰਿਕਟ ਵਿਚ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਹੁਕਮਾਂ ਵਿਰੁੱਧ ਨੌਵੀਂ ਸਰਕਟ ਕੋਰਟ ਆਫ ਅਪੀਲਜ਼ ਵਿਚ ਅਪੀਲ ਕੀਤੀ ਹੈ, ਜਿਸ ਨੇ ਹੈਬੀਅਸ ਕਾਰਪਸ ਰਿੱਟ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਇੱਥੇ ਦੱਸ ਦਈਏ ਕਿ ਹੈਬੀਅਸ ਕਾਰਪਸ ਇੱਕ ਕਿਸਮ ਦਾ ਕਾਨੂੰਨੀ ਵਾਰੰਟ ਹੈ, ਜਿਸ ਦੁਆਰਾ ਕਿਸੇ ਗੈਰ-ਕਾਨੂੰਨੀ ਕਾਰਨਾਂ ਕਰਕੇ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਰਿਹਾਅ ਕੀਤਾ ਜਾ ਸਕਦਾ ਹੈ।



# ਯੂ.ਪੀ. ਦੇ ਅਯੁੱਧਿਆ 'ਚ ਰਚੀ ਸੀ ਮੂਸੇਵਾਲਾ ਨੂੰ ਮਾਰਨ ਦੀ ਸਾਜ਼ਿਸ਼





**ਚੰਡੀਗੜ੍ਹ, (ਪੰਜਾਬ ਮੇਲ)-** ਸਚਿਨ ਦੇ ਨਾਲ-ਨਾਲ ਬਿਸ਼ਨੋਈ ਗੈਂਗ ਦੇ ਸਾਰੇ ਸ਼ੂਟਰ, ਜਿਨ੍ਹਾਂ 'ਚੋਂ ਕਈਆਂ ਨੇ ਸਿੱਧੂ 'ਤੇ ਗੋਲੀਆਂ ਚਲਾਈਆਂ, ਉਹ ਅਯੁੱਧਿਆ ਅਤੇ ਲਖਨਊ 'ਚ ਘੁੰਮਦੇ ਨਜ਼ਰ ਆ ਰਹੇ ਹਨ। ਸੂਤਰਾਂ ਮੁਤਾਬਕ ਬਿਸ਼ਨੋਈ ਗੈਂਗ ਵੱਲੋਂ ਉੱਤਰ ਪ੍ਰਦੇਸ਼ ਦੇ ਇੱਕ ਨਾਮੀ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਲਈ ਕਿਹਾ ਗਿਆ ਸੀ, ਪਰ ਇਹ ਯੋਜਨਾ ਅਸਫਲ ਰਹੀ, ਜਿਸ ਤੋਂ ਬਾਅਦ ਸਿੱਧੂ ਕਤਲਕਾਂਡ ਨੂੰ ਅੰਜਾਮ ਦਿੱਤਾ ਗਿਆ। ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਫੜੇ ਗਏ ਸਚਿਨ ਥਾਪਨ 'ਤੇ ਵੱਡਾ ਖੁਲਾਸਾ ਹੋਇਆ ਹੈ। ਇਸ ਕਤਲਕਾਂਡ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਸੰਸਦ 'ਚ ਬਿਆਨ ਦਿੱਤਾ ਸੀ। ਕਤਲਕਾਂਡ ਦਾ ਹੁਣ ਤੱਕ ਦਾ ਸਭ ਤੋਂ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਕਤਲ ਦੀ ਸਾਜ਼ਿਸ਼ ਉਤਰ ਪ੍ਰਦੇਸ਼ ਦੇ ਅਯੁੱਧਿਆ ਵਿਚ ਰਚੀ ਗਈ ਸੀ। ਸੂਤਰਾਂ ਮੁਤਾਬਕ ਸ਼ੂਟਰ ਪਾਕਿਸਤਾਨ ਤੋਂ ਤਸਕਰੀ ਕੀਤੇ ਹਥਿਆਰ ਲੈ ਕੇ ਅਯੁੱਧਿਆ ਪਹੁੰਚਿਆ ਸੀ। ਹਥਿਆਰਾਂ ਨਾਲ ਲੈਸ ਬਿਸ਼ਨੋਈ ਗੈਂਗ ਦੇ ਸ਼ੂਟਰ ਕਈ ਦਿਨਾਂ ਤੱਕ ਅਯੁੱਧਿਆ ਵਿਚ ਰਹੇ ਅਤੇ ਅਯੁੱਧਿਆ ਇੱਕ ਸਥਾਨਕ ਨੇਤਾ ਦੇ ਫਾਰਮ ਹਾਊਸ 'ਤੇ ਕਈ ਦਿਨਾਂ ਤੱਕ ਗੋਲੀਬਾਰੀ ਦਾ ਅਭਿਆਸ ਕੀਤਾ।

ਅਜ਼ਰਬਾਈਜਾਨ ਤੋਂ ਫੜੇ ਗਏ ਸਿੱਧੂ ਮੂਸੇਵਾਲਾ ਦੇ ਕਾਤਲ ਸਚਿਨ ਥਾਪਨ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੱਡਾ ਬਿਆਨ ਦਿੱਤਾ ਸੀ। ਹੁਣ ਖੁਲਾਸਾ ਹੋਇਆ ਹੈ ਕਿ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਸਾਜ਼ਿਸ਼ ਉੱਤਰ ਪ੍ਰਦੇਸ਼ 'ਚ ਬੈਠ ਕੇ ਰਚੀ ਗਈ ਸੀ। ਅਯੁੱਧਿਆ ਵਿਚ ਟ੍ਰੇਨਿੰਗ ਹੋਈ ਸੀ ਅਤੇ ਪੰਜਾਬ ਵਿਚ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਗਿਆ ਸੀ।

ਸਿੱਧੂ ਮੂਸੇਵਾਲਾ ਕਤਲ ਕਾਂਡ ਅਤੇ ਬਿਸ਼ਨੋਈ ਗੈਂਗ ਦੇ ਯੂ.ਪੀ. ਕਨੈਕਸ਼ਨ ਨਾਲ ਸੰਬੰਧਤ ਤਸਵੀਰਾਂ ਵੀ ਜਾਰੀ ਹੋਈਆਂ ਹਨ, ਜੋ ਕਿ ਸਿੱਧੂ ਮੂਸੇਵਾਲਾ ਕਤਲਕਾਂਡ ਤੋਂ ਕੁਝ ਦਿਨ ਪਹਿਲਾਂ ਦੀਆਂ ਹਨ, ਸਿੱਧੂ ਕਤਲਕਾਂਡ ਦੀ ਸਾਜਿਸ਼ ਰਚਣ ਵਾਲਾ ਅਤੇ ਹਾਲ ਹੀ 'ਚ ਅਜ਼ਰਬਾਈਜਾਨ ਤੋਂ ਡਿਪੋਰਟ ਹੋਇਆ ਸਚਿਨ ਥਾਪਨ ਤਸਵੀਰਾਂ 'ਚ ਨਜ਼ਰ ਆ ਰਿਹਾ ਹੈ।

ਸਚਿਨ ਦੇ ਨਾਲ-ਨਾਲ ਬਿਸ਼ਨੋਈ ਗੈਂਗ ਦੇ ਸਾਰੇ ਸ਼ੂਟਰ, ਜਿਨ੍ਹਾਂ 'ਚੋਂ ਕਈਆਂ ਨੇ ਸਿੱਧੂ 'ਤੇ ਗੋਲੀਆਂ ਚਲਾਈਆਂ। ਤਸਵੀਰਾਂ ਵਿਚ ਤੁਸੀਂ ਵਿਦੇਸ਼ੀ ਹਥਿਆਰਾਂ ਦਾ ਭੰਡਾਰ ਦੇਖ ਸਕਦੇ ਹੋ।

ਤਸਵੀਰਾਂ 'ਚ ਦਿਖਾਈ ਦੇ ਰਹੇ ਇਨ੍ਹਾਂ ਹਥਿਆਰਾਂ ਨਾਲ ਸਿੱਧੂ ਮੂਸੇਵਾਲੇ 'ਤੇ 100 ਤੋਂ ਵੱਧ ਗੋਲੀਆਂ ਚਲਾਈਆਂ ਗਈਆਂ। ਤਸਵੀਰ ਵਿਚ ਬਿਸ਼ਨੋਈ ਗੈਂਗ ਦੇ ਸ਼ੂਟਰ ਸਚਿਨ ਭਿਵਾਨੀ, ਕਪਿਲ ਪੰਡਿਤ ਹਥਿਆਰਾਂ ਸਮੇਤ ਨਜ਼ਰ ਆ ਰਹੇ ਹਨ। ਸੂਤਰਾਂ ਮੁਤਾਬਕ ਸ਼ੂਟਰ ਪਾਕਿਸਤਾਨ ਤੋਂ ਤਸਕਰੀ ਕੀਤੇ ਹਥਿਆਰ ਲੈ ਕੇ ਅਯੁੱਧਿਆ ਪਹੁੰਚਿਆ ਸੀ। ਸੂਤਰਾਂ ਮੁਤਾਬਕ ਸਚਿਨ ਬਿਸ਼ਨੋਈ, ਜੋ ਕਿ ਲਾਰੈਂਸ ਬਿਸ਼ਨੋਈ ਦਾ ਸਭ ਤੋਂ ਨਜ਼ਦੀਕੀ ਹੈ, ਗਰੋਹ ਦੇ ਬਾਕੀ ਮੈਂਬਰਾਂ ਨੂੰ ਅਯੁੱਧਿਆ ਸਮੇਤ ਲਖਨਊ ਦੇ ਵੱਖ-ਵੱਖ ਇਲਾਕਿਆਂ 'ਚ ਕਈ ਦਿਨਾਂ ਤੋਂ ਲੁਕਿਆ ਰਿਹਾ ਸੀ। ਜਾਂਚ ਏਜੰਸੀਆਂ ਨੇ ਹੁਣ ਉੱਤਰ ਪ੍ਰਦੇਸ਼ 'ਚ ਮੌਜੂਦ ਬਿਸ਼ਨੋਈ ਗੈਂਗ ਦੇ ਮਦਦਗਾਰਾਂ ਦੀ ਪਛਾਣ ਸ਼ੁਰੂ ਕਰ ਦਿੱਤੀ ਹੈ। ਅਜ਼ਰਬਾਈਜਾਨ ਤੋਂ ਫੜੇ ਗਏ ਸਚਿਨ ਥਾਪਨ ਨੂੰ ਲੈ ਕੇ ਦਿੱਲੀ ਪੁਲਿਸ ਜਲਦੀ ਹੀ ਅਯੁੱਧਿਆ ਜਾਵੇਗੀ।

# ਮੋਗਾ 'ਚ 'ਆਪ' ਦੇ ਬਲਜੀਤ ਸਿੰਘ ਚੰਨੀ ਬਣੇ ਨਵੇਂ ਮੇਅਰ



**ਮੋਗਾ, (ਪੰਜਾਬ ਮੇਲ)-** ਮੋਗਾ ਨਗਰ-ਨਿਗਮ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਆਪਣਾ ਮੇਅਰ ਬਣਾ ਦਿੱਤਾ ਹੈ। ਮੋਗਾ ਦੇ ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਜਿੱਤ ਹਾਸਲ ਕਰਨ ਵਾਲੇ ਕੌਂਸਲਰ ਬਲਜੀਤ ਸਿੰਘ ਚੰਨੀ ਨੂੰ ਨਵਾਂ ਮੇਅਰ ਬਣਾਇਆ ਗਿਆ ਹੈ। ਪੰਜਾਬ 'ਚ ਮੋਗਾ ਪਹਿਲੀ ਅਜਿਹੀ ਨਗਰ ਨਿਗਮ ਹੈ, ਜਿੱਥੇ ਆਮ ਆਦਮੀ ਪਾਰਟੀ ਨੇ ਆਪਣਾ ਮੇਅਰ ਬਣਾਇਆ ਹੈ।

# ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਵੱਲੋਂ ਇਸਤਰੀ ਵਿੰਗ ਦਾ ਗਠਨ



**ਜੰਡਿਆਲਾ ਗੁਰੂ, (ਪੰਜਾਬ ਮੇਲ)-** ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ, ਜੰਡਿਆਲਾ ਗੁਰੂ ਦੇ ਅਹੁਦੇਦਾਰਾਂ ਅਤੇ ਨੁਮਾਇੰਦਿਆ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਦੌਰਾਨ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦਾ ਵਿਸਥਾਰ ਕਰਦਿਆਂ ਇਸਤਰੀ ਵਿੰਗ ਦਾ ਗਠਨ ਕੀਤਾ ਗਿਆ, ਜਿਸ ਤਹਿਤ ਸਾਹਿਤਕਾਰ ਰਛਪਿੰਦਰ ਕੌਰ ਗਿੱਲ ਨੂੰ ਇਸਤਰੀ ਵਿੰਗ ਦਾ ਮੁੱਖ ਸੰਚਾਲਕ, ਗ਼ਜ਼ਲਗੋ ਪ੍ਰਭਜੋਤ ਕੌਰ ਨੂੰ ਮੀਤ ਸੰਚਾਲਕ ਤੇ ਕਵਿੱਤਰੀ ਸਿਮਰਨ ਸਾਬਰੀ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਗਿਆਨੀ ਸੰਤੋਖ ਸਿੰਘ ਅਸਟ੍ਰੇਲੀਆ ਦੀ ਕਿਤਾਬ "ਸ਼੍ਰੋਮਣੀ ਆਕਾਲੀ ਦਲ ਤੇ ਕੁਝ ਹੋਰ ਲੋਕ" 'ਤੇ ਵਿਚਾਰ-ਚਰਚਾ ਵੀ ਕੀਤੀ ਗਈ।

ਸਭਾ ਦੇ ਪ੍ਰਧਾਨ ਐਡਵੋਕੇਟ ਸ਼ੁਕਰਗੁਜ਼ਾਰ ਸਿੰਘ ਅਤੇ ਮੀਤ ਪ੍ਰਧਾਨ ਸਤਿੰਦਰ ਓਠੀ ਜੀ ਨੇ ਦੱਸਿਆ ਕਿ ਸਭਾ ਵੱਲੋਂ ਅਗਲੇ ਮਹੀਨੇ ਓਠੀ ਜੀ ਦੀ ਕਿਤਾਬ "ਦੀਵੇ ਸੁੱਚੀ ਸੋਚ ਦੇ" 'ਤੇ ਵਿਚਾਰ-ਚਰਚਾ ਸਮਾਗਮ ਉਲੀਕਿਆ ਜਾਵੇਗਾ ਤੇ ਇਸੇ ਤਰ੍ਹਾਂ ਨਵੇਂ ਚੁਣੇ ਮੁੱਖ ਸੰਚਾਲਕ ਇਸਤਰੀ ਵਿੰਗ ਮੈਡਮ ਰਛਪਿੰਦਰ ਕੌਰ ਗਿੱਲ ਨੇ ਦੱਸਿਆ ਕਿ ਸਭਾ ਜਲਦੀ ਹੀ ਇੱਕ ਵਿਸ਼ੇਸ਼ ਇਸਤਰੀ ਕਵੀ ਦਰਬਾਰ ਕਰਵਾਏਗੀ, ਜਿਸ ਬਾਬਤ ਵੱਖ-ਵੱਖ ਸਭਾਵਾਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ।

# ਸ਼੍ਰੋਮਣੀ ਕਮੇਟੀ ਦੇ ਵੈੱਬ ਚੈਨਲ ਨੂੰ 'ਸਿਲਵਰ ਬਟਨ ਯੂਟਿਊਬ ਕ੍ਰੀਏਟਰ ਐਵਾਰਡ'



**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੇ ਗਏ ਵੈੱਬ ਚੈਨਲ ਨੂੰ ਯੂਟਿਊਬ ਵੱਲੋਂ 'ਸਿਲਵਰ ਬਟਨ ਯੂਟਿਊਬ ਕ੍ਰੀਏਟਰ ਐਵਾਰਡ' ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਫ਼ਲਤਾ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਸੰਗਤ ਦਾ ਧੰਨਵਾਦ ਕੀਤਾ ਹੈ। ਯੂਟਿਊਬ ਅਦਾਰੇ ਵੱਲੋਂ ਇਹ ਐਵਾਰਡ ਬੀਤੇ ਦਿਨੀਂ ਅਮਰੀਕਾ ਤੋਂ ਸ਼੍ਰੋਮਣੀ ਕਮੇਟੀ ਨੂੰ ਭੇਜਿਆ ਗਿਆ, ਜੋ ਸ਼੍ਰੋਮਣੀ ਕਮੇਟੀ ਦੀ ਤਕਨੀਕੀ ਟੀਮ ਤੇ ਅਧਿਕਾਰੀਆਂ ਨੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ। ਧਾਮੀ ਨੇ ਕਿਹਾ ਕਿ ਇਸ ਚੈਨਲ ਨੂੰ ਸੰਗਤ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਜਿਸ ਨਾਲ ਗੁਰਬਾਣੀ ਕੀਰਤਨ ਪ੍ਰਸਾਰਨ ਸੇਵਾਵਾਂ ਨੂੰ ਹੋਰ ਸੁਹਿਰਦਤਾ ਨਾਲ ਜਾਰੀ ਰੱਖਣ ਲਈ ਉਤਸ਼ਾਹ ਮਿਲਦਾ ਹੈ। ਯੂਟਿਊਬ ਵੱਲੋਂ ਇਹ ਐਵਾਰਡ ਇਕ ਲੱਖ ਫਾਲੋਅਰ ਹੋਣ 'ਤੇ ਦਿੱਤਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਮਹੀਨੇ ਆਪਣਾ ਵੈੱਬ ਚੈਨਲ ਸ਼ੁਰੂ ਕੀਤਾ ਗਿਆ ਸੀ ਅਤੇ ਕੁਝ ਹੀ ਦਿਨਾਂ ਵਿਚ ਇਸ ਦੇ ਇਕ ਲੱਖ ਤੋਂ ਵੱਧ ਫਾਲੋਅਰ ਬਣ ਗਏ ਸਨ। ਇਸ ਵੇਲੇ ਇਸ ਚੈਨਲ ਨੂੰ ਦੇਖਣ ਵਾਲਿਆਂ ਦੀ ਗਿਣਤੀ ਲਗਭਗ 2 ਲੱਖ 29 ਹਜ਼ਾਰ ਹੋ ਚੁੱਕੀ ਹੈ। ਸ਼੍ਰੋਮਣੀ ਕਮੇਟੀ ਦੀ ਤਕਨੀਕੀ ਟੀਮ ਦੇ ਮੈਂਬਰਾਂ ਨੇ ਦੱਸਿਆ ਕਿ ਗੁਰਬਾਣੀ ਚੈਨਲ ਦੇਖਣ ਵਾਲਿਆਂ ਦੀ ਗਿਣਤੀ ਵਿਚ ਰੋਜ਼ਾਨਾ ਲਗਭਗ 2500 ਤੋ 3 ਹਜ਼ਾਰ ਤੱਕ ਦਾ ਔਸਤ ਵਾਧਾ ਹੋ ਰਿਹਾ ਹੈ। ਇਸੇ ਤਰ੍ਹਾਂ ਇਹ ਚੈਨਲ ਫੇਸਬੁੱਕ 'ਤੇ ਵੀ ਦੇਖਿਆ ਜਾ ਰਿਹਾ ਹੈ ਅਤੇ ਦੇਖਣ ਵਾਲਿਆਂ ਦੀ ਗਿਣਤੀ ਚਾਰ ਲੱਖ ਤੋਂ ਵੱਧ ਹੈ।




# ਵਾਸ਼ਿੰਗਟਨ 'ਚ ਭਾਰਤੀ ਦੂਤਘਰ ਵਿਚ ਆਜ਼ਾਦੀ ਦਿਵਸ ਮਨਾਇਆ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਭਾਰਤ ਦਾ 77ਵਾਂ ਆਜ਼ਾਦੀ ਦਿਵਸ ਇਥੇ ਇੰਡੀਆ ਹਾਊਸ ਵਿਚ ਮਨਾਇਆ ਗਿਆ। ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਮਹਾਤਮਾ ਗਾਂਧੀ ਦੀ ਯਾਦਗਾਰ 'ਤੇ ਸ਼ਰਧਾਂਜਲੀ ਦੇਣ ਉਪਰੰਤ ਰਾਸ਼ਟਰੀ ਝੰਡਾ ਲਹਿਰਾਇਆ। ਇਸ ਉਪਰੰਤ ਹੋਏ ਸਮਾਗਮ ਵਿਚ ਸੰਧੂ ਨੇ ਭਾਰਤ ਦੇ ਵਿਕਾਸ ਦੀ ਗੱਲ ਕੀਤੀ। ਉਨਾਂ ਨੇ ਜੀ-20 ਦੀ ਭਾਰਤ ਨੂੰ ਮਿਲੀ ਅਗਵਾਈ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਨੇ ਭਾਰਤ ਤੇ ਅਮਰੀਕਾ ਵਿਚਾਲ ਹੋ ਰਹੇ ਮਜ਼ਬੂਤ ਸਬੰਧਾਂ ਬਾਰੇ ਬੋਲਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਜੋਅ ਬਾਇਡਨ ਦੀ ਅਗਵਾਈ 'ਚ ਕੌਮਾਂਤਰੀ ਮੰਚ 'ਤੇ ਦੋਨਾਂ ਦੇਸ਼ਾਂ ਵਿਚਾਲੇ ਸਬੰਧ ਅਹਿਮ ਮੁਕਾਮ 'ਤੇ ਪੁੱਜੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਹਾਲ ਹੀ 'ਚ ਅਮਰੀਕਾ ਫੇਰੀ ਨੇ ਦੋਨਾਂ ਦੇਸ਼ਾਂ ਵਿਚਾਲੇ ਡੂੰਘੇ ਸਬੰਧਾਂ ਨੂੰ ਹੋਰ ਮਜਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਫੇਰੀ ਨਾਲ ਦੁਪਾਸੜ ਭਰੋਸਾ ਤੇ ਸਹਿਯੋਗ ਹੋਰ ਵਧਿਆ ਹੈ। ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਵੀ ਹੋਇਆ, ਜਿਸ ਵਿਚ ਕਲਾਕਾਰਾਂ ਨੇ ਦੇਸ਼ ਭਗਤੀ ਦੇ ਗੀਤ ਗਾਏ। ਸਮਾਗਮ ਵਿਚ ਭਾਰਤੀ ਅਮਰੀਕੀ ਭਾਈਚਾਰੇ ਤੋਂ ਇਲਾਵਾ ਵਿਦਿਆਰਥੀਆਂ ਤੇ ਹੋਰਨਾਂ ਨੇ ਹਿੱਸਾ ਲਿਆ।

# ਫਿਲਾਡੈਲਫੀਆ 'ਚ ਜਨਮ ਦਿਨ ਪਾਰਟੀ ਮੌਕੇ ਚੱਲੀਆਂ ਗੋਲੀਆਂ ਨਾਲ ਇਕ ਮੌਤ 8 ਹੋਰ ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਪੈਨਸਿਲਵਾਨੀਆ ਦੇ ਪੱਛਮੀ ਫਿਲਾਡੈਲਫੀਆ ਸ਼ਹਿਰ 'ਚ ਇਕ ਜਨਮ ਦਿਨ ਬਲਾਕ ਪਾਰਟੀ ਦੌਰਾਨ ਤੜਕਸਾਰ ਗੋਲੀ ਚੱਲ ਜਾਣ ਦੇ ਸਿੱਟੇ ਵਜੋਂ 9 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ, ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਗੋਲੀਬਾਰੀ 'ਚ ਇਕ 19 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ। ਜਿਸ ਦੇ ਚੇਹਰੇ 'ਤੇ ਸਰੀਰ ਉਪਰ ਗੋਲੀਆਂ ਵੱਜੀਆਂ ਹਨ। ਪੁਲਿਸ ਦਾ ਵਿਸ਼ਵਾਸ ਹੈ ਕਿ ਗੋਲੀਬਾਰੀ ਦੌਰਾਨ ਇਕ ਤੋਂ ਵਧ ਹਥਿਆਰਾਂ ਦੀ ਵਰਤੋਂ ਕੀਤੀ ਗਈ ਹੈ। ਇਹ ਘਟਨਾ ਅੱਧੀ ਰਾਤ ਤੋਂ ਬਾਅਦ 1.30 ਵਜੇ ਤੜਕਸਾਰ ਵਾਪਰੀ। ਫਿਲਾਡੈਲਫੀਆ ਪੁਲਿਸ ਦੇ ਇਕ ਬੁਲਾਰੇ ਅਨੁਸਾਰ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ, ਤਾਂ ਉਥੇ ਭਾਰੀ ਭੀੜ ਮੌਜੂਦ ਸੀ ਤੇ ਪੀੜਤਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਬੁਲਾਰੇ ਅਨੁਸਾਰ ਅਜੇ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਤੇ ਨਾ ਹੀ ਗੋਲੀ ਚੱਲਣ ਦਾ ਕਾਰਨ ਸਪੱਸ਼ਟ ਹੋ ਸਕਿਆ ਹੈ। ਨਾ ਹੀ ਇਹ ਪਤਾ ਲੱਗ ਸਕਿਆ ਹੈ ਕਿ ਗੋਲੀ ਚਲਾਉਣ ਵਾਲੇ ਕਿੰਨੇ ਸਨ। ਪੁਲਿਸ ਅਨੁਸਾਰ ਮੌਕੇ ਤੋਂ 4 ਦਰਜਨ ਤੋਂ ਵਧ ਕਾਰਤੂਸਾਂ ਦੇ ਖੋਲ ਬਰਾਮਦ ਹੋਏ ਹਨ। 8 ਪੀੜਤ ਜਿਨ੍ਹਾਂ ਵਿਚ 5 ਔਰਤਾਂ, 2 ਲੜਕੀਆਂ ਤੇ 1 ਵਿਅਕਤੀ ਸ਼ਾਮਲ ਹੈ, ਜ਼ੇਰੇ ਇਲਾਜ ਹਨ। ਮੌਕੇ ਉਪਰ ਮੌਜੂਦ ਲੋਕਾਂ ਅਨੁਸਾਰ ਗੋਲੀਆਂ ਚੱਲਣ ਉਪਰੰਤ ਪਾਰਟੀ ਵਿਚ ਹਫੜਾ-ਦਫੜੀ ਮੱਚ ਗਈ ਤੇ ਲੋਕ ਆਪਣੀਆਂ ਜਾਨਾਂ ਬਚਾਉਣ ਲਈ ਇਧਰ-ਉਧਰ ਭੱਜ ਗਏ। ਇਸ ਦੌਰਾਨ ਵੀ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ।



**ਪੱਛਮੀ ਫਿਲਾਡੈਲਫੀਆ 'ਚ ਗੋਲੀ ਚੱਲਣ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ।**

# ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਬਾਬਾ ਨਿਧਾਨ ਸਿੰਘ ਜੀ ਤੇ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਮਾਗਮ ਅਯੋਜਿਤ

**■ ਗਿਆਨੀ ਜਗਤਾਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਰੋਆ ਵਿਸ਼ੇਸ਼ ਸੱਦੇ 'ਤੇ ਪਹੁੰਚੇ**



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਸਿੱਖੀ ਪ੍ਰਚਾਰ-ਪ੍ਰਸਾਰ ਵਿਚ ਮਿਸਾਲੀ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਯਾਦ ਮਨਾਈ ਗਈ। ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨਾਂ ਦੀ ਸ਼ੁਰੂਆਤ ਹੋਈ। ਭਾਈ ਚਮਨ ਸਿੰਘ ਅਤੇ ਭਾਈ ਮਹਿੰਦਰ ਸਿੰਘ ਖਾਦਮ ਕਥਾਵਾਚਕ ਦੋਨਾਂ ਨੇ ਮਹਾਂਪੁਰਸ਼ਾਂ ਦੇ ਜੀਵਨ ਅਤੇ ਕਾਰਜਾਂ 'ਤੇ ਚਾਨਣਾ ਪਾਇਆ। ਭਾਈ ਮੋਹਣ ਸਿੰਘ ਬਡਾਨਾਂ ਦੇ ਢਾਡੀ ਜੱਥੇ ਵੱਲੋਂ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ ਗਿਆ। ਭਾਈ ਜੈਮਲ ਸਿੰਘ ਜੀ ਦੇ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਨਿਹਾਲ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਨੇ ਸੇਵਾ-ਸਿਮਰਨ ਰਾਹੀਂ ਸੰਸਾਰ ਭਰ 'ਚ ਵੱਸਦੀ ਲੋਕਾਈ ਨੂੰ ਪ੍ਰਭਾਵਿਤ ਕੀਤਾ ਅਤੇ ਦੁਨੀਆਂ ਵਿਚ ਸਿੱਖੀ ਦਾ ਨਾਮ ਰੋਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਦਾ ਸੇਵਾ ਦੇ ਖੇਤਰ ਵਿਚ ਮਿਸਾਲੀ ਯੋਗਦਾਨ ਹੈ। ਅਜਿਹੀਆਂ ਸ਼ਖ਼ਸੀਅਤਾਂ ਦਾ ਜੀਵਨ ਸਮਾਜ ਲਈ ਪ੍ਰੇਰਨਾ ਸਰੋਤ ਹੁੰਦਾ ਹੈ, ਤਾਂ ਹੀ ਇਨ੍ਹਾਂ ਦੀਆਂ ਯਾਦਾਂ ਮਨਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ ਦਾ ਖੇਤਰ ਭਾਸ਼ਾਵਾਂ ਦੀਆਂ ਵੱਲਗਣਾਂ ਤੋਂ ਉੱਪਰ ਹੈ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜੋਕੇ ਸਮਾਜ ਨੂੰ ਅੱਜ ਇਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਸਖ਼ਤ ਲੋੜ ਹੈ। ਸਟੇਜ ਸਕੱਤਰ ਦੀ ਸੇਵਾ ਹਰਚਰਨ ਸਿੰਘ ਗੁਲਾਟੀ ਨੇ ਬਾਖੂਬੀ ਨਿਭਾਈ। ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ ਗਿਆ। ਸਮਾਗਮ ਦੇ ਆਯੋਜਨ ਮੌਕੇ ਸੁਰਿੰਦਰ ਸਿੰਘ ਮਿਨਹਾਸ ਅਤੇ ਪ੍ਰਬੰਧਕ ਬਲਬੀਰ ਸਿੰਘ ਪ੍ਰਧਾਨ ਦੀ ਅਗਵਾਈ ਵਿਚ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਰੋਆ ਦਾ ਸਨਮਾਨ ਵੀ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਪਲਵਿੰਦਰ ਸਿੰਘ ਢਿੱਲੋਂ, ਪ੍ਰਿਤਪਾਲ ਸਿੰਘ ਦਿਹਾਣਾ, ਜੋਗਾ ਸਿੰਘ ਜਸਵਾਲ, ਮਲਕੀਅਤ ਸਿੰਘ ਮਾਹਣਾ, ਕਰਨਲ ਰਾਜਾ ਰਾਠੌਰ, ਗੁਰਦਿਆਲ ਸਿੰਘ ਕਾਲਾ, ਕਸ਼ਮੀਰਾ ਸਿੰਘ ਮਨਸੂਰਪੁਰ ਅਤੇ ਗੁਰੂ ਘਰ ਦਾ ਸਟਾਫ਼ ਵੀ ਹਾਜਰ ਸੀ। ਗਿਆਨੀ ਕੁਲਦੀਪ ਸਿੰਘ ਹੈੱਡ-ਗ੍ਰੰਥੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਜੋਅ ਬਾਇਡਨ ਵੱਲੋਂ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਉਮੀਦਵਾਰੀ ਦਾ ਐਲਾਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਰਿਪਬਲਿਕਨ ਅਤੇ ਡੈਮੋਕ੍ਰੇਟਿਕ ਪਾਰਟੀਆਂ 'ਚ ਕਾਫੀ ਸਰਗਰਮੀ ਹੈ। ਪਾਰਟੀ ਪ੍ਰਾਇਮਰੀਜ਼ ਯਾਨੀ ਚੋਣ ਮੀਟਿੰਗਾਂ ਅਗਲੇ ਮਹੀਨੇ ਤੋਂ ਸ਼ੁਰੂ ਹੋਣਗੀਆਂ। ਰਾਸ਼ਟਰਪਤੀ ਜੋਅ ਬਾਇਡਨ ਨੇ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਉਮੀਦਵਾਰੀ ਦਾ ਐਲਾਨ ਕੀਤਾ ਹੈ। ਪਰ ਬਾਇਡਨ ਦੀ ਘਟਦੀ ਭਰੋਸੇਯੋਗਤਾ ਅਤੇ ਵਧਦੀ ਉਮਰ ਕਾਰਨ ਡੈਮੋਕ੍ਰੇਟਿਕ ਪਾਰਟੀ ਦੇ ਕੁਝ ਆਗੂ ਉਸ ਦੇ ਦਾਅਵੇ ਨੂੰ ਕਮਜ਼ੋਰ ਮੰਨ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਹੈਰਾਨੀਜਨਕ ਉਮੀਦਵਾਰ ਵਜੋਂ ਬਾਜੀ ਨੂੰ ਪਲਟ ਸਕਦੀ ਹੈ।

**■ ਮਿਸ਼ੇਲ ਓਬਾਮਾ ਹੈਰਾਨੀਜਨਕ ਉਮੀਦਵਾਰ ਵਜੋਂ ਪਲਟ ਸਕਦੀ ਹੈ ਬਾਜ਼ੀ**



ਕਨੈਕਟੀਕਟ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਕਾਂਗਰਸ ਦੇ ਨੁਮਾਇੰਦੇ ਜਿਮ ਹਾਈਮਸ ਦਾ ਕਹਿਣਾ ਹੈ ਕਿ ਮਿਸ਼ੇਲ ਦਾ ਅਕਸ ਕ੍ਰਿਸ਼ਮਈ ਹੈ।

ਨਿਊਯਾਰਕ ਦੇ ਪ੍ਰਮੁੱਖ ਡੈਮੋਕ੍ਰੇਟਿਕ ਨੇਤਾ ਇੰਗ੍ਰਿਡ ਲੁਈਸ ਦਾ ਕਹਿਣਾ ਹੈ ਕਿ ਭਾਵੇਂ ਬਾਇਡਨ ਨੇ ਬਿਹਤਰ ਕੰਮ ਕੀਤੇ ਹਨ, ਪਰ 81 ਸਾਲਾ ਰਾਸ਼ਟਰਪਤੀ ਬਾਇਡਨ ਦੀ ਸਿਹਤ ਲਗਾਤਾਰ ਡਾਵਾਂਡੋਲ ਬਣੀ ਹੋਈ ਹੈ। ਕਦੇ ਜਹਾਜ਼ 'ਚ ਸਵਾਰ ਹੁੰਦੇ ਸਮੇਂ ਤਾਂ ਕਦੇ ਸਾਈਕਲ ਚਲਾਉਂਦੇ ਸਮੇਂ ਬਾਈਡਨ ਦੇ ਡਿੱਗਣ ਦੇ ਵੀਡੀਓ ਵਾਇਰਲ ਹੁੰਦੇ ਹਨ। ਇੰਗ੍ਰਿਡ ਦਾ ਕਹਿਣਾ ਹੈ ਕਿ ਇਸ ਦਾ ਅਸਰ ਵੋਟਰਾਂ 'ਤੇ ਵੀ ਪੈਂਦਾ ਹੈ। ਜਦੋਂ ਕਿ ਮਿਸ਼ੇਲ ਬਹੁਤ ਐਕਟਿਵ ਹੈ। ਅੱਠ ਸਾਲ ਉਹ ਅਮਰੀਕਾ ਦੀ ਫਸਟ ਲੇਡੀ ਰਹੀ ਹੈ, ਉਹ ਰਾਜਨੀਤਕ ਢੰਗਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੈ। ਇੱਕ ਤਾਜ਼ਾ ਸਰਵੇਖਣ ਵਿਚ ਬਾਇਡਨ ਦੀ ਲੋਕਪ੍ਰਿਅਤਾ ਰੇਟਿੰਗ ਸਿਰਫ 39% ਰਹਿ ਗਈ ਹੈ। ਉਹ ਅਮਰੀਕਾ ਦੇ 75 ਸਾਲਾਂ ਦੇ ਇਤਿਹਾਸ ਵਿਚ ਸਭ ਤੋਂ ਅਪ੍ਰਸਿੱਧ ਰਾਸ਼ਟਰਪਤੀ ਬਣ ਗਏ ਹਨ। ਟਰੰਪ, ਓਬਾਮਾ, ਬੁਸ਼ ਜੂਨੀਅਰ, ਜਾਂ ਕਲਿੰਟਨ ਦੀ ਪ੍ਰਸਿੱਧੀ ਰੇਟਿੰਗ ਕਦੇ ਵੀ 50% ਤੋਂ ਘੱਟ ਨਹੀਂ ਸੀ।

### ਮਿਸ਼ੇਲ ਟਰੰਪ ਦੇ ਏਜੰਡੇ ਦਾ ਹੋਵੇਗੀ ਜਵਾਬ

- ਮਿਸ਼ੇਲ ਨੂੰ ਡੈਮੋਕ੍ਰੇਟਿਕ ਪਾਰਟੀ ਕਨਵੈਨਸ਼ਨ 'ਚ ਆਪਣਾ ਦਾਅਵਾ ਪੇਸ਼ ਕਰਨਾ ਹੋਵੇਗਾ। ਇਹ ਪਾਰਟੀ ਕਨਵੈਨਸ਼ਨ ਅਗਸਤ, 2024 ਵਿਚ ਹੋਵੇਗਾ।
- ਮਿਸ਼ੇਲ ਦੇ ਆਉਣ ਨਾਲ, ਡੈਮੋਕਰੇਟਸ ਮਿਸ਼ੇਲ-ਕਮਲਾ ਜੋੜੀ ਇੱਕ ਆਲ-ਵੂਮੈਨ ਬਿਰਤਾਂਤ ਤਿਆਰ ਕਰੇਗਾ। ਅਮਰੀਕਾ ਵਿਚ ਹੁਣ ਤੱਕ ਕੋਈ ਵੀ ਔਰਤ ਰਾਸ਼ਟਰਪਤੀ ਨਹੀਂ ਬਣੀ ਹੈ।
- ਟਰੰਪ ਕੱਟੜਪੰਥੀ ਗੋਰੇ ਨਸਲਵਾਦ ਦਾ ਸਮਰਥਕ ਹੈ, ਜਦੋਂਕਿ ਮਿਸ਼ੇਲ ਇੱਕ ਉਦਾਰਵਾਦੀ ਹੈ ਅਤੇ ਅਮਰੀਕਾ ਵਿਚ ਸਾਰੇ ਭਾਈਚਾਰਿਆਂ ਲਈ ਬਰਾਬਰ ਅਧਿਕਾਰਾਂ ਦੀ ਸਮਰਥਕ ਹੈ।
- ਬਾਇਡਨ ਦੀ ਵਧਦੀ ਉਮਰ ਨੂੰ ਟਰੰਪ ਵੱਡਾ ਮੁੱਦਾ ਬਣਾ ਰਹੇ ਹਨ, ਜੇਕਰ ਮਿਸ਼ੇਲ ਚੋਣ ਮੈਦਾਨ 'ਚ ਉਤਰਦੀ ਹੈ, ਤਾਂ ਟਰੰਪ ਦੇ ਹੱਥਾਂ 'ਚ ਇਹ ਮੁੱਦਾ ਨਹੀਂ ਹੋਵੇਗਾ।
- ਮਿਸ਼ੇਲ ਦੇ ਆਉਣ ਨਾਲ ਡੈਮੋਕ੍ਰੇਟਿਕ ਪਾਰਟੀ ਨੂੰ ਸੱਤਾ ਵਿਰੋਧੀ ਫੈਕਟਰ ਦਾ ਸਾਹਮਣਾ ਨਹੀਂ ਕਰਨਾ ਪਵੇਗਾ, ਪਾਰਟੀ ਦੂਸਰਾ ਕਾਰਜਕਾਲ ਹਾਸਲ ਕਰ ਸਕੇਗੀ।

# ਅਮਰੀਕਾ ਤੋਂ ਡਿਪੋਰਟ ਕੀਤੇ 21 ਵਿਦਿਆਰਥੀਆਂ 'ਤੇ 5 ਸਾਲ ਲਈ ਦਾਖਲੇ 'ਤੇ ਪਾਬੰਦੀ

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਬੀਤੇ ਦਿਨੀਂ ਜਿਹੜੇ ਵਿਦਿਆਰਥੀ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਸਨ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਸਨ, ਉਹ ਹੁਣ ਇੱਕ ਭਿਆਨਕ ਹਕੀਕਤ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਦੇਸ਼ ਵਿਚ 5 ਸਾਲਾਂ ਲਈ ਦਾਖਲਾ ਪਾਬੰਦੀ ਲਗਾਈ ਗਈ ਹੈ। ਇਸ ਪਾਬੰਦੀ ਦਾ ਪ੍ਰਭਾਵ ਸਿਰਫ਼ ਅਮਰੀਕਾ ਤੱਕ ਹੀ ਸੀਮਤ ਨਹੀਂ ਹੈ। ਕਿਉਂਕਿ ਮਾਹਰ ਚੇਤਾਵਨੀ ਦਿੰਦੇ ਹਨ ਕਿ ਇਹ ਕੈਨੇਡਾ, ਯੂ.ਕੇ. ਅਤੇ ਆਸਟ੍ਰੇਲੀਆ ਸਮੇਤ ਹੋਰ ਪ੍ਰਸਿੱਧ ਅੰਤਰਰਾਸ਼ਟਰੀ ਅਧਿਐਨ ਸਥਾਨਾਂ ਵਿਚ ਦਾਖਲ ਹੋਣ ਦੀਆਂ ਸੰਭਾਵਨਾਵਾਂ ਨੂੰ ਵੀ ਖਤਰੇ ਵਿਚ ਪਾ ਸਕਦਾ ਹੈ ਅਤੇ ਉੱਥੇ ਵੀ ਉਨ੍ਹਾਂ ਦੇ ਜਾਣ 'ਤੇ ਪਾਬੰਦੀ ਹੋਵੇਗੀ। ਯੂ.ਐੱਸ.ਏ. ਨੇ ਭਾਰਤ ਦੇ ਤੇਲੰਗਾਨਾ ਦੇ ਵਿਦਿਆਰਥੀਆਂ ਨੂੰ ਵੀਜ਼ਾ ਦਸਤਾਵੇਜ਼ਾਂ ਵਿਚ ਗੜਬੜੀ ਦੇ ਕਾਰਨ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਸੀ। ਜਿਵੇਂ ਕਿ ਮਾਹਰ ਇਸ ਸਥਿਤੀ ਦੇ ਬਾਰੇ ਨਤੀਜਿਆਂ ਦੀ ਖੋਜ ਕਰਦੇ ਹਨ, ਅਤੇ ਉਨ੍ਹਾਂ ਨੂੰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭਾਵ ਤੁਰੰਤ ਦਾਖਲੇ 'ਤੇ ਪਾਬੰਦੀ ਤੋਂ ਕਿਤੇ ਵੱਧ ਹਨ। ਇਹ ਇੱਕ ਮਹੱਤਵਪੂਰਨ ਚਿੰਤਾ ਵੀ ਹੈ ਕਿ ਭਵਿੱਖ ਵਿਚ ਇੱਕ ਐੱਚ-1ਬੀ ਵੀਜ਼ਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਵੇਲੇ ਇਨ੍ਹਾਂ ਵਿਦਿਆਰਥੀਆਂ ਨੂੰ ਲੰਬੇ ਸਮੇਂ ਦੀ ਸੰਭਾਵੀ ਰੁਕਾਵਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਰੁਕਾਵਟ ਉਦੋਂ ਤੱਕ ਕਾਇਮ ਰਹਿ ਸਕਦੀ ਹੈ, ਜਦੋਂ ਤੱਕ ਕਿ ਵੱਡੀਆਂ ਬਹੁਰਾਸ਼ਟਰੀ ਕਾਰਪੋਰੇਸ਼ਨਾਂ ਦੁਆਰਾ ਉਨ੍ਹਾਂ ਦੀ ਅਰਜ਼ੀ ਦਾ ਸਮਰਥਨ ਨਹੀਂ ਕੀਤਾ ਜਾਂਦਾ ਹੈ। ਦੇਸ਼ ਨਿਕਾਲੇ ਦੀਆਂ ਚਿੰਤਾਵਾਂ ਅਮਰੀਕਾ ਵੱਲ ਨੂੰ ਜਾ ਰਹੇ ਵਿਦਿਆਰਥੀਆਂ ਲਈ ਦਸਤਾਵੇਜ਼ਾਂ ਦੀ ਜਾਂਚ ਦਾ ਜਨੂੰਨ ਬਹੁਤ ਸਖ਼ਤ ਹੋਇਆ ਹੈ, ਜਿਸ ਕਾਰਨ ਵਿਦਿਆਰਥੀਆਂ ਲਈ ਕਾਫੀ ਵਿੱਤੀ ਨੁਕਸਾਨ ਵੀ ਹੁੰਦਾ ਹੈ। ਉਨ੍ਹਾਂ ਦੇ ਖਰਚੇ ਜਿਵੇਂ ਕਿ ਵੀਜ਼ਾ ਫੀਸ, ਹਵਾਈ ਜਹਾਜ਼ ਦਾ ਕਿਰਾਇਆ, ਯੂਨੀਵਰਸਿਟੀ ਐਪਲੀਕੇਸ਼ਨ ਖਰਚੇ, ਸਲਾਹਕਾਰ ਦੇ ਖਰਚੇ ਸ਼ਾਮਲ ਹੁੰਦੇ ਹਨ, ਜਿਨ੍ਹਾਂ 21 ਵਿਦਿਆਰਥੀਆਂ ਨੂੰ ਇੱਕ ਦਿਨ ਵਿਚ ਅਮਰੀਕਾ ਤੋਂ ਜ਼ਬਰਦਸਤੀ ਡਿਪੋਰਟ ਕੀਤਾ ਗਿਆ ਸੀ। ਇਸ ਘਟਨਾ ਨੇ ਵੀਜ਼ਾ ਸਬੰਧੀ ਮੁੱਦਿਆਂ ਤੋਂ ਪੈਦਾ ਹੋਣ ਵਾਲੀਆਂ ਪੇਚੀਦਗੀਆਂ ਬਾਰੇ ਚਿੰਤਾਵਾਂ ਨੂੰ ਜਗਾਇਆ ਹੈ। ਮੁੱਖ ਤੌਰ 'ਤੇ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਦੇ ਰਹਿਣ ਵਾਲੇ, ਇਨ੍ਹਾਂ ਵਿਦਿਆਰਥੀਆਂ ਨੇ ਅਮਰੀਕਾ ਵਿਚ ਉੱਚ ਸਿੱਖਿਆ ਦੇ ਸੁਪਨੇ ਲੈ ਕੇ ਆਪਣੀ ਯਾਤਰਾ ਦੀ ਸ਼ੁਰੂਆਤ ਕੀਤੀ ਸੀ, ਸਿਰਫ ਉਨ੍ਹਾਂ ਦੀਆਂ ਇੱਛਾਵਾਂ ਨੂੰ ਅਚਾਨਕ ਕੁਚਲ ਦਿੱਤਾ ਗਿਆ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਦਸਤਾਵੇਜ਼ਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਸੀ, ਜਿਸ ਨਾਲ ਉਨ੍ਹਾਂ ਨੂੰ ਸੰਖੇਪ ਹਿਰਾਸਤ ਵਿਚ ਵੀ ਲਿਆ ਗਿਆ। ਇਹ ਘਟਨਾਵਾਂ ਅਮਰੀਕਾ ਦੇ ਮੁੱਖ ਹਵਾਈ ਅੱਡਿਆਂ, ਅਟਲਾਂਟਾ, ਸ਼ਿਕਾਗੋ ਅਤੇ ਸਾਨ ਫਰਾਂਸਿਸਕੋ ਕੈਲੀਫੋਰਨੀਆ ਵਿਚ ਵਾਪਰੀਆਂ ਸਨ।



**■ ਭਾਰਤ ਦੇ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਨਾਲ ਸੰਬੰਧਤ ਹਨ ਵਿਦਿਆਰਥੀ**

**■ ਵੀਜ਼ਾ ਦਸਤਾਵੇਜ਼ਾਂ ਵਿਚ ਗੜਬੜੀ ਦੇ ਕਾਰਨ ਕੀਤਾ ਗਿਆ ਸੀ ਵੀਜ਼ਾ ਰੱਦ**

# ਅਮਰੀਕੀ ਅਦਾਲਤ 'ਚ ਭ੍ਰਿਸ਼ਟਾਚਾਰ ਦੇ ਦੋਸ਼ ਕਬੂਲੇਗਾ ਭਾਰਤੀ ਮੂਲ ਦਾ ਸਾਬਕਾ ਮੇਅਰ

ਨਿਊਯਾਰਕ, (ਪੰਜਾਬ ਮੇਲ)- ਭਾਰਤੀ-ਅਮਰੀਕੀ ਸਾਬਕਾ ਮੇਅਰ ਭ੍ਰਿਸ਼ਟਾਚਾਰ ਦੇ ਕੇਸ ਨਾਲ ਸਬੰਧਤ ਦੋਸ਼ਾਂ ਨੂੰ ਫੈਡਰਲ ਅਦਾਲਤ 'ਚ ਕਬੂਲ ਕਰਨ ਲਈ ਤਿਆਰ ਹੋ ਗਿਆ ਹੈ। ਉਸ 'ਤੇ ਸਬੂਤ ਖ਼ਤਮ ਕਰਨ ਅਤੇ ਏਜੰਟਾਂ ਨੂੰ ਝੂਠੇ ਬਿਆਨ ਦੇ ਕੇ ਐੱਫ.ਬੀ.ਆਈ. ਦੀ ਜਾਂਚ ਵਿਚ ਅੜਿੱਕਾ ਪਾਉਣ ਦਾ ਦੋਸ਼ ਵੀ ਹੈ। ਹਰੀਸ਼ 'ਹੈਰੀ' ਸਿੰਘ ਸਿੱਧੂ ਜੋ ਕਿ 2018 ਵਿਚ ਕੈਲੀਫੋਰਨੀਆ ਦੇ ਐਨਹਾਈਮ ਦਾ ਮੇਅਰ ਚੁਣਿਆ ਗਿਆ ਸੀ, ਖ਼ਿਲਾਫ਼ 2022 ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਜਨਤਕ ਹੋਏ ਸਨ। ਇਹ ਮਾਮਲਾ ਇਕ ਬੇਸਬਾਲ ਸਟੇਡੀਅਮ ਦੀ ਵਿਕਰੀ ਤੇ ਹੋਰ ਦੋਸ਼ਾਂ ਨਾਲ ਸਬੰਧਤ ਹੈ। ਡਿਸਟ੍ਰਿਕਟ ਕੋਰਟ ਵਿਚ ਸਿੱਧੂ (66) ਨੇ ਕੈਲੀਫੋਰਨੀਆ ਟੈਕਸ ਅਥਾਰਿਟੀ ਨਾਲ ਧੋਖਾਧੜੀ ਤੇ ਇਕ ਹੈਲੀਕਾਪਟਰ ਦੀ ਖ਼ਰੀਦ ਬਾਰੇ ਫੈਡਰਲ ਏਵੀਏਸ਼ਨ ਪ੍ਰਸ਼ਾਸਨ ਨੂੰ ਝੂਠੇ ਬਿਆਨ ਦੇਣ ਦੀ ਗੱਲ ਵੀ ਕਬੂਲੀ ਹੈ।

ਸਿੱਧੂ ਨੇ ਮੰਨਿਆ ਹੈ ਕਿ ਜਦੋਂ ਐਨਹਾਈਮ ਸ਼ਹਿਰ ਏਂਜਲਸ ਸਟੇਡੀਅਮ ਦੀ ਵਿਕਰੀ ਬਾਰੇ ਲਾਸ ਏਂਜਲਸ ਦੀ ਵੱਡੀ ਬੇਸਬਾਲ ਕਲੱਬ ਲੀਗ ਨਾਲ ਸੌਦਾ ਕਰ ਰਿਹਾ ਸੀ ਤਾਂ ਉਹ ਸ਼ਹਿਰ ਵੱਲੋਂ ਸੌਦਾ ਕਰ ਰਹੀ ਟੀਮ ਦਾ ਮੈਂਬਰ ਬਣਿਆ ਸੀ। ਉਸ ਨੇ ਇਸ ਪ੍ਰਕਿਰਿਆ ਦੌਰਾਨ ਖ਼ਰੀਦਦਾਰ ਨੂੰ ਵਿਕਰੀ ਨਾਲ ਸਬੰਧਤ ਅਹਿਮ ਜਾਣਕਾਰੀ ਉਪਲੱਬਧ ਕਰਵਾਈ ਜੋ ਕਿ ਖ਼ਰੀਦਣ ਵਾਲੇ ਨੂੰ ਫਾਇਦਾ ਦੇ ਸਕਦੀ ਸੀ। ਮੇਅਰ ਵਜੋਂ ਇਹ ਜਾਣਕਾਰੀ ਦੇਣ ਤੋਂ ਬਾਅਦ ਸਿੱਧੂ ਨੇ ਸਟੇਡੀਅਮ ਖਰੀਦਣ ਵਾਲੀ ਫਰਮ ਤੋਂ ਚੋਣ ਮੁਹਿੰਮ ਲਈ 10 ਲੱਖ ਡਾਲਰ ਮੰਗੇ। ਜ਼ਿਕਰਯੋਗ ਹੈ ਕਿ 2018 ਵਿਚ ਸਿੱਧੂ ਸ਼ਹਿਰ ਦਾ ਪਹਿਲਾ ਸਿੱਖ ਮੇਅਰ ਬਣਿਆ ਸੀ ਤੇ ਰੰਗ-ਨਸਲ ਦੇ ਪੱਖ ਤੋਂ ਵੀ ਉਹ ਇਸ ਅਹੁਦੇ 'ਤੇ ਪਹਿਲਾ ਵਿਅਕਤੀ ਸੀ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਡਾ. ਪਿਆਰੇ ਲਾਲ ਗਰਗ ਨੂੰ ਸਿੱਖ ਕੌਂਸਲ ਸੈਂਟਰਲ ਕੈਲੀਫੋਰਨੀਆ ਨੇ ਦਿੱਤੀ ਖਾਣੇ ਦੀ ਦਾਵਤ

**"ਪੰਜਾਬ, ਸਿਆਸਤ ਅਤੇ ਪੰਜਾਬੀਅਤ ਬਾਰੇ ਹੋਈ ਵਿਚਾਰ-ਚਰਚਾ"**




**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)**- ਪੰਜਾਬ ਅਤੇ ਪੰਜਾਬੀਅਤ ਨਾਲ ਮੋਹ ਰੱਖਣ ਵਾਲੇ, ਬਹੁ-ਪੱਖੀ ਸ਼ਖਸੀਅਤ ਅਤੇ ਉੱਘੇ ਵਿਦਵਾਨ ਡਾ. ਪਿਆਰੇ ਲਾਲ ਗਰਗ ਆਪਣੀ ਅਮਰੀਕਾ ਫੇਰੀ 'ਤੇ ਆਏ ਹੋਏ ਸਨ। ਜਿਨ੍ਹਾਂ ਨੇ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਵਿਚ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਇਸੇ ਲੜੀ ਅਧੀਨ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦੁਆਰਾ ਬੀਤੇ ਦਿਨੀਂ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਫਰਿਜ਼ਨੋ ਦੇ ਤੰਦੂਰੀ ਨਾਈਟ ਰੈਸਟੋਰੈਂਟ 'ਚ ਦੁਪਿਹਰ ਦੇ ਖਾਣੇ 'ਤੇ ਬੁਲਾਇਆ ਗਿਆ। ਜਿੱਥੇ ਕੌਂਸਲ ਦੇ ਆਗੂ ਸੁਖਦੇਵ ਸਿੰਘ ਚੀਮਾ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਸਭ ਨੂੰ ਜਾਣ-ਪਹਿਚਾਣ ਕਰਵਾਉਣ ਨਾਲ ਸ਼ੁਰੂ ਹੋਈ ਵਿਚਾਰ ਚਰਚਾ।

ਜਿੱਥੇ ਹਾਜ਼ਰ ਮੈਂਬਰਾਂ ਨੇ ਡਾ. ਪਿਆਰੇ ਲਾਲ ਗਰਗ ਨਾਲ ਭਾਈਚਾਰਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵਿਸ਼ਿਆਂ 'ਤੇ ਵਿਚਾਰਾਂ ਦੀ ਸਾਂਝ ਪਾਈ। ਡਾ. ਪਿਆਰੇ ਲਾਲ ਗਰਗ ਹਮੇਸ਼ਾ ਪੰਜਾਬ ਅਤੇ ਪੰਜਾਬੀਅਤ ਦੇ ਹੱਕਾਂ ਲਈ ਬੋਲਦੇ ਰਹਿੰਦੇ ਹਨ। ਇਸੇ ਤਰ੍ਹਾਂ ਸਿੱਖ ਧਰਮ ਦੇ ਪ੍ਰਤੀ ਬਹੁਤ ਸ਼ਰਧਾ-ਭਾਵਨਾ, ਗਿਆਨ ਅਤੇ ਸਤਿਕਾਰ ਰੱਖਦੇ ਹਨ। ਇਹੀ ਕਾਰਨ ਹੈ ਕਿ ਉਹ ਸਿੱਖ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਗੱਲ ਵੀ ਕਰਦੇ ਹਨ। ਇਸ ਸਮੇਂ ਹਾਜ਼ਰੀਨ ਸਿੱਖ ਕੌਂਸਲ ਆਫ ਕੈਲੀਫੋਰਨੀਆ ਦੇ ਸਮੂਹ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਵੱਖ-ਵੱਖ ਹਲਾਤਾਂ ਵਾਰੇ ਵੀ ਵਿਚਾਰ-ਚਰਚਾ ਖੁੱਲ੍ਹ ਕੇ ਹੋਈ, ਜਿਨ੍ਹਾਂ ਵਿਚ ਭਾਰਤ ਦੀ ਆਜ਼ਾਦੀ ਅਤੇ ਉੱਥੋਂ ਦੇ ਲੋਕ, ਮੌਜੂਦਾ ਸਰਕਾਰਾਂ ਦੇ ਕਾਰ-ਵਿਵਹਾਰ ਲੋਕਾਂ ਦੀ ਤ੍ਰਾਸਦੀ ਆਦਿਕ ਵਿਚਾਰਾਂ ਸ਼ਾਮਲ ਸਨ।

ਇਸ ਖਾਣੇ ਦੀ ਇਕੱਤਰਤਾ ਅਤੇ ਖੁੱਲ੍ਹੀ ਵਿਚਾਰ-ਚਰਚਾ ਕਰਨ ਲਈ ਡਾ. ਪਿਆਰੇ ਲਾਲ ਗਰਗ ਨੇ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦਾ ਧੰਨਵਾਦ ਕੀਤਾ। ਇਸ ਸਮੇਂ ਡਾ. ਗਰਗ ਦਾ ਵਿਸ਼ੇਸ਼ ਧੰਨਵਾਦ ਕਰਨ ਵਾਲੇ ਬੁਲਾਰਿਆਂ ਵਿਚ ਸੁਖਦੇਵ ਸਿੰਘ ਚੀਮਾ, ਚਰਨਜੀਤ ਸਿੰਘ ਬਾਠ, ਪਰਮਪਾਲ ਸਿੰਘ ਆਦਿਕ ਸ਼ਾਮਲ ਸਨ। ਜਦਕਿ ਸਿੱਖ ਕੌਂਸਲ ਦੇ ਬਾਕੀ ਮੈਂਬਰਾਂ ਵਿਚ ਰਾਜਵਿੰਦਰ ਸਿੰਘ ਬਰਾੜ, ਗੁਰਜੰਟ ਸਿੰਘ ਗਿੱਲ, ਗੁਰਬਚਨ ਸਿੰਘ, ਭਰਪੂਰ ਸਿੰਘ ਧਾਲੀਵਾਲ, ਚਰਨਜੀਤ ਸਿੰਘ ਬਾਠ, ਪਿਸ਼ੌਰਾ ਸਿੰਘ ਢਿੱਲੋਂ, ਚਰਨਜੀਤ ਸਿੰਘ ਸਹੋਤਾ, ਲਖਵਿੰਦਰ ਸਿੰਘ ਬਰਾੜ, ਹਰਜਿੰਦਰ ਸਿੰਘ ਢਿੱਲੋਂ, ਡਾ. ਹਰਚਰਨ ਸਿੰਘ ਚੰਨ, ਡਾ. ਅਜੀਤ ਸਿੰਘ ਖਹਿਰਾ, ਕੈਪਟਨ ਹਰਦੇਵ ਸਿੰਘ ਗਿੱਲ, ਗੁਰਦੇਵ ਸਿੰਘ ਮੁਹਾਰ, ਸਤਵਿੰਦਰ ਸਿੰਘ ਬਲਗਨ, ਕੁਲਵੰਤ ਉੱਭੀ, ਪਰਮਪਾਲ ਸਿੰਘ, ਸਰਵਨ ਕੁਮਾਰ ਵਾਸਲ ਆਦਿਕ ਦੇ ਸ਼ਾਮਲ ਸਨ।

## ਖੂਬਸੂਰਤ ਹਿੰਦੀ ਗੀਤ "ਯਾਦ" ਲੈ ਕੇ ਹਾਜ਼ਰ ਹੈ ਗਾਇਕਾ ਗੁਰਮੀਤ ਕੌਰ

**ਜਲੰਧਰ, (ਬਲਦੇਵ ਰਾਹੀ/ਪੰਜਾਬ ਮੇਲ)**- ਇੰਟਰਨੈਸ਼ਨਲ ਸੁਪਰਸਟਾਰ ਗਾਇਕਾ ਗੁਰਮੀਤ ਕੌਰ ਬੈਂਕਾਕ ਜੋ ਥਾਈਲੈਂਡ ਦੀ ਇੱਕ ਸਤਿਕਾਰਤ



ਗਾਇਕਾ ਹੈ। ਜਿਸ ਨੇ ਖ਼ਾਸ ਕਰਕੇ ਧਾਰਮਿਕ ਸਮਾਗਮਾਂ ਵਿਚ ਵੀ ਬਹੁਤ ਨਾਮਣਾ ਖੱਟਿਆ ਅਤੇ ਉਸ ਨੇ ਅਨੇਕਾਂ ਈਵੈਂਟ ਵਿਚ ਸ਼ਮੂਲੀਅਤ ਕਰ ਕੇ ਮਾਣ-ਸਨਮਾਨ ਹਾਸਲ ਕੀਤਾ ਹੈ। ਆਪਣੀ ਮਾਂ ਬੋਲੀ ਪੰਜਾਬੀ ਨੂੰ ਵਿਦੇਸ਼ਾਂ ਵਿਚ ਪਰਮੋਟ ਕਰਨ ਦੇ ਨਾਲ-ਨਾਲ ਵਿਸ਼ੇਸ ਤੌਰ 'ਤੇ ਉਸ ਨੇ ਥਾਈਲੈਂਡ ਵਿਚ ਹੋਣ ਵਾਲੇ ਵੱਡੇ-ਵੱਡੇ ਸਟੇਜ ਸ਼ੋਅਜ਼ ਜਿਨ੍ਹਾਂ 'ਚੋਂ ਕਿਸ਼ੋਰ ਕੁਮਾਰ ਨਾਈਟ, ਮੁਹੰਮਦ ਰਫ਼ੀ ਸਾਹਿਬ ਨਾਈਟ, ਲਤਾ ਮੰਗੇਸ਼ਕਰ ਨਾਇਟ, ਮਹਿੰਦਰ ਕਪੂਰ ਨਾਈਟ ਵਿਚ ਗਾ ਕੇ ਆਪਣੀ ਪ੍ਰਪੱਕ ਗਾਇਕੀ ਦਾ ਲੋਹਾ ਮਨਵਾਇਆ। ਕਾਬਿਲ-ਏ-ਗ਼ੌਰ ਹੈ ਕਿ ਇਹ ਸਟਾਰ ਗਾਇਕਾ ਗੁਰਮੀਤ ਕੌਰ ਬੈਂਕਾਕ ਗ਼ਜ਼ਲ ਗਾਇਕੀ ਦੇ ਸਮਰਾਟ ਖ਼ਾਨ ਸਾਹਿਬ ਜਨਾਬ ਗੁਲਾਮ ਅਲੀ ਜੀ ਦੀ ਮਾਣਮੱਤੀ ਸ਼ਾਗਿਰਦ ਹੈ। ਇਨ੍ਹਾਂ ਦਾ ਛੋਟਾ ਬੇਟਾ ਕਿੰਗ ਵਾਰੀ ਵੀ ਪੰਜਾਬੀ ਤੇ ਥਾਈ ਭਾਸ਼ਾ ਦਾ ਸਟਾਰ ਗਾਇਕ ਹੈ। ਹਾਲ ਹੀ ਵਿਚ ਇਸ ਗਾਇਕਾ ਦੀ ਸੁਰੀਲੀ ਆਵਾਜ਼ ਵਿਚ ਗਾਇਆ ਇੱਕ ਖੂਬਸੂਰਤ ਹਿੰਦੀ ਗੀਤ ਯਾਦ ਵਰਲਡਵਾਈਡ ਰਿਲੀਜ਼ ਹੋਇਆ ਹੈ। ਅਵਤਾਰ ਸਿੰਘ ਪ੍ਰੋਡਿਊਸਰ ਅਤੇ ਪੀ.ਬੀ.ਆਰ. ਫ਼ਿਲਮਜ਼ ਦੇ ਬੈਨਰ ਹੇਠ ਰਿਲੀਜ਼ ਹੋਏ ਇਸ ਗੀਤ ਨੂੰ ਲਿਖਿਆ ਤੇ ਮਧੁਰ ਸੰਗੀਤ ਨਾਲ ਸ਼ਿੰਗਾਰਿਆ ਹੈ ਰਸ਼ੀਦ ਅੱਬਾਸ ਨੇ। ਐਡੀਟਰ ਰਤਨ ਗਾਵਤ ਰੌਕ ਨੇ ਵੱਖ-ਵੱਖ ਦਿਲਕਸ਼ ਲੋਕੇਸ਼ਨਾਂ 'ਤੇ ਫਿਲਮਾਂਕਣ ਕੀਤੇ ਇਸ ਵੀਡੀਓ ਨੂੰ ਯਾਦਗਾਰੀ ਬਣਾ ਦਿੱਤਾ ਹੈ। ਇਸ ਰੋਮਾਂਟਿਕ ਗੀਤ ਵਿਚ ਅਦਾਕਾਰ ਕਰਨ ਗੋਧਵਾਨੀਂ ਅਤੇ ਸ਼ਬੀ ਕਰੀਮੀਂ ਦੀ ਬੇਹਤਰੀਨ ਕੰਮ ਕੀਤਾ ਹੈ। ਦਰੂਮ ਮਿਊਜ਼ਿਕ ਅਤੇ ਆਰ.ਬੀ.ਆਈ. ਫ਼ਿਲਮਜ਼ ਨੇ ਸਰੋਤਿਆਂ/ਦਰਸ਼ਕਾਂ ਨੂੰ ਇੱਕ ਤੋਹਫ਼ਾ ਭੇਟ ਕੀਤਾ ਹੈ।

ਸਫਾ 1 ਦਾ ਬਾਕੀ

## ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ...

ਸਮਰੱਥਾ ਵਧਾਉਣ 'ਤੇ ਵੀ ਚਰਚਾ ਕੀਤੀ ਜਾਵੇਗੀ।"

ਜੀਨ-ਪੀਅਰੇ ਨੇ ਕਿਹਾ ਕਿ ਨਵੀਂ ਦਿੱਲੀ ਦੀ ਆਪਣੀ ਫੇਰੀ ਦੌਰਾਨ ਰਾਸ਼ਟਰਪਤੀ ਬਾਇਡਨ ਜੀ-20 ਆਰਥਿਕ ਸਹਿਯੋਗ ਦੇ ਪ੍ਰਮੁੱਖ ਮੰਚ ਵਜੋਂ ਜੀ-20 ਪ੍ਰਤੀ ਅਮਰੀਕਾ ਦੀ ਵਚਨਬੱਧਤਾ ਦੀ ਪੁਸ਼ਟੀ ਕਰਨਗੇ। ਵ੍ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨੇ ਕਿਹਾ ਕਿ ਸੰਮੇਲਨ ਤੋਂ ਇਲਾਵਾ ਵੱਖ-ਵੱਖ ਨੇਤਾਵਾਂ ਨਾਲ ਬਾਇਡਨ ਦੀ ਗੱਲਬਾਤ 'ਚ ਜਲਵਾਯੂ ਪਰਿਵਰਤਨ, ਯੂਕਰੇਨ-ਰੂਸ ਯੁੱਧ ਅਤੇ ਹੋਰ ਆਲਮੀ ਚੁਣੌਤੀਆਂ 'ਤੇ ਚਰਚਾ ਕੀਤੀ ਜਾਵੇਗੀ।

ਸਫਾ 1 ਦਾ ਬਾਕੀ

## ਟੈਕਸਾਸ 'ਚ ਸਰਹੱਦ ਪਾਰ ਕਰਦਿਆਂ...

ਬਾਜਾ, ਨਾਰਕੋ ਸ਼ਮਸ਼ਾਨਘਾਟ ਵਿਚ ਵੀ 18 ਮ੍ਰਿਤਕ ਦੇਹਾਂ ਪਹੁੰਚਣ ਦਾ ਸਮਾਚਾਰ ਮਿਲਿਆ ਹੈ। ਰੇਗਿਸਤਾਨ ਇਲਾਕੇ ਵਿਚ ਗਰਮੀ ਜ਼ਿਆਦਾ ਹੋਣ ਕਾਰਨ ਰਸਤਿਆਂ 'ਚ ਪਾਣੀ ਤੱਕ ਵੀ ਪੀਣ ਨੂੰ ਨਹੀਂ ਮਿਲਦਾ, ਜਿਸ ਕਰਕੇ ਬਹੁਤ ਸਾਰੇ ਲੋਕ ਰਸਤੇ ਵਿਚ ਹੀ ਦਮ ਤੋੜ ਜਾਂਦੇ ਹਨ।

ਸਫਾ 1 ਦਾ ਬਾਕੀ

## ਜਾਰਜੀਆ ਚੋਣ ਨਤੀਜੇ ਪਲਟਣ ਦੇ...

ਇਸ ਮਾਮਲੇ ਵਿਚ ਦੋਸ਼ ਤੈਅ ਕੀਤੇ ਗਏ ਤੇ 25 ਅਗਸਤ ਨੂੰ ਟਰੰਪ ਸਣੇ ਸਾਰੇ ਮੁਲਜ਼ਮਾਂ ਨੂੰ ਆਤਮ ਸਮਰਪਣ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

ਡੋਨਾਲਡ ਅਗਲੇ ਸਾਲ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਚੋਣ ਵਿਚ ਰਿਪਬਲਿਕ ਪਾਰਟੀ ਵੱਲੋਂ ਉਮੀਦਵਾਰ ਹਨ। ਰਾਸ਼ਟਰਪਤੀ ਚੋਣ ਦੀ ਪਹਿਲੀ ਡਿਬੇਟ ਹੋਣੀ ਹੈ। ਹੁਣ ਜਾਰਜੀਆ ਚੋਣ ਨਤੀਜਿਆਂ ਨੂੰ ਪਾਲਟਣ ਦੇ ਮਾਮਲੇ ਵਿਚ ਆਤਮ ਸਮਰਪਣ ਕਰਨ ਕਾਰਨ ਹੋ ਸਕਦਾ ਹੈ ਕਿ ਟਰੰਪ ਇਸ ਪਹਿਲੀ ਡਿਬੇਟ 'ਚ ਸ਼ਾਮਲ ਨਾ ਹੋ ਸਕਣ। ਟਰੰਪ ਡਿਬੇਟ ਵਿਚ ਸ਼ਾਮਲ ਹੋਣ ਦੀ ਬਜਾਏ ਇਕ ਆਨਲਾਈਨ ਇੰਟਰਵਿਊ 'ਚ ਸ਼ਾਮਲ ਹੋ ਸਕਦੇ ਹਨ। ਹਾਲਾਂਕਿ ਅਜੇ ਤੱਕ ਕੁਝ ਵੀ ਤੈਅ ਨਹੀਂ ਹੈ।

ਕਈ ਮਾਮਲੇ ਦਰਜ ਹੋਣ ਕਾਰਨ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਦੱਸ ਦੇਈਏ ਕਿ ਟਰੰਪ 'ਤੇ 4 ਮਾਮਲੇ ਦਰਜ ਹਨ ਤੇ ਇਨ੍ਹਾਂ ਮਾਮਲਿਆਂ ਵਿਚ ਉਨ੍ਹਾਂ 'ਤੇ ਕੁੱਲ 91 ਦੋਸ਼ ਲੱਗੇ ਹਨ। ਜਾਰਜੀਆ ਮਾਮਲੇ ਵਿਚ ਟਰੰਪ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਜਾਰਜੀਆ ਦੇ ਚੋਣ ਅਧਿਕਾਰੀ ਨੂੰ ਫੋਨ ਕਰਕੇ ਚੋਣ ਨਤੀਜੇ ਪਲਟਣ ਲਈ ਵੋਟ ਪਾਉਣ ਦਾ ਨਿਰਦੇਸ਼ ਦਿੱਤਾ ਸੀ ਪਰ ਚੋਣ ਅਧਿਕਾਰੀ ਨੇ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ। ਇਸ ਮਾਮਲੇ ਵਿਚ ਟਰੰਪ ਤੇ ਉਸ ਦੇ ਸਹਿਯੋਗੀਆਂ ਦੇ ਦੋਸ਼ੀ ਪਾਏ ਜਾਣ 'ਤੇ ਜ਼ਿਆਦਾਤਰ 20 ਸਾਲ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

# ਟਰੰਪ ਨੇ ਸੱਤਾ 'ਚ ਵਾਪਸ ਆਉਣ 'ਤੇ ਭਾਰਤ 'ਤੇ ਟੈਕਸ ਲਗਾਉਣ ਦੀ ਦਿੱਤੀ ਧਮਕੀ!

**ਨਵੀਂ ਦਿੱਲੀ, (ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਕੁਝ ਅਮਰੀਕੀ ਉਤਪਾਦਾਂ ਖ਼ਾਸ ਕਰਕੇ ਹਾਰਲੇ-ਡੇਵਿਡਸਨ ਮੋਟਰਸਾਈਕਲ 'ਤੇ ਭਾਰਤ 'ਚ ਉੱਚ ਟੈਕਸ ਦਰ ਦਾ ਮੁੱਦਾ ਚੁੱਕਿਆ ਅਤੇ ਸੱਤਾ ਵਿਚ ਵਾਪਸ ਆਉਣ 'ਤੇ ਉਨਾਂ ਹੀ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ।



ਅਮਰੀਕੀ ਰਾਸ਼ਟਰਪਤੀ ਦੇ ਤੌਰ 'ਤੇ ਆਪਣੇ ਕਾਰਜਕਾਲ ਦੌਰਾਨ, ਟਰੰਪ ਨੇ ਭਾਰਤ ਨੂੰ ਇੱਕ "ਟੈਕਸ ਲਗਾਉਣ ਵਾਲਾ ਮਹਾਰਾਜਾ" ਦੱਸਿਆ ਸੀ ਅਤੇ ਮਈ 2019 ਵਿਚ ਜਨਰਲਾਈਜ਼ਡ ਸਿਸਟਮ ਆਫ ਪ੍ਰੈਫਰੈਂਸ (ਜੀ.ਐੱਸ.ਪੀ.) ਨੂੰ ਖ਼ਤਮ ਕਰ ਦਿੱਤਾ ਸੀ। ਟਰੰਪ (77) ਨੇ ਦੋਸ਼ ਲਗਾਇਆ ਸੀ ਕਿ ਭਾਰਤ ਨੇ ਅਮਰੀਕਾ ਨੂੰ "ਆਪਣੇ ਬਾਜ਼ਾਰਾਂ ਤੱਕ ਬਰਾਬਰ ਅਤੇ ਨਿਰਪੱਖ ਪਹੁੰਚ" ਨਹੀਂ ਦਿੱਤੀ ਹੈ। ਇਕ ਅਖਬਾਰ ਨੂੰ ਦਿੱਤੇ ਇੰਟਰਵਿਊ 'ਚ ਟਰੰਪ ਨੇ ਭਾਰਤ ਦੀਆਂ ਟੈਕਸ ਦਰਾਂ ਨੂੰ ਬੇਹੱਦ ਉੱਚੀਆਂ ਦੱਸਦਿਆਂ ਸਵਾਲ ਖੜ੍ਹੇ ਕੀਤੇ ਸਨ। ਸਾਬਕਾ ਰਾਸ਼ਟਰਪਤੀ ਨੇ ਕਿਹਾ, "ਦੂਜੀ ਚੀਜ਼ ਜੋ ਮੈਂ ਚਾਹੁੰਦਾ ਹਾਂ, ਉਹ ਇਕਸਾਰ ਟੈਕਸ ਹੈ... ਭਾਰਤ ਉੱਚ ਟੈਕਸ ਵਸੂਲਦਾ ਹੈ। ਮੈਂ ਇਸਨੂੰ ਹਾਰਲੇ-ਡੇਵਿਡਸਨ (ਮੋਟਰਸਾਈਕਲ) ਨਾਲ ਅਜਿਹਾ ਕਰਦੇ ਦੇਖਿਆ ਹੈ। ਮੈਂ ਇਹ ਵੀ ਕਿਹਾ ਕਿ ਤੁਸੀਂ ਭਾਰਤ ਵਰਗੇ ਦੇਸ਼ ਵਿਚ ਕਿਵੇਂ ਹੋ? ਉਹ 100 ਪ੍ਰਤੀਸ਼ਤ, 150 ਪ੍ਰਤੀਸ਼ਤ ਅਤੇ 200 ਪ੍ਰਤੀਸ਼ਤ ਟੈਕਸ ਲਗਾਉਂਦੇ ਹਨ।"

ਟਰੰਪ ਨੇ ਭਾਰਤ ਦੇ ਨਾਲ-ਨਾਲ ਬ੍ਰਾਜ਼ੀਲ ਦੀ ਟੈਕਸ ਪ੍ਰਣਾਲੀ 'ਤੇ ਸਵਾਲ ਉਠਾਉਂਦੇ ਹੋਏ ਕਿਹਾ, "ਮੈਂ ਬੱਸ ਇਹ ਚਾਹੁੰਦਾ ਹਾਂ... ਜੇਕਰ ਭਾਰਤ ਸਾਡੇ 'ਤੇ ਟੈਕਸ ਲਗਾ ਰਿਹਾ ਹੈ, ਤਾਂ ਸਾਨੂੰ ਉਨ੍ਹਾਂ 'ਤੇ ਟੈਕਸ ਲਗਾਉਣਾ ਚਾਹੀਦਾ ਹੈ।" ਟਰੰਪ ਨੇ 2024 ਵਿਚ ਰਾਸ਼ਟਰਪਤੀ ਚੋਣ ਲੜਨ ਦੀ ਇੱਛਾ ਜ਼ਾਹਰ ਕੀਤੀ ਹੈ।

## ਟਰੰਪ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਪਹਿਲੀ ਬਹਿਸ 'ਚ ਸ਼ਾਮਲ ਹੋਣ ਤੋਂ ਇਨਕਾਰ

**ਨਿਊਯਾਰਕ, (ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਕਿਹਾ ਕਿ ਉਹ ਬੁੱਧਵਾਰ ਨੂੰ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ 'ਚ ਹਿੱਸਾ ਲੈਣ ਲਈ ਹੋਣ ਵਾਲੀ ਪਹਿਲੀ ਪ੍ਰਾਇਮਰੀ ਬਹਿਸ 'ਚ ਹਿੱਸਾ ਨਹੀਂ ਲੈਣਗੇ। ਟਰੰਪ ਨੇ ਆਪਣੀ ਸੋਸ਼ਲ ਮੀਡੀਆ ਵੈੱਬਸਾਈਟ 'ਤੇ ਲਿਖਿਆ, "ਜਨਤਾ ਜਾਣਦੀ ਹੈ ਕਿ ਮੈਂ ਕੌਣ ਹਾਂ, ਮੇਰਾ ਰਾਸ਼ਟਰਪਤੀ ਕਾਰਜਕਾਲ ਕਿੰਨਾ ਸਫਲ ਰਿਹਾ ਹੈ। ਇਸ ਲਈ ਮੈਂ ਬਹਿਸ ਨਹੀਂ ਕਰਾਂਗਾ।"

ਸਾਬਕਾ ਰਾਸ਼ਟਰਪਤੀ ਦੇ ਬੁਲਾਰੇ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕੀ ਉਹ ਹਰ ਪ੍ਰਾਇਮਰੀ ਬਹਿਸ ਦਾ ਬਾਈਕਾਟ ਕਰਨ ਦੀ ਯੋਜਨਾ ਬਣਾ ਰਹੇ ਹਨ ਜਾਂ ਇਸ ਬਹਿਸ 'ਚ ਹਿੱਸਾ ਨਹੀਂ ਲੈਣਗੇ। ਇਸ ਘਟਨਾਕ੍ਰਮ ਦੀ ਜਾਣਕਾਰੀ ਰੱਖਣ ਵਾਲੇ ਇਕ ਵਿਅਕਤੀ ਨੇ ਐਤਵਾਰ ਨੂੰ ਕਿਹਾ ਕਿ ਟਰੰਪ ਤੇ ਉਨ੍ਹਾਂ ਦੀ ਟੀਮ ਨੇ ਰਿਪਬਲਿਕਨ ਨੈਸ਼ਨਲ ਕਮੇਟੀ ਨੂੰ ਆਪਣੀ ਯੋਜਨਾ ਦੀ ਜਾਣਕਾਰੀ ਨਹੀਂ ਦਿੱਤੀ ਹੈ।

Do you know how to plan & secure your finances?
*Book your free consultations for*
- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy

Harsimran Bajwa
Lic# 4267166
Call/Text: (916) 479-4783
Email: bajwahgi@gmail.com



*Let's do the needful to secure our life and our family's future!*

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

# ਦਰਿਆਵਾਂ ’ਚ ਚੜ੍ਹੇ ਪਾਣੀ ਨੇ ਹਜ਼ਾਰਾਂ ਲੋਕ ਉਜਾੜੇ

- ਪੰਜਾਬ ਦੇ ਸੱਤ ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿਚ ਆਏ
- ਗੁਰਦਾਸਪੁਰ ਜ਼ਿਲ੍ਹੇ ਵਿਚ ਦੋ ਬੱਚੇ ਦਰਿਆ ਵਿਚ ਰੁੜ੍ਹੇ
- ਡੈਮਾਂ ’ਚੋਂ ਪਾਣੀ ਛੱਡਣ ਦੀ ਮਾਤਰਾ ਘਟਾਈ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਦਰਿਆਵਾਂ ’ਚ ਚੜ੍ਹੇ ਪਾਣੀ ਨੇ ਮੁੜ ਹਜ਼ਾਰਾਂ ਲੋਕਾਂ ਨੂੰ ਬੇਘਰ ਕਰ ਦਿੱਤਾ ਹੈ। ਡੈਮਾਂ ਵਿਚੋਂ ਪਾਣੀ ਛੱਡਣ ਦੀ ਕਟੌਤੀ ਦੇ ਬਾਵਜੂਦ ਸੂਬੇ ਦੇ ਕਰੀਬ ਸੱਤ ਜ਼ਿਲ੍ਹੇ ਦਰਿਆਈ ਪਾਣੀ ਦੀ ਮਾਰ ਹੇਠ ਆ ਗਏ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਝੰਡਾ ਲੁਬਾਣਾ ਵਿਚ ਦੋ ਬੱਚੇ ਜਸਕਰਨ ਸਿੰਘ ਅਤੇ ਦਿਲਪ੍ਰੀਤ ਸਿੰਘ ਦਰਿਆ ਦੇ ਪਾਣੀ ਵਿਚ ਰੁੜ੍ਹਨ ਕਰਕੇ ਆਪਣੀ ਜਾਨ ਗੁਆ ਬੈਠੇ ਹਨ, ਜਦੋਂ ਕਿ ਕਪੂਰਥਲਾ ਵਿਚ ਇੱਕ ਵਿਅਕਤੀ ਪਾਣੀ ’ਚ ਰੁੜ੍ਹ ਗਿਆ ਸੀ। ਪੰਜਾਬ ਵਿਚ ਹਾਲਾਂਕਿ ਕਿਧਰੇ ਕੋਈ ਬਾਰਸ਼ ਨਹੀਂ ਹੈ, ਪਰ ਪਹਾੜਾਂ ’ਚੋਂ ਪਾਣੀ ਦੀ ਡੈਮਾਂ ’ਚ ਆਮਦ ਬਣੀ ਹੋਈ ਹੈ।

ਮੌਸਮ ਵਿਭਾਗ ਨੇ ਹੁਣ 20 ਅਗਸਤ ਤੱਕ ਹਿਮਾਚਲ ਪ੍ਰਦੇਸ਼ ’ਚ ਬਾਰਸ਼ ਨਾ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਪੰਜਾਬ ਨੇ ਦੋ ਮਹੀਨੇ ਦੇ ਅਰਸੇ ਵਿਚ ਦੋ ਹੜ੍ਹ ਦੇਖ ਲਏ ਹਨ। ਪਹਾੜਾਂ ਦਾ ਮੀਂਹ ਐਤਕੀਂ ਪੰਜਾਬ ’ਤੇ ਆਫ਼ਤ ਬਣ ਕੇ ਵਰ੍ਹਿਆ ਹੈ। ਵੇਰਵਿਆਂ ਅਨੁਸਾਰ ਡੈਮਾਂ ’ਚੋਂ ਛੱਡੇ ਪਾਣੀ ਕਰਕੇ ਪੰਜਾਬ ਦਾ ਜ਼ਿਲ੍ਹਾ ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ ਅਤੇ ਕਪੂਰਥਲਾ ਪੂਰੀ ਤਰ੍ਹਾਂ ਲਪੇਟ ਵਿਚ ਆਏ ਹਨ, ਜਦੋਂ ਕਿ ਹੁਣ ਹੜ੍ਹਾਂ ਦੇ ਪਾਣੀ ਨੇ ਆਪਣੀ ਮਾਰ ਅੰਮ੍ਰਿਤਸਰ, ਤਰਨ ਤਾਰਨ ਤੇ ਫ਼ਿਰੋਜ਼ਪੁਰ ਜ਼ਿਲ੍ਹੇ ਤੱਕ ਵਧਾ ਲਈ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਕਰੀਬ 70 ਪਿੰਡ ਪ੍ਰਭਾਵਿਤ ਹੋਏ ਹਨ। ਉਕਤ ਚਾਰ ਜ਼ਿਲ੍ਹਿਆਂ ਵਿਚ ਕਰੀਬ 150 ਪਿੰਡ ਪਾਣੀ ਵਿਚ ਘਿਰ ਗਏ ਹਨ। ਭਾਰਤੀ ਸੈਨਾ ਅਤੇ ਐੱਨ.ਡੀ.ਆਰ.ਐੱਫ. ਦੀਆਂ ਟੀਮਾਂ ਵੱਲੋਂ ਬਚਾਓ ਕਾਰਜ ਜਾਰੀ ਹਨ। ਹਰੀਕੇ ਹੈੱਡ ਵਰਕਸ ਤੋਂ ਪਾਕਿਸਤਾਨ ਵੱਲ ਕਰੀਬ 2.15 ਲੱਖ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚ ਪਾਣੀ ਦੀ ਮਾਰ ਹੇਠ ਆਉਣ ਕਰਕੇ ਕਈ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਗੁਰਦਾਸਪੁਰ ਮੁਕੇਰੀਆਂ ਸੜਕ ਵੀ ਸ਼ਾਮਲ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਧੁੱਸੀ ਬੰਨ੍ਹ ਵਿਚ ਪਾੜ ਪਿਆ ਹੈ। ਮੁਕੇਰੀਆਂ ਦੇ ਪਿੰਡਾਂ ’ਚ ਹਾਲਾਤ ਕਾਫ਼ੀ ਬੁਰੇ ਬਣੇ ਹੋਏ ਹਨ। ਸੁਲਤਾਨਪੁਰ ਲੋਧੀ ਦੇ ਮੰਡ ਇਲਾਕੇ ਵਿਚ ਪੈਂਦੇ ਪਿੰਡਾਂ ਵਿਚ ਪਾਣੀ ਭਰ ਗਿਆ ਹੈ ਅਤੇ ਕਾਲੀ ਵੇਈਂ ਵਿਚ ਵੀ ਪਾਣੀ ਦਾ ਉਛਾਲ ਆਇਆ ਹੈ। ਤਰਨ ਤਾਰਨ ਵਿਚ ਵੀ ਇੱਕ ਧੁੱਸੀ ਬੰਨ੍ਹ ਟੁੱਟਣ ਦੀ ਖ਼ਬਰ ਹੈ, ਜਦੋਂਕਿ ਰੋਪੜ ਦੇ ਪਿੰਡ ਬੁਰਜ ਲਾਗੇ ਇੱਕ ਬੰਨ੍ਹ ਟੁੱਟਿਆ ਹੈ।

## ਅਰਬ ਦੇਸ਼ਾਂ ’ਚ ਫਸੀਆਂ 4 ਲੜਕੀਆਂ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਦੇ ਯਤਨਾਂ ਸਦਕਾ ਪਰਤੀਆਂ ਘਰ



**ਸ਼ਾਹਕੋਟ, (ਪੰਜਾਬ ਮੇਲ)-** ਅਰਬ ਦੇਸ਼ਾਂ ’ਚ ਪੰਜਾਬ ਦੀਆਂ ਲੜਕੀਆਂ ਦੇ ਹੋ ਰਹੇ ਸ਼ੋਸ਼ਣ ਦਾ ਸਿਲਸਿਲਾ ਰੁੱਕ ਨਹੀਂ ਰਿਹਾ। ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਅਰਬ ਦੇਸ਼ਾਂ ’ਚ ਫਸੀਆਂ 4 ਲੜਕੀਆਂ ਨੂੰ ਵਾਪਸ ਲਿਆਂਦਾ ਗਿਆ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਇਕ ਲੜਕੀ ਮਸਕਟ ’ਚੋਂ ਤੇ 3 ਲੜਕੀਆਂ ਨੂੰ ਇਰਾਕ ’ਚੋਂ ਵਾਪਸ ਲਿਆਂਦਾ ਗਿਆ ਹੈ। ਇਨ੍ਹਾਂ ’ਚ 3 ਲੜਕੀਆਂ ਜ਼ਿਲ੍ਹਾ ਜਲੰਧਰ ਨਾਲ, ਜਦਕਿ ਇਕ ਲੜਕੀ ਜ਼ਿਲ੍ਹਾ ਕਪੂਰਥਲਾ ਨਾਲ ਸਬੰਧਤ ਹੈ।

ਸੰਤ ਸੀਚੇਵਾਲ ਨੇ ਦੱਸਿਆ ਕਿ ਟ੍ਰੈਵਲ ਏਜੰਟ ਤੇ ਪੀੜਤਾਂ ਦੇ ਰਿਸ਼ਤੇਦਾਰ ਹੀ ਉਨ੍ਹਾਂ ਨੂੰ ਫਸਾ ਰਹੇ ਹਨ। ਉਨ੍ਹਾਂ ਕਿਹਾ ਕਿ ਏਜੰਟਾਂ ਵੱਲੋਂ ਗਰੀਬ ਵਰਗ ਦੀਆਂ ਲੜਕੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਵਿਦੇਸ਼ਾਂ ’ਚ ਆਪਣੇ ਕੇਸਾਂ ਦੀ ਪੈਰਵਾਈ ਕਰਨ ਲਈ ਪੈਸੇ ਦੀ ਵੀ ਲੋੜ ਹੁੰਦੀ ਹੈ ਤੇ ਪਹੁੰਚ ਦੀ ਵੀ। ਸੀਚੇਵਾਲ ਨੇ ਇਰਾਕ ਅਤੇ ਮਸਕਟ ’ਚ ਭਾਰਤੀ ਅੰਬੈਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਤੇਜ਼ੀ ਨਾਲ ਇਨ੍ਹਾਂ ਲੜਕੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਵਾਪਸ ਭੇਜਣ ’ਚ ਵੱਡੀ ਭੂਮਿਕਾ ਨਿਭਾਈ ਹੈ, ਜਿਸ ਸਦਕਾ ਇਰਾਕ ’ਚੋਂ ਕਰੀਬ 20 ਦਿਨਾਂ ’ਚ ਤੇ ਮਸਕਟ ਓਮਾਨ ’ਚੋਂ 5 ਦਿਨਾਂ ਅੰਦਰ ਲੜਕੀਆਂ ਵਾਪਸ ਆਈਆਂ ਹਨ। ਤਿੰਨਾਂ ਲੜਕੀਆਂ ਨੇ ਦੱਸਿਆ ਕਿ ਉਹ ਮਈ, ਜੂਨ ਤੇ ਜੁਲਾਈ ਮਹੀਨੇ ’ਚ ਇਰਾਕ ਗਈਆਂ ਸਨ। ਵਾਪਸ ਆਈਆਂ ਲੜਕੀਆਂ ਨੇ ਰੌਂਗਟੇ ਖੜ੍ਹੇ ਕਰਨ ਵਾਲੇ ਆਪਣੇ ਦੁਖੜੇ ਦੱਸਦਿਆਂ ਕਿਹਾ ਕਿ ਇਰਾਕ ਪਹੁੰਚਦੇ ਸਾਰ ਹੀ ਉਨ੍ਹਾਂ ਦੇ ਸਭ ਤੋਂ ਪਹਿਲਾਂ ਪਾਸਪੋਰਟ ਖੋਹ ਲਏ ਗਏ ਸਨ। ਕਈ-ਕਈ ਦਿਨ ਉਨ੍ਹਾਂ ਨੂੰ ਖਾਣਾ ਨਹੀਂ ਦਿੱਤਾ ਜਾਂਦਾ ਸੀ ਤੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਜਾਂਦੀ ਸੀ। ਇਨ੍ਹਾਂ ਲੜਕੀਆਂ ਨੇ ਕਿਹਾ ਕਿ ਉਹ ਆਪਣੀ ਗਰੀਬੀ ਚੁੱਕਣ ਦੇ ਸੁਪਨੇ ਦੇਖ ਕੇ ਗਈਆਂ ਸਨ ਪਰ ਉਥੇ ਪਹੁੰਚਦਿਆਂ ਹੀ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਗਏ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਟ੍ਰੈਵਲ ਏਜੰਟਾਂ ਨੇ ਉਨ੍ਹਾਂ ਨੂੰ ਉਧਰ ਵੇਚ ਦਿੱਤਾ ਹੈ। ਲੜਕੀਆਂ ਨੇ ਦੱਸਿਆ ਕਿ ਜਿੱਥੇ ਉਨ੍ਹਾਂ ਦੀ ਕੁੱਟਮਾਰ ਕੀਤੀ ਜਾਂਦੀ ਸੀ, ਉਥੇ ਹੀ ਉਨ੍ਹਾਂ ਨੂੰ ਗਲਤ ਧੰਦਿਆਂ ਵੱਲ ਤੋਰਨ ਲਈ ਵੀ ਮਜਬੂਰ ਕੀਤਾ ਜਾਂਦਾ ਸੀ।

ਮਸਕਟ ਤੋਂ ਵਾਪਸ ਆਈ ਲੜਕੀ ਨੇ ਕਿਹਾ ਕਿ ਉਸ ਨੂੰ ਵੀ ਉਥੋਂ ਦੇ ਟ੍ਰੈਵਲ ਏਜੰਟ ਵੱਲੋਂ ਉਥੇ ਫਸਾ ਦਿੱਤਾ ਗਿਆ ਸੀ, ਜਿਥੇ ਪਹੁੰਚਦਿਆਂ ਹੀ ਉਸ ਦੀ ਤਬੀਅਤ ਖਰਾਬ ਹੋ ਗਈ ਪਰ ਫਿਰ ਵੀ ਏਜੰਟ ਵੱਲੋਂ ਉਸ ਕੋਲੋਂ ਘਰਾਂ ’ਚ ਧੱਕੇ ਨਾਲ ਕੰਮ ਕਰਵਾਇਆ ਜਾ ਰਿਹਾ ਸੀ। ਉਸ ਦਾ ਕੋਈ ਵੀ ਇਲਾਜ ਨਹੀਂ ਸੀ ਕਰਵਾਇਆ ਜਾ ਰਿਹਾ। ਵਾਪਸ ਆਈਆਂ ਇਨ੍ਹਾਂ ਲੜਕੀਆਂ ਨੇ ਦੱਸਿਆ ਕਿ ਏਜੰਟਾਂ ਵੱਲੋਂ ਉਨ੍ਹਾਂ ਨੂੰ ਛੱਡਣ ਲਈ ਪਰਿਵਾਰਾਂ ਕੋਲੋਂ ਲੱਖਾਂ ਰੁਪਏ ਦੀ ਮੰਗ ਕੀਤੀ ਜਾ ਰਹੀ ਸੀ।


## ਗੁਰਦੁਆਰਾ ਸੋਧ ਬਿੱਲ; ਮੁਤਵਾਜ਼ੀ ਜਥੇਦਾਰ ਮੰਡ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਤਨਖਾਹੀਆ ਕਰਾਰ

**ਅੰਮ੍ਰਿਤਸਰ, (ਪੰਜਾਬ ਮੇਲ)-** ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਕਰਕੇ ਤੇ ਸਿੱਖ ਧਰਮ ਵਿਚ ਬੇਲੋੜੀ ਦਖਲਅੰਦਾਜ਼ੀ ਕਰਨ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖ਼ਤ ਵਲੋਂ ਤਨਖਾਹੀਆ ਕਰਾਰ ਦਿੱਤਾ ਹੈ। ਇਸ ਸਬੰਧੀ ਆਦੇਸ਼ ਉਨ੍ਹਾਂ ਸ੍ਰੀ ਅਕਾਲ ਤਖਤ ਸਕੱਤਰੇਤ ਸਾਹਮਣੇ ਜਾਰੀ ਕੀਤਾ। ਮੁਤਵਾਜ਼ੀ ਜਥੇਦਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੀਜੀ ਵਾਰ ਅਕਾਲ ਤਖਤ ’ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਸੀ ਪਰ ਉਹ ਨਹੀਂ ਆਏ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਦੋ ਵਾਰ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਆਪਣੇ ਦੋ ਵਿਧਾਇਕਾਂ ਸਰਵਣ ਸਿੰਘ ਧੁੰਨ ਅਤੇ ਕਰਮਵੀਰ ਸਿੰਘ ਘੁਮਾਣ ਰਾਹੀਂ ਇਕ ਪੱਤਰ ਭੇਜਿਆ ਸੀ ਪਰ ਇਹ ਪੱਤਰ ਵੀ ਮੁੱਖ ਮੰਤਰੀ ਦਾ ਸਪੱਸ਼ਟੀਕਰਨ ਨਹੀਂ, ਸਗੋਂ ਵਿਧਾਇਕ ਸਰਵਣ ਸਿੰਘ ਧੁੰਨ ਵੱਲੋਂ ਲਿਖਿਆ ਹੋਇਆ ਸੀ, ਜਿਸ ਵਿਚ ਸਿਰਫ ਚਾਰ ਪੰਕਤੀਆਂ ਦਰਜ ਹਨ। ਇਹ ਪੱਤਰ ਮੀਡੀਆ ਅੱਗੇ ਪੜ੍ਹ ਕੇ ਸੁਣਾਇਆ ਗਿਆ।

ਭਾਈ ਮੰਡ ਨੇ ਆਖਿਆ ਕਿ ਹਾਜ਼ਰ ਨਾ ਹੋਣ ਤੋਂ ਇਹ ਲੱਗਦਾ ਹੈ ਕਿ ਮੁੱਖ ਮੰਤਰੀ ਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ ਹੈ। ਉਨ੍ਹਾਂ ਸਮੁੱਚੇ ਖਾਲਸਾ ਪੰਥ ਅਤੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਜਦੋਂ ਤੱਕ ਉਹ ਸ੍ਰੀ ਅਕਾਲ ਤਖਤ ’ਤੇ ਪੇਸ਼ ਹੋ ਕੇ ਮੁਆਫੀ ਨਹੀਂ ਮੰਗਦੇ, ਉਨ੍ਹਾਂ ਨੂੰ ਕਿਸੇ ਪੰਥਕ ਸਮਾਗਮ ਜਾ ਗੁਰਦੁਆਰੇ ਦੀ ਸਟੇਜ ਤੋਂ ਬੋਲਣ ਨਾ ਦਿੱਤਾ ਜਾਵੇ ਅਤੇ ਨਾ ਹੀ ਸਿਰੋਪਾ ਦਿੱਤਾ ਜਾਵੇ।

## ਸਾਬਕਾ ਉਪ ਮੁੱਖ ਮੰਤਰੀ ਓ.ਪੀ. ਸੋਨੀ ਦੀ ਜ਼ਮਾਨਤ ਅਰਜ਼ੀ ਰੱਦ

**ਅੰਮ੍ਰਿਤਸਰ, (ਪੰਜਾਬ ਮੇਲ)-** ਇਥੋਂ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਓ.ਪੀ. ਸੋਨੀ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਉਨ੍ਹਾਂ ’ਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹਨ। ਫਿਲਹਾਲ ਉਹ ਨਿਆਂਇਕ ਹਿਰਾਸਤ ਵਿਚ ਸਥਾਨਕ ਕੇਂਦਰੀ ਜੇਲ੍ਹ ਵਿਚ ਬੰਦ ਹਨ। ਵਿਜੀਲੈਂਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਵੇਰਵਿਆਂ ਮੁਤਾਬਿਕ ਸ਼੍ਰੀ ਸੋਨੀ ਨੇ ਮੈਡੀਕਲ ਆਧਾਰ ’ਤੇ ਅੰਤਰਿਮ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ।





L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਵਾਨ ਵਾਲਾ ਮੰਜਾ ਸੇਲ 'ਤੇ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਾਮਾਨ
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
Red Label Tea 900 Gm $ 3.99
Bio Bidet Elite 2 $ 39.99+Tax (Smart Lota)
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
only $ 41.99+Tax
ਇੰਡੀਆ ਤੋਂ Mattress ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਜਗ੍ਹਾ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Hardev Singh Visla Baksho Kaur Visla
530-671-0439, Fax-530-822-0439
cell- 530-844-3250.
ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕੇਟ ਮੁਫ਼ਤ
» ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
» ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
» ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇਥੋਂ ਖਰੀਦੋ।
ਲਾਈਨਿੰਗ
ਸੂੱਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ ਵਾਲੀ ਹੁਣ 1.79 ਡਾਲਰ ਪ੍ਰਤੀ ਗਜ ਦੀ ਖਰੀਦੋ
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿੱਚ ਖਰੀਦੋ
buy 5 get one free


PUNJAB MAIL USA
TV Channel, Newspaper, Radio
All over America, Canada, Australia & Europe
24 Hours 7 Days
Gold # 2867, Gem # 375, TV Zon # 6888,
Glow TV # 1828, Real TV etc.
You can also watch on our website: PunjabMailUSA.com
For any Information & Advertisement Call at
+1-916-280-8811 or +1-916-320-9444
E-mail: punjabmailtv@gmail.com Web: punjabmailusa.com


TRANSCORP
Hiring Owner Operators & Drivers
ਓਨਰ ਅਪਰੇਟਰ ਅਤੇ ਟਰੱਕ ਡਰਾਈਵਰ ਤੁਰੰਤ ਮਿਲੋ।
ਤੁਸੀਂ ਸਾਡੇ ਟਰੇਲਰ ਵੀ ਰੈਂਟ ਕਰ ਸਕਦੇ ਹੋ।
ਕੈਲੀਫੋਰਨੀਆ, ਓਰੇਗਨ, ਵਾਸ਼ਿੰਗਟਨ ਸਟੇਟ, ਕਲਾਰਾਡੋ, ਈਸਟ ਕੋਸਟ, ਮਿਡ ਵੈਸਟ ਦੇ ਲੋਡ ਉਪਲੱਬਧ ਹਨ।
ਲੋਡ ਦੇ ਪੇਪਰ ਦਿਓ ਤੇ ਪੇਮੈਂਟ ਲਵੋ
ਜੇ ਕਿਸੇ ਕੋਲ ਫਾਈਨਾਂਸ ਦੀ ਪ੍ਰਾਬਲਮ ਹੈ ਤਾਂ ਉਸ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ।
TRANSCORP
23687 AVENUE 19
MADERA, CA-93638
Phone: 800-317-2577
Fax: 800-405-2480
E-mail: dispatch@transcorp247.com
Designed By Punjab Mail USA

## 'ਜੋ ਦਿਖਾ, ਸੋ ਲਿਖਾ'

# ਅੰਧਕਾਰ ਵਿਚ ਫਸਦਾ ਜਾ ਰਿਹੈ ਰੰਗਲੇ ਪੰਜਾਬ ਦਾ ਭਵਿੱਖ

## ਨੇਤਾਵਾਂ ਦੀ ਮਾੜੀ ਭਾਸ਼ਾ ਅਤੇ ਹੜ੍ਹਾਂ ਨਾਲ ਸੂਬੇ ਦਾ ਹੋ ਰਿਹੈ ਨੁਕਸਾਨ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)



ਕਿਸੇ ਸਮੇਂ ਦੇਸ਼ ਦਾ ਹਰ ਪੱਖ ਤੋਂ ਪਹਿਲੇ ਨੰਬਰ ਦਾ ਸੂਬਾ ਪੰਜਾਬ ਇਸ ਸਮੇਂ ਵਧੀਆਂ ਸਮੱਸਿਆਵਾਂ ਵਿਚ ਉਲਝਿਆ ਨਜ਼ਰ ਆ ਰਿਹੈ। ਰਵਾਇਤੀ ਪਾਰਟੀਆਂ ਦੀ ਲੁੱਟ ਤੋਂ ਬੇਹਾਲ ਹੋਏ ਪੰਜਾਬੀਆਂ ਨੇ ਬਦਲਾਅ ਲਿਆਉਣ ਦੀ ਆਸ ਨਾਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਮਜ਼ਬੂਤ ਸਰਕਾਰ ਬਣਾਈ ਸੀ। ਪਰ ਰਾਜ ਕਰ ਰਹੀ ਪਾਰਟੀ ਦੇ ਲੀਡਰਾਂ ਦੀ ਭਾਸ਼ਾ ਅਤੇ ਰਵੱਈਆ ਆਏ ਦਿਨ ਵਿਗੜਦਾ ਜਾ ਰਿਹੈ, ਉਸ ਤੋਂ ਜਨਤਾ ਦਾ ਰੰਗਲੇ ਪੰਜਾਬ ਦਾ ਸੁਪਨਾ ਚਕਨਾਚੂਰ ਹੋ ਰਿਹੈ। ਸੂਬੇ ਦੀ ਜਵਾਨੀ ਬੇਰੁਜ਼ਗਾਰੀ ਅਤੇ ਨਸ਼ਿਆਂ ਕਾਰਨ ਵਿਦੇਸ਼ਾਂ ਵੱਲ ਜਾ ਰਹੀ ਹੈ। ਖਬਰ ਹੈ ਕਿ ਅਗਸਤ ਮਹੀਨੇ ਵਿਚ ਹੀ 2.5 ਲੱਖ ਨੌਜਵਾਨਾਂ ਬਾਹਰਲੇ ਮੁਲਕਾਂ ਵਿਚ ਜਾਣ ਲਈ ਜਹਾਜ਼ ਚੜ੍ਹ ਰਹੇ ਨੇ। ਇਸ ਹਿਸਾਬ ਨਾਲ ਤਾਂ ਆਉਂਦੇ 10 ਸਾਲਾਂ ਪਿੱਛੋਂ ਪੰਜਾਬ ਵਿਚ ਪੜ੍ਹੇ-ਲਿਖੇ ਨੌਜਵਾਨ ਲੱਭਣੇ ਮੁਸ਼ਕਲ ਹੋਣਗੇ। ਇੱਕ ਪਾਸੇ ਸੂਬਾ ਸਭ ਤੋਂ ਭਿਆਨਕ ਹੜ੍ਹਾਂ ਦੀ ਮਾਰ ਨਾਲ ਬਰਬਾਦ ਹੋ ਰਿਹੈ, ਦੂਜੇ ਪਾਸੇ ਮੁੱਖ ਮੰਤਰੀ ਸਮੇਤ ਰਾਜ ਕਰ ਰਹੀ ਪਾਰਟੀ ਦੇ ਲੀਡਰਾਂ ਦੇ ਵਿਵਹਾਰ ਅਤੇ ਮੰਦੀ ਭਾਸ਼ਾ ਕਾਰਨ ਦਿਸ਼ਾਹੀਣ ਦਿਖਾਈ ਦੇ ਰਿਹੈ। ਆਰਥਿਕ ਤੌਰ 'ਤੇ ਪਹਿਲਾਂ ਹੀ ਬਰਬਾਦ ਹੋਏ ਸੂਬੇ ਦੇ ਚੰਗੇ ਦਿਨ ਪਰਤਣ ਦੀ ਕੋਈ ਆਸ ਬਾਕੀ ਬਚੀ ਦਿਖਾਈ ਨਹੀਂ ਦੇ ਰਹੀ। ਇਸ ਸਮੇਂ ਵਿਰੋਧੀ ਪਾਰਟੀਆਂ ਵੀ ਗੰਭੀਰ ਫੁੱਟ ਦਾ ਸ਼ਿਕਾਰ ਨੇ ਅਤੇ ਸੂਬੇ ਦੇ ਮੁੱਖ ਮੁੱਦਿਆਂ 'ਤੇ ਕੋਈ ਮਜ਼ਬੂਤ ਲੜਾਈ ਦੇਣ ਦੇ ਸਮਰਥ ਨਹੀਂ ਜਾਪਦੀਆਂ। ਇਸ ਲੇਖ 'ਚ ਅੱਜ ਸੂਬੇ ਵਿਚ ਨੇਤਾਵਾਂ ਦੀ ਆਪਸੀ ਤੁਹਮਤ ਬਾਜ਼ੀ ਅਤੇ ਹੜ੍ਹਾਂ ਕਾਰਨ ਹੋ ਰਹੇ ਨੁਕਸਾਨ 'ਤੇ ਵਿਚਾਰ ਕਰਾਂਗੇ।

### ਕੁੜੱਤਣ ਭਰੀ ਭੱਦੀ ਸ਼ਬਦਾਵਲੀ

ਦੇਖਿਆ ਜਾਏ ਤਾਂ ਇਸ ਸਮੇਂ ਪੰਜਾਬ ਵਿਚ ਮੁੱਦਿਆਂ ਉੱਪਰ ਕੋਈ ਉਸਾਰੂ ਰਾਜਨੀਤੀ ਨਹੀਂ ਹੋ ਰਹੀ। ਮੁੱਖ ਮੰਤਰੀ ਅਤੇ ਵਿਰੋਧੀ ਨੇਤਾਵਾਂ ਵਿਚਕਾਰ ਚੱਲ ਰਹੇ ਦੋਸ਼-ਪ੍ਰਤੀਦੋਸ਼ ਦੌਰਾਨ ਸ਼ਬਦਾਵਲੀ ਦਾ ਮਿਆਰ ਬਹੁਤ ਹੀ ਹੇਠਲੀ ਪੱਧਰ 'ਤੇ ਜਾ ਪੁੱਜਾ ਹੈ। ਮੁੱਖ ਮੰਤਰੀ ਦਾ ਵਿਰੋਧੀ ਨੇਤਾਵਾਂ ਨਾਲ ਹਰ ਵਿਸ਼ੇ 'ਤੇ ਉਲਝਣਾਂ ਆਮ ਜਿਹਾ ਵਰਤਾਰਾ ਬਣ ਚੁੱਕਿਆ ਹੈ। ਬੀਤੇ ਦਿਨੀਂ ਮੁੱਖ ਮੰਤਰੀ ਵੱਲੋਂ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਸਾਬਕਾ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਪ੍ਰਤੀ ਬਹੁਤ ਹੀ ਇਤਰਾਜ਼ਯੋਗ ਸ਼ਬਦਾਵਲੀ ਦਾ ਇਸਤੇਮਾਲ ਹੋਇਆ ਹੈ। ਮੁੱਖ ਮੰਤਰੀ ਵੱਲੋਂ ਵਿਰੋਧੀ ਨੇਤਾਵਾਂ ਨੂੰ ਨਿੱਜੀ ਹਮਲੇ ਕਰਕੇ ਬੇਈਮਾਨ ਅਤੇ ਭ੍ਰਿਸ਼ਟ ਹੋਣ ਦੇ ਸਿੱਧੇ ਇਲਜ਼ਾਮ ਲਗਾਏ ਗਏ। ਆਮ ਕਰਕੇ ਮੁੱਖ ਮੰਤਰੀ ਤੋਂ ਨਿੱਜੀ ਤੌਰ 'ਤੇ ਅਜਿਹੇ ਵਰਤਾਰੇ ਅਤੇ ਭਾਸ਼ਾ ਦੀ ਆਸ ਨਹੀਂ ਕੀਤੀ ਜਾਂਦੀ। ਮੁੱਖ ਮੰਤਰੀ ਦੀ ਟਿੱਪਣੀਆਂ ਦਾ ਜਵਾਬ ਇਨ੍ਹਾਂ ਨੇਤਾਵਾਂ ਵੱਲੋਂ ਉਸੇ ਭਾਸ਼ਾ ਵਿਚ ਦਿੱਤਾ ਗਿਆ ਅਤੇ ਮੁੱਖ ਮੰਤਰੀ ਨੂੰ ਪੂਰੀ ਸ਼ਕਤੀ ਨਾਲ ਕਾਰਵਾਈ ਕਰਨ ਦੇ ਚੈਲੇਂਜ ਵੀ ਕੀਤੇ ਗਏ। ਮੁੱਖ ਮੰਤਰੀ ਕਿਸੇ ਵੀ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਦੀ ਪੂਰੀ ਸ਼ਕਤੀ ਰੱਖਦੇ ਨੇ ਅਤੇ ਬਣਦਾ ਤਾਂ ਇਹ ਹੈ ਕਿ ਜੇਕਰ ਕਿਸੇ ਵੀ ਵਿਅਕਤੀ 'ਤੇ ਕੋਈ ਦੋਸ਼ ਹਨ, ਤਾਂ ਉਨ੍ਹਾਂ ਖਿਲਾਫ ਪੜਤਾਲ ਕਰਾ ਕੇ ਕਾਰਵਾਈ ਕਰਨ ਅਤੇ ਖੁਦ ਮਾੜੀ ਭਾਸ਼ਾ ਵਰਤਣ ਤੋਂ ਪਰਹੇਜ਼ ਕਰਨ। ਵਿਰੋਧੀਆਂ ਦਾ ਕਹਿਣੈ ਕਿ ਮੁੱਖ ਮੰਤਰੀ ਆਪਣੀ ਪਾਰਟੀ ਦੇ ਭ੍ਰਿਸ਼ਟਾਚਾਰ ਅਤੇ ਅਨੈਤਿਕ ਦੋਸ਼ਾਂ ਵਿਚ ਲਿਪਤ ਲੀਡਰਾਂ ਖਿਲਾਫ ਕਾਰਵਾਈ ਨਹੀਂ ਕਰਦੇ ਹਨ, ਵਿਰੋਧੀਆਂ ਨੂੰ ਬਦਨਾਮ ਕਰਨ ਵਿਚ ਲੱਗੇ ਰਹਿੰਦੇ ਨੇ। ਭੱਦੀ ਸ਼ਬਦਾਵਲੀ ਕਾਰਨ ਹੀ ਰਾਜਪਾਲ ਅਤੇ ਕੇਂਦਰ ਨਾਲ ਮੁੱਖ ਮੰਤਰੀ ਦਾ ਲਗਾਤਾਰ ਕਲੇਸ਼ ਚੱਲ ਰਿਹੈ। ਇਸ ਨਾਲ ਪੰਜਾਬ ਦਾ ਭਾਰੀ ਨੁਕਸਾਨ ਵੀ ਹੋ ਰਿਹੈ। ਮੁੱਖ ਮੰਤਰੀ ਰਾਜਪਾਲ ਨੂੰ ਬੀ.ਜੇ.ਪੀ. ਦਾ ਏਜੰਟ, ਵਿਹਲਾ ਅਤੇ ਚਿੱਠੀਆਂ ਨੂੰ ਲਵ-ਲੈਟਰ ਕਹਿਣ ਵਰਗੀ ਮਾੜੀ ਭਾਸ਼ਾ ਵਰਤਦੇ ਨੇ। ਇਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਰਾਜਪਾਲ ਦਾ ਕਹਿਣੈ ਕਿ ਸੁਪਰੀਮ ਕੋਰਟ ਦੇ ਆਦੇਸ਼ ਦੇ ਬਾਵਜੂਦ ਮੁੱਖ ਮੰਤਰੀ ਉਨ੍ਹਾਂ ਦੀਆਂ ਚਿੱਠੀਆਂ ਦਾ ਉਤਰ ਨਹੀਂ ਦੇ ਰਹੇ। ਰਾਜਪਾਲ ਕਹਿ ਚੁੱਕੇ ਨੇ ਕਿ ਉਹ ਮੁੱਖ ਮੰਤਰੀ ਵੱਲੋਂ ਹੋ ਰਹੇ ਅਪਮਾਨ ਅਤੇ ਗੈਰ ਸੰਵਿਧਾਨਕ ਚਲਣ ਦਾ ਮਾਮਲਾ ਰਾਸ਼ਟਰਪਤੀ ਪਾਸ ਉਠਾ ਸਕਦੇ ਹਨ, ਜਿਸ ਨਾਲ ਵੱਡੀ ਸਮੱਸਿਆ ਪੈਦਾ ਹੋ ਸਕਦੀ ਹੈ। ਹੁਣੇ-ਹੁਣੇ 'ਆਪ' ਦੇ ਇਕ ਐੱਮ.ਐੱਲ.ਏ. ਵਲੋਂ ਥਾਣੇਦਾਰ ਦੀ ਦਫਤਰ ਬੁਲਾ ਕੇ ਪਿਟਾਈ ਦੇ ਮਾਮਲੇ 'ਤੇ ਵੀ ਮੁੱਖ ਮੰਤਰੀ ਨੇ ਚੁੱਪ ਸਾਧ ਰੱਖੀ ਹੈ।

### ਹੜ੍ਹਾਂ ਨਾਲ ਭਾਰੀ ਤਬਾਹੀ

ਇਸ ਵਾਰ ਪਹਾੜੀ ਸੂਬਾ ਹਿਮਾਚਲ 'ਚ ਹੋਈ ਰਿਕਾਰਡਤੋੜ ਬਾਰਿਸ਼ ਨਾਲ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਾ ਹੈ। ਭਾਖੜਾ ਅਤੇ ਪੌਂਗ ਡੈਮਾਂ ਵਿਚ ਪਾਣੀ ਖਤਰੇ ਦੇ ਨਿਸ਼ਾਨ 'ਤੇ ਪੁੱਜਣ ਕਾਰਨ ਫਲੱਡ ਗੇਟ ਖੋਲ੍ਹਣੇ ਪਏ ਨੇ। ਇਸ ਨਾਲ ਪੰਜਾਬ ਦੇ ਸਤਲੁਜ, ਬਿਆਸ, ਰਾਵੀ, ਉਝ ਅਤੇ ਘੱਗਰ ਦਰਿਆਵਾਂ ਵਿਚ ਵਧੇਰੇ ਪਾਣੀ ਆਉਣ ਕਾਰਨ ਬਹੁਤ ਥਾਵਾਂ 'ਤੇ ਪਾੜ ਪਏ ਹੋਏ ਨੇ। ਸੂਬੇ ਦੇ 19 ਜ਼ਿਲ੍ਹਿਆਂ ਦੇ 1500 ਤੋਂ ਵਧੇਰੇ ਪਿੰਡ ਪੂਰੀ ਤਰ੍ਹਾਂ ਹੜ੍ਹ ਦੀ ਮਾਰ ਝੱਲ ਰਹੇ ਨੇ। ਬਹੁਤ ਸਾਰੇ ਘਰਾਂ ਵਿਚ ਪਾਣੀ ਭਰ ਚੁੱਕਿਆ ਹੈ ਅਤੇ ਸੰਪਰਕ ਦੂਜੇ ਇਲਾਕਿਆਂ ਨਾਲੋਂ ਟੁੱਟ ਚੁੱਕਾ ਹੈ। ਫ਼ਸਲਾਂ, ਘਰਾਂ ਅਤੇ ਪਸ਼ੂਆਂ ਦਾ ਵੀ ਬੇਹਿਸਾਬਾ ਨੁਕਸਾਨ ਹੋਇਆ ਹੈ। ਸੂਬੇ ਦੇ ਮੁੱਖ ਸਕੱਤਰ ਅਨੁਸਾਰ ਕੁੱਲ ਮਿਲਾ ਕੇ 1500 ਕਰੋੜ ਵਧੇਰੇ ਨੁਕਸਾਨ ਦਾ ਅਨੁਮਾਨ ਹੈ। ਦਰਿਆਵਾਂ ਵਿਚ ਆਏ ਹੜ੍ਹਾਂ ਨੇ ਪਿੰਡਾਂ ਵਿਚ ਨੁਕਸਾਨ ਕੀਤਾ ਹੈ। ਪਿੰਡਾਂ ਦੇ ਲੋਕਾਂ ਨੇ ਆਪਣੇ ਸਾਧਨਾਂ ਰਾਹੀਂ ਬੰਨ੍ਹਾਂ ਵਿਚ ਪਏ ਵੱਡੇ ਪਾੜ ਸਰਕਾਰੀ ਸਹਾਇਤਾ ਤੋਂ ਬਗੈਰ ਦਿਨ-ਰਾਤ ਲਗਾ ਕੇ ਪੂਰੇ ਨੇ। ਭਾਰਤ-ਪਾਕਿਸਤਾਨ ਸਰਹੱਦ 'ਤੇ ਬੀ.ਐੱਸ.ਐੱਫ. ਦੇ ਜਵਾਨਾਂ ਅਤੇ ਲੋਕਾਂ ਨੇ ਇਕੱਠੇ ਹੋ ਕੇ ਕਰੀਬ 2200 ਮੀਟਰ ਲੰਮਾ ਸੁਰੱਖਿਆ ਬੰਨ੍ਹ ਮਾਰਿਆ ਹੈ, ਜਿਸ ਨਾਲ ਕਰੀਬ 1200 ਹੈਕਟੇਅਰ ਫ਼ਸਲ ਦਾ ਬਚਾਅ ਹੋਇਆ ਹੈ। ਬੀਤੇ ਦਿਨੀਂ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਮਿਲਣ ਵਾਲੇ ਥਾਂ ਹਰੀਕੇ ਲਾਗੇ ਵੱਡਾ ਪਾੜ ਪਿਆ, ਜਿਸ ਨਾਲ ਦਰਜਨਾਂ ਪਿੰਡ ਪਾਣੀ ਵਿਚ ਘਿਰ ਗਏ ਨੇ। ਲੱਖਾਂ ਕਿਊਸਿਕ ਪਾਣੀ ਹੁਸੈਨੀਵਾਲਾ ਬੈਰਾਜ ਤੋਂ ਪਾਕਿਸਤਾਨ ਵਾਲੇ ਪਾਸੇ ਛੱਡਿਆ ਗਿਆ ਹੈ।

ਐੱਨ.ਡੀ.ਆਰ.ਐੱਫ. ਦੀਆਂ ਟੀਮਾਂ ਪਿੰਡਾਂ ਵਿਚ ਫਸੇ ਲੋਕਾਂ ਨੂੰ ਕੱਢ ਰਹੀਆਂ ਨੇ ਅਤੇ ਜ਼ਰੂਰਤਮੰਦਾਂ ਦੀ ਮਦਦ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਵੀ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਗਏ ਅਤੇ ਪੀੜਤਾਂ ਨੂੰ ਹਰ ਤਰ੍ਹਾਂ ਦੇ ਨੁਕਸਾਨ ਦੇ ਪੂਰੇ ਮੁਆਵਜ਼ੇ ਦਾ ਵਿਸ਼ਵਾਸ ਦਿਵਾ ਚੁੱਕੇ ਨੇ। ਪਰ ਦੇਖਣਾ ਹੋਏਗਾ ਕਿ ਕੇਂਦਰ ਦੇ ਨਿਰਧਾਰਿਤ ਦਰ ਤੋਂ ਵਧੇਰੇ ਮੁਆਵਜ਼ਾ ਕਿਵੇਂ ਦੇਣਗੇ। ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ 'ਤੇ ਬਣੀਆਂ ਸੁਰੱਖਿਆ ਬਲ ਦੀਆਂ ਦੋ ਚੌਕੀਆਂ ਤਾਂ ਪੂਰੀ ਤਰ੍ਹਾਂ ਪਾਣੀ ਵਿਚ ਡੁੱਬ ਗਈਆਂ ਹਨ, ਜਦੋਂਕਿ ਚਾਰ ਚੌਕੀਆਂ ਚਾਰੇ ਪਾਸਿਓਂ ਪਾਣੀ ਨਾਲ ਘਿਰੀਆਂ ਹੋਈਆਂ ਹਨ। ਰਾਹਤ ਦੀ ਖ਼ਬਰ ਹੈ ਕਿ ਹੁਣ ਡੈਮਾਂ 'ਚੋਂ ਪਾਣੀ ਘੱਟ ਛੱਡਿਆ ਜਾ ਰਿਹਾ ਹੈ, ਜਿਸ ਨਾਲ ਬਚਾਅ ਕੰਮ ਤੇਜ਼ੀ ਨਾਲ ਹੋ ਸਕਣਗੇ। ਨੁਕਸਾਨ ਦਾ ਜਾਇਜ਼ਾ ਲੈਣ ਲਈ ਕੇਂਦਰ ਦੀ ਵਿਸ਼ੇਸ਼ ਟੀਮ ਨੇ ਦੌਰਾ ਕੀਤਾ ਹੈ। ਸਰਕਾਰ ਨੇ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਨੇ। ਵਿਰੋਧੀ ਪਾਰਟੀਆਂ ਵਲੋਂ ਪੀੜਤ ਲੋਕਾਂ ਨੂੰ ਜਲਦੀ ਰਾਹਤ ਅਤੇ ਮੁਆਵਜ਼ਾ ਨਾ ਦੇਣ ਲਈ ਸਰਕਾਰ ਦੀ ਆਲੋਚਨਾ ਕੀਤੀ ਜਾ ਰਹੀ ਹੈ। ਪਹਿਲਾਂ ਹੀ 3 ਲੱਖ ਕਰੋੜ ਤੋਂ ਵਧ ਦੇ ਕਰਜ਼ੇ ਹੇਠ ਦੱਬੇ ਸੂਬੇ ਲਈ ਹੜ੍ਹਾਂ ਦੀ ਭਾਰੀ ਮਾਰ ਝੱਲਣੀ ਆਸਾਨ ਨਹੀਂ, ਇਸ ਔਖੇ ਵਖਤ ਕੇਂਦਰ ਸਰਕਾਰ ਨੂੰ ਵੀ ਰਾਹਤ ਫੰਡ ਵਿਚੋਂ ਖੁੱਲ੍ਹ ਕੇ ਮਦਦ ਕਰਨੀ ਬਣਦੀ ਹੈ। ਹੜ੍ਹਾਂ ਦੀ ਮਾਰ ਵਿਚੋਂ ਉਭਰਨਾ ਸੂਬੇ ਲਈ ਇੱਕ ਬਹੁਤ ਵੱਡਾ ਚੈਲੇਂਜ ਹੈ। ਬੇਸ਼ੱਕ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਪੀੜਤ ਲੋਕਾਂ ਲਈ ਦੀ ਸਹਾਇਤਾ ਲਈ ਦਿਨ-ਰਾਤ ਕੰਮ ਕਰ ਰਹੀਆਂ ਨੇ, ਫਿਰ ਵੀ ਮੁੱਖ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੀ ਬਣਦੀ ਹੈ। ਅਜਿਹੇ ਮਾੜੇ ਹਾਲਾਤਾਂ ਵਿਚ ਮੁੱਖ ਮੰਤਰੀ ਦੀ ਕੁਦਰਤੀ ਆਫ਼ਤ ਸਮੇਂ ਕੇਜਰੀਵਾਲ ਦੇ ਨਾਲ ਛੱਤੀਸਗੜ੍ਹ ਜਾ ਕੇ ਚੋਣ ਰੈਲੀ ਕਰਨ ਦੀ ਤਿੱਖੀ ਆਲੋਚਨਾ ਹੋ ਰਹੀ ਹੈ। 'ਆਪ' ਸੁਪਰੀਮੋ ਕੇਜਰੀਵਾਲ ਦਾ ਚੋਣ ਰੈਲੀਆਂ ਲਈ ਹੋਰ ਸੂਬਿਆਂ ਵਿਚ ਜਾਣਾ, ਪਰ ਹੜ੍ਹਾਂ ਵਿਚ ਡੁੱਬੇ ਪੰਜਾਬ ਦੀ ਸਾਰ ਨਾ ਲੈਣਾ ਵੀ ਕਾਫੀ ਅੱਖਰ ਰਿਹਾ ਹੈ।

ਕੁੱਲ ਮਿਲਾ ਕੇ ਦੇਖਿਆ ਜਾਏ, ਤਾਂ ਮੁੱਖ ਮੰਤਰੀ ਦੀ ਸ਼ਬਦਾਵਲੀ ਨੂੰ ਇਸ ਉੱਚੇ ਅਹੁਦੇ ਦੇ ਮਿਆਰ ਅਨੁਕੂਲ ਨਹੀਂ ਕਿਹਾ ਜਾ ਸਕਦਾ ਅਤੇ ਅਜਿਹਾ ਵਰਤਾਰਾ ਸਮੁੱਚੇ ਪੰਜਾਬ ਨੂੰ ਭਾਰੀ ਨੁਕਸਾਨ ਪਹੁੰਚਾ ਰਿਹੈ। ਜਦੋਂ ਸੂਬਾ ਪਹਿਲਾਂ ਹੀ ਹੜ੍ਹਾਂ ਨਾਲ ਭਾਰੀ ਤਬਾਹੀ ਦਾ ਸਾਹਮਣਾ ਕਰ ਰਿਹੈ, ਤਾਂ ਮੁੱਖ ਮੰਤਰੀ ਨੂੰ ਸਭ ਤੋਂ ਵਧ ਧਿਆਨ ਕੇਂਦਰ ਸਰਕਾਰ ਨਾਲ ਰਾਬਤਾ ਸਾਧ ਕੇ ਵਧੇਰੇ ਫੰਡ ਲਿਆਉਣ ਵੱਲ ਦੇਣਾ ਚਾਹੀਦਾ ਹੈ, ਤਾਂ ਕਿ ਹੜ੍ਹ ਪੀੜਤਾਂ ਨੂੰ ਐਲਾਨਿਆ ਗਿਆ ਮੁਆਵਜ਼ਾ ਸਮੇਂ ਸਿਰ ਦਿੱਤਾ ਜਾ ਸਕੇ।









# ਧਰਤੀ ’ਤੇ ਜੈਵ-ਵਿਵਿਧ ਨਿਵਾਸ ਸਥਾਨ





-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ,
ਮਲੋਟ (ਪੰਜਾਬ)
(Punjab Mail USA)


ਹਾਲ ਹੀ ਦੇ ਇੱਕ ਅਧਿਐਨ ਵਿਚ ਪਾਇਆ ਗਿਆ ਹੈ ਕਿ ਮਿੱਟੀ ਵਿਚ ਧਰਤੀ ਦੇ ਸਾਰੇ ਜੀਵਨ ਦਾ 59 ਪ੍ਰਤੀਸ਼ਤ ਘਰ ਹੈ, ਮਿੱਟੀ ਦੀ ਸਤ੍ਹਾ ’ਤੇ ਖਾਣ ਵਾਲੇ ਕੀੜੇ ਤੋਂ ਲੈ ਕੇ ਮਿੱਟੀ ਦੇ ਛਾਲੇ ਵਿਚ ਵਸੇ ਇੱਕ ਛੋਟੇ ਜੀਵਾਣੂ ਤੱਕ। ਇਹ ਖੋਜ ਧਰਤੀ ’ਤੇ ਸਭ ਤੋਂ ਵੱਧ ਜੈਵ-ਵਿਵਿਧ ਨਿਵਾਸ ਸਥਾਨ ਵਜੋਂ ਮਿੱਟੀ ਨੂੰ ਤਾਜ ਦਿੰਦੀ ਹੈ। ਪੇਪਰ ਦਾ ਅੰਦਾਜ਼ਾ ਹੈ ਕਿ ਆਰਥਰੋਪੌਡ ਦੀਆਂ ਲਗਭਗ 2 ਮਿਲੀਅਨ ਕਿਸਮਾਂ (ਕੀੜੇ ਅਤੇ ਮੱਕੜੀ ਸੋਚੋ) ਮਿੱਟੀ ਵਿਚ ਵੱਸਦੀਆਂ ਹਨ – ਸਾਰੀਆਂ ਜਾਣੀਆਂ ਜਾਣ ਵਾਲੀਆਂ ਆਰਥਰੋਪੋਡ ਕਿਸਮਾਂ ਦਾ ਲਗਭਗ 30 ਪ੍ਰਤੀਸ਼ਤ। ਮਿੱਟੀ ਦੇ ਮਾਹਿਰਾਂ ਦੀਆਂ ਬਹੁਤ ਘੱਟ ਪ੍ਰਜਾਤੀਆਂ ਹਨ, ਜਿਵੇਂ ਕਿ ਐਨਕਾਈਟ੍ਰਾਈਡੇ (ਮਿੰਨੀ ਕੀੜੇ ਵਰਗਾ) ਅਤੇ ਓਲੀਗੋਚਾਇਟਾ (ਕੀੜੇ), ਕ੍ਰਮਵਾਰ ਸਿਰਫ 770 ਅਤੇ 6,000 ਕਿਸਮਾਂ ਹਨ। ਇਹ ਬਹੁਤ ਜ਼ਿਆਦਾ ਨਹੀਂ ਜਾਪਦਾ, ਪਰ ਇਹ ਅਜੇ ਵੀ ਇਨ੍ਹਾਂ ਜਾਨਵਰਾਂ ਦੇ ਸਮੂਹਾਂ ਵਿਚੋਂ ਲਗਭਗ 98 ਪ੍ਰਤੀਸ਼ਤ ਅਤੇ 63 ਪ੍ਰਤੀਸ਼ਤ ਨੂੰ ਦਰਸਾਉਂਦਾ ਹੈ। ਮਿੱਟੀ ਵਿਚ ਰਹਿਣ ਵਾਲੇ ਥਣਧਾਰੀ ਜੀਵਾਂ ਦੀ ਵਿਭਿੰਨਤਾ, ਤੁਲਨਾ ਕਰਕੇ, ਕਾਫ਼ੀ ਸੀਮਤ ਹੈ। ਸਿਰਫ਼ 3.8 ਫੀਸਦੀ ਥਣਧਾਰੀ ਜੀਵ ਇਸ ਨਿਵਾਸ ਸਥਾਨ ਨਾਲ ਜੁੜੇ ਹੋਏ ਹਨ। ਦੂਜੇ ਪਾਸੇ, 85 ਪ੍ਰਤੀਸ਼ਤ ਪੌਦਿਆਂ ਦੀਆਂ ਜੜ੍ਹਾਂ ਮਿੱਟੀ ਵਿਚ ਦੱਬੀਆਂ ਹੋਈਆਂ ਹਨ ਅਤੇ ਲਗਭਗ 43 ਪ੍ਰਤੀਸ਼ਤ ਨਿਮਾਟੋਡ (ਛੋਟੇ ਕੀੜੇ) ਪ੍ਰਜਾਤੀਆਂ ਮਿੱਟੀ ਨੂੰ ਆਪਣਾ ਘਰ ਕਹਿੰਦੇ ਹਨ, ਜਾਂ ਇਸ ਵਿਚ ਵੱਸਣ ਵਾਲੇ ਪੌਦਿਆਂ ਅਤੇ ਜਾਨਵਰਾਂ ਵਿਚ ਰਹਿੰਦੇ ਹਨ। ਹਾਲਾਂਕਿ, ਮਿੱਟੀ ਵਿਚ ਰਹਿਣ ਵਾਲੇ ਜਾਨਵਰਾਂ ਅਤੇ ਪੌਦਿਆਂ ਦੀਆਂ ਕਿਸਮਾਂ ਦੀ ਗਿਣਤੀ ਸੂਖਮ ਜੀਵਾਣੂਆਂ ਦੁਆਰਾ ਬੌਣੀ ਹੈ। ਖੋਜਕਰਤਾਵਾਂ ਦਾ ਅੰਦਾਜ਼ਾ ਹੈ ਕਿ ਬੈਕਟੀਰੀਆ ਦੀਆਂ 430 ਮਿਲੀਅਨ ਕਿਸਮਾਂ (ਜਾਂ 50 ਪ੍ਰਤੀਸ਼ਤ ਤੋਂ ਵੱਧ) ਅਤੇ ਉੱਲੀ ਦੀਆਂ 5.6 ਮਿਲੀਅਨ ਕਿਸਮਾਂ (ਜਾਂ 90 ਪ੍ਰਤੀਸ਼ਤ) ਨੇ ਮਿੱਟੀ ਨੂੰ ਆਪਣਾ ਘਰ ਬਣਾਇਆ ਹੈ। ਪਰ ਸ਼ਾਇਦ ਕੱਚੇ ਸੰਖਿਆਵਾਂ ਨਾਲੋਂ ਵਧੇਰੇ ਮਹੱਤਵਪੂਰਨ ਉਹ ਕਾਰਜ ਹਨ, ਜੋ ਇਹ ਜੈਵ ਵਿਭਿੰਨਤਾ ਕਰਦਾ ਹੈ। ਮਿੱਟੀ ਦੇ ਅੰਦਰ ਦਾ ਜੀਵਨ ਨਾ ਸਿਰਫ਼ ਸਾਡੇ ਦੁਆਰਾ ਖਾਣ ਵਾਲੇ ਭੋਜਨ ਨੂੰ ਪੈਦਾ ਕਰਨ ਵਿਚ ਮਦਦ ਕਰਦਾ ਹੈ, ਇਹ ਮਿੱਟੀ ਨੂੰ ਇਕੱਠਾ ਰੱਖਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਸਾਨੂੰ ਨਵੀਆਂ ਐਂਟੀਬਾਇਓਟਿਕਸ ਅਤੇ ਦਵਾਈਆਂ ਲਈ ਸੰਭਾਵੀ ਸਰੋਤ ਵੀ ਪ੍ਰਦਾਨ ਕਰਦਾ ਹੈ। ਪੌਦਿਆਂ ਨੂੰ ਛੋਟੇ ਜਾਨਵਰਾਂ ਨੂੰ ਵਧਣ ਵਿਚ ਮਦਦ ਕਰਨਾ, ਜਿਵੇਂ ਕਿ ਕੀੜੇ ਅਤੇ ਸਪਰਿੰਗਟੇਲ, ਪੌਦਿਆਂ ਦੀ ਸਮੱਗਰੀ ਅਤੇ ਹੋਰ ਜੈਵਿਕ ਪਦਾਰਥਾਂ, ਜਿਵੇਂ ਕਿ ਮਰੇ ਹੋਏ ਕੀੜੇ-ਮਕੌੜੇ ਨੂੰ ਤੋੜ ਕੇ ਮਿੱਟੀ ਵਿਚ ਮਿਲਾਉਂਦੇ ਹਨ। ਇਹ ਪ੍ਰਕਿਰਿਆ ਉਨ੍ਹਾਂ ਪੌਸ਼ਟਿਕ ਤੱਤਾਂ ਨੂੰ ਛੱਡਦੀ ਹੈ, ਜਿਨ੍ਹਾਂ ’ਤੇ ਜ਼ਿਆਦਾਤਰ ਪੌਦੇ ਵਧਣ ਲਈ ਨਿਰਭਰ ਕਰਦੇ ਹਨ। ਪਰ ਇਹ ਇੱਕੋ ਇੱਕ ਤਰੀਕਾ ਨਹੀਂ ਹੈ ਕਿ ਮਿੱਟੀ ਦੇ ਜੀਵਾਣੂ ਪੌਦਿਆਂ ਨੂੰ ਵਧੇਰੇ ਪੋਸ਼ਣ ਪ੍ਰਾਪਤ ਕਰਨ ਵਿਚ ਮਦਦ ਕਰਦੇ ਹਨ। ਮਾਈਕੋਰਾਈਜ਼ਲ ਫੰਜਾਈ (ਫੰਗੀ ਦੀ ਇੱਕ ਪ੍ਰਜਾਤੀ ਜੋ ਪੌਦਿਆਂ ਦੀਆਂ ਜੜ੍ਹਾਂ ਨਾਲ ਜੁੜ ਕੇ ਵਧਦੀ ਹੈ), ਉਦਾਹਰਨ ਲਈ, ਆਪਣੇ ਆਪ ਨੂੰ ਪੌਦਿਆਂ ਦੀਆਂ ਜੜ੍ਹਾਂ ਵਿਚ ਜੋੜਦੀ ਹੈ, ਜਿੱਥੇ ਉਹ ਊਰਜਾ ਨਾਲ ਭਰਪੂਰ ਮਿਸ਼ਰਣ ਕੱਢਦੇ ਹਨ। ਬਦਲੇ ਵਿਚ, ਉੱਲੀ ਪੌਦਿਆਂ ਨੂੰ ਮਿੱਟੀ ਵਿਚ ਆਪਣੀ ਪਹੁੰਚ ਨੂੰ ਵਧਾਉਣ ਵਿਚ ਮਦਦ ਕਰਦੀ ਹੈ, ਜਿਸ ਨਾਲ ਉਹ ਪੌਸ਼ਟਿਕ ਤੱਤਾਂ ਦੀ ਇੱਕ ਵੱਡੀ ਮਾਤਰਾ ਤੱਕ ਪਹੁੰਚ ਕਰ ਸਕਦੇ ਹਨ। ਹੋਰ ਪ੍ਰਜਾਤੀਆਂ ਜੋ ਭੋਜਨ ਉਤਪਾਦਨ ਲਈ ਮਹੱਤਵਪੂਰਨ ਹਨ, ਵਿਚ ਨਾਈਟ੍ਰੋਜਨ ਫਿਕਸਿੰਗ ਬੈਕਟੀਰੀਆ ਸ਼ਾਮਲ ਹਨ। ਉਹ ਆਮ ਤੌਰ ’ਤੇ ਫਲ਼ੀਦਾਰਾਂ ਜਿਵੇਂ ਕਿ ਬੀਨਜ਼ ਅਤੇ ਕਲੋਵਰ ਨਾਲ ਜੁੜੇ ਹੁੰਦੇ ਹਨ। ਇਹ ਬੈਕਟੀਰੀਆ ਵਾਯੂਮੰਡਲ ਤੋਂ ਨਾਈਟ੍ਰੋਜਨ ਗੈਸ ਨੂੰ ਮਿਸ਼ਰਣਾਂ ਵਿਚ ਬਦਲਦੇ ਹਨ, ਜੋ ਪੌਦੇ ਵਰਤ ਸਕਦੇ ਹਨ – ਇੱਕ ਅਜਿਹਾ ਕੰਮ ਜੋ ਕੇਵਲ ਸਿੰਥੈਟਿਕ ਤੌਰ ’ਤੇ ਹੀ ਕੀਤਾ ਜਾ ਸਕਦਾ ਹੈ, ਵੱਡੀ ਮਾਤਰਾ ਵਿਚ ਊਰਜਾ ਦੀ ਵਰਤੋਂ ਕਰਦੇ ਹੋਏ। ਜਿਵੇਂ ਕਿ ਜੀਵਾਣੂ ਮਿੱਟੀ ਵਿਚ ਪ੍ਰਵੇਸ਼ ਕਰਦੇ ਹਨ, ਭਾਵੇਂ ਉਹ ਢੱਕਣ, ਆਲ੍ਹਣੇ ਬਣਾ ਕੇ ਜਾਂ ਆਪਣੇ ਆਪ ਨੂੰ ਐਂਕਰਿੰਗ ਕਰਨ ਦੇ ਸਾਧਨ ਵਜੋਂ, ਉਹ ਮਿੱਟੀ ਦੇ ਰਸਤੇ ਇੰਜੀਨੀਅਰ ਕਰਦੇ ਹਨ ਅਤੇ ਇਸਦੀ ਬਣਤਰ ਵਿਚ ਯੋਗਦਾਨ ਪਾਉਂਦੇ ਹਨ। ਜ਼ਿਕਰਯੋਗ ਉਦਾਹਰਨਾਂ ਵਿਚ ਹਵਾ ਅਤੇ ਪਾਣੀ ਨੂੰ ਫਿਲਟਰ ਕਰਨ ਲਈ ਚੈਨਲ ਬਣਾਉਣ ਲਈ ਮਿੱਟੀ ਨੂੰ ਮੁੜ ਵਿਵਸਥਿਤ ਕਰਨਾ ਅਤੇ ਨਾਲ ਹੀ ਜੜ੍ਹਾਂ ਅਤੇ ਜੜ੍ਹਾਂ ਦੇ ਵਾਲਾਂ ਨੂੰ ਮਿੱਟੀ ਵਿਚ ਜੋੜਨਾ ਸ਼ਾਮਲ ਹੈ। ਮਿੱਟੀ ਵਿਚ ਕੰਪੋਜ਼ਡ ਪੌਦਿਆਂ ਦੀ ਸਮੱਗਰੀ ਨੂੰ ਸ਼ਾਮਲ ਕਰਨਾ ਵੀ ਇਸੇ ਤਰ੍ਹਾਂ ਦੇ ਮਹੱਤਵਪੂਰਨ ਉਦੇਸ਼ ਨੂੰ ਪੂਰਾ ਕਰਦਾ ਹੈ। ਇਹ ਮਿੱਟੀ ਨੂੰ ਇਕੱਠੇ ਰੱਖਣ ਵਿਚ ਮਦਦ ਕਰਦਾ ਹੈ ਅਤੇ ਪੋਰਸ ਬਣਾਉਂਦਾ ਹੈ, ਜੋ ਮਿੱਟੀ ਨੂੰ ਕਟੌਤੀ ਤੋਂ ਬਚਾਉਂਦਾ ਹੈ ਅਤੇ ਪਾਣੀ ਨੂੰ ਸਟੋਰ ਕਰਨ ਦੀ ਸਮਰੱਥਾ ਨੂੰ ਵਧਾਉਂਦਾ ਹੈ। ਇਸ ਵਿਚੋਂ ਕੁਝ ਜੈਵਿਕ ਪਦਾਰਥ ਮਿੱਟੀ ਦੇ ਖਣਿਜਾਂ ਨਾਲ ਵੀ ਬੰਦ ਹੁੰਦੇ ਹਨ, ਜਿਸ ਨਾਲ ਕਾਰਬਨ ਦਾ ਭੰਡਾਰ ਹੁੰਦਾ ਹੈ। ਅਸਲ ਵਿਚ, ਮਿੱਟੀ ਬਨਸਪਤੀ ਨਾਲੋਂ ਤਿੰਨ ਗੁਣਾ ਜ਼ਿਆਦਾ ਕਾਰਬਨ ਅਤੇ ਵਾਯੂਮੰਡਲ ਨਾਲੋਂ ਦੁੱਗਣੀ ਮਾਤਰਾ ਵਿਚ ਰੱਖਦੀ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਇਨ੍ਹਾਂ ਕਾਰਜਾਂ ਵਿਚ ਕਈ ਕਿਸਮਾਂ ਸ਼ਾਮਲ ਹੁੰਦੀਆਂ ਹਨ। ਕਈ ਸਪੀਸੀਜ਼ ਹੋਣ ਜੇਕਰ ਸਥਿਤੀਆਂ ਬਦਲਦੀਆਂ ਹਨ, ਜਿਵੇਂ ਕਿ ਸੋਕੇ ਜਾਂ ਹੜ੍ਹ ਦੇ ਦੌਰਾਨ, ਸਮਾਨ ਕਾਰਜ ਕਰਨਾ ਇੱਕ ਸੁਰੱਖਿਆ ਜਾਲ ਦੀ ਪੇਸ਼ਕਸ਼ ਕਰਦਾ ਹੈ। ਕੁਝ ਸਪੀਸੀਜ਼ ਦੂਜਿਆਂ ਨਾਲੋਂ ਇਨ੍ਹਾਂ ਘਟਨਾਵਾਂ ਲਈ ਵਧੇਰੇ ਲਚਕੀਲੇ ਹਨ। ਜਦੋਂ ਸਥਿਤੀਆਂ ਬਦਲਦੀਆਂ ਹਨ, ਤਾਂ ਮਿੱਟੀ ਦੇ ਅੰਦਰ ਪ੍ਰਭਾਵਿਤ ਨਾ ਹੋਣ ਵਾਲੇ ਜੀਵ ਉਹੀ ਕਾਰਜਾਂ ਨੂੰ ਪੂਰਾ ਕਰਨ ਲਈ ਕਦਮ ਚੁੱਕ ਸਕਦੇ ਹਨ, ਜਿਨ੍ਹਾਂ ਦਾ ਨੁਕਸਾਨ ਹੋ ਸਕਦਾ ਹੈ – ਇੱਕ ਪ੍ਰਕਿਰਿਆ ਵਾਤਾਵਰਣ ਵਿਗਿਆਨੀ “ਫੰਕਸ਼ਨਲ ਰਿਡੰਡੈਂਸੀ” ਕਹਿੰਦੇ ਹਨ। ਇਹ ਵਾਤਾਵਰਣ ਦੇ ਝਟਕਿਆਂ ਦਾ ਸਾਹਮਣਾ ਕਰਨ ਅਤੇ ਠੀਕ ਹੋਣ ਲਈ ਇੱਕ ਈਕੋਸਿਸਟਮ, ਜਿਵੇਂ ਕਿ ਮਿੱਟੀ ਦੀ ਸਮਰੱਥਾ ਵਿਚ ਸੁਧਾਰ ਕਰਦਾ ਹੈ। ਮਿੱਟੀ ਦੀ ਜੈਵ ਵਿਭਿੰਨਤਾ ਵੀ ਨਵੀਆਂ ਦਵਾਈਆਂ ਦਾ ਮੁੱਖ ਭੰਡਾਰ ਹੈ। ਮਿੱਟੀ ਦੇ ਬੈਕਟੀਰੀਆ ਨੇ ਸਾਡੇ ਜ਼ਿਆਦਾਤਰ ਐਂਟੀਬਾਇਓਟਿਕਸ ਪੈਦਾ ਕੀਤੇ ਹਨ, ਜਿਸ ਵਿਚ ਸਟ੍ਰੈਪਟੋਮਾਈਸਿਨ, ਕਲੋਰਾਮਫੇਨਿਕੋਲ ਅਤੇ ਟੈਟਰਾਸਾਈਕਲੀਨ ਸ਼ਾਮਲ ਹਨ। ਬਦਕਿਸਮਤੀ ਨਾਲ, ਐਂਟੀਬਾਇਓਟਿਕ ਪ੍ਰਤੀਰੋਧ ਦੇ ਵਾਧੇ ਨੇ ਬਹੁਤ ਸਾਰੀਆਂ ਸ਼ੁਰੂਆਤੀ ਐਂਟੀਬਾਇਓਟਿਕਸ ਨੂੰ ਬੇਅਸਰ ਕਰ ਦਿੱਤਾ ਹੈ। ਹਾਲਾਂਕਿ, ਵੱਖ-ਵੱਖ ਮਿੱਟੀ ਵਿਚ ਖੋਜ ਕਰਨ ਨਾਲ “ਸੁਪਰਬੱਗਸ” ਨੂੰ ਮਾਰਨ ਦੀ ਸਮਰੱਥਾ ਵਾਲੇ ਨਵੇਂ ਐਂਟੀਬਾਇਓਟਿਕਸ ਮਿਲ ਰਹੇ ਹਨ, ਜੋ ਮੌਜੂਦਾ ਦਵਾਈਆਂ ਪ੍ਰਤੀਰੋਧਕ ਹਨ। ਮਿੱਟੀ ਦੀ ਜੈਵ-ਵਿਭਿੰਨਤਾ ਸਾਡੇ ਦੁਆਰਾ ਖਾਣ ਵਾਲੇ ਭੋਜਨ ਨੂੰ ਪੈਦਾ ਕਰਨ, ਮਿੱਟੀ ਦੀ ਸਿਹਤ ਨੂੰ ਕਾਇਮ ਰੱਖਣ ਅਤੇ ਦਵਾਈਆਂ ਦੇ ਸਰੋਤਾਂ ਤੋਂ ਲੈ ਕੇ ਹੜ੍ਹਾਂ ਅਤੇ ਸੋਕੇ ਦੇ ਪ੍ਰਭਾਵ ਨੂੰ ਘਟਾਉਣ ਤੱਕ ਕਈ ਹੋਰ ਸੇਵਾਵਾਂ ਪ੍ਰਦਾਨ ਕਰਨ ਵਿਚ ਮਦਦ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਕਾਲੀ-ਪੀਲੀ ਪੱਤਰਕਾਰੀ ਦੇ ਮਾਇਨੇ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਦੇਸ਼ ਭਾਰਤ ਵਿਚ 900 ਪ੍ਰਾਇਵੇਟ ਸੈਟੇਲਾਇਟ ਟੀ.ਵੀ. ਸਟੇਸ਼ਨ ਹਨ, ਜਿਹੜੇ 197 ਮਿਲੀਅਨ ਟੀ.ਵੀ. ਘਰਾਂ 'ਚ ਸੈਟੇਲਾਇਟ ਰਾਹੀਂ ਆਪਣੀਆਂ ਸੇਵਾਵਾਂ ਦਿੰਦੇ ਹਨ। ਇਨ੍ਹਾਂ ਤੋਂ ਬਿਨ੍ਹਾਂ ਦੂਰਦਰਸ਼ਨ, ਰੇਡੀਓ ਅਤੇ ਹੋਰ ਸਾਧਨ ਦੇਸ਼ ਦੀ ਲਗਭਗ 99 ਫ਼ੀਸਦੀ ਆਬਾਦੀ ਤੱਕ ਪਹੁੰਚ ਕਰੀ ਬੈਠੇ ਹਨ। ਦੇਸ਼ 'ਚ 70 ਹਜ਼ਾਰ ਤੋਂ ਵੱਧ ਅਖ਼ਬਾਰਾਂ ਹਨ। 2022 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਭਰ ਵਿਚ 833 ਮਿਲੀਅਨ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ 515 ਮਿਲੀਅਨ ਲੋਕ ਫੇਸਬੁੱਕ ਨਾਲ ਜੁੜੇ ਹੋਏ ਹਨ। ਮੀਡੀਆ ਅਧੀਨ ਟੈਲੀਵਿਜ਼ਨ, ਰੇਡੀਓ, ਸਿਨੇਮਾ, ਅਖ਼ਬਾਰਾਂ ਦਾ ਬਹੁਤਾਂ ਕੰਮ ਨਿੱਜੀ ਹੱਥਾਂ ਵਿਚ ਹੈ ਅਤੇ ਵੱਡੀਆਂ-ਵੱਡੀਆਂ ਕੰਪਨੀਆਂ ਵਲੋਂ ਸੰਚਾਲਕ ਕੀਤਾ ਜਾਂਦਾ ਹੈ।

ਜਦੋਂ ਦਾ ਦੇਸ਼ ਦੀ ਸਿਆਸਤ ਉਤੇ ਧੰਨ ਕੁਬੇਰਾਂ (ਕਾਰਪੋਰੇਟਾਂ) ਦਾ ਗਲਬਾ ਵਧਿਆ ਹੈ, ਉਨ੍ਹਾਂ ਪੱਤਰਕਾਰੀ ਖ਼ਾਸਕਰ ਚੈਨਲ ਪੱਤਰਕਾਰੀ ਉਤੇ ਆਪਣਾ ਪ੍ਰਭਾਵ ਵਧਾ ਲਿਆ ਹੈ। ਦੇਸ਼ ਦੀਆਂ ਅਖਬਾਰਾਂ (ਪ੍ਰਿੰਟ ਮੀਡੀਆ), ਇਲੈਕਟ੍ਰੋਨਿਕ ਮੀਡੀਆ (ਚੈਨਲ, ਸੋਸ਼ਲ ਮੀਡੀਆ) ਨੂੰ ਇਸ ਢੰਗ ਨਾਲ ਆਪਣੀ ਗੋਦ ਵਿਚ ਲਿਆ ਹੋਇਆ ਹੈ ਕਿ ਇਹ ਮੀਡੀਆ ਹੁਣ ਗੋਦੀ ਮੀਡੀਆ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਸ ਵੇਲੇ ਦੇਸ਼ ਵਿਚ ਵੱਡੀ ਗਿਣਤੀ ਵਿਚ ਟੀ.ਵੀ. ਚੈਨਲ ਹਨ, ਇਨ੍ਹਾਂ ਚੈਨਲਾਂ ਵਿਚ 90 ਫੀਸਦੀ ਮਾਲਕੀ ਦੇਸ਼ ਦੇ ਵੱਡੇ ਘਰਾਣਿਆਂ ਦੀ ਹੈ। ਇਹ ਘਰਾਣੇ ਆਪਣੇ ਹਿੱਤਾਂ ਦੀ ਪੂਰਤੀ ਲਈ, ਆਪਣੇ ਵਪਾਰਕ ਹਿੱਤ ਸਾਧਣ ਲਈ ਤਾਂ ਚੈਨਲ ਪੱਤਰਕਾਰੀ ਦਾ ਫ਼ਾਇਦਾ ਲੈਂਦੇ ਹੀ ਹਨ, ਪਰ ਸਿਆਸੀ ਘਾਗਾਂ ਨੂੰ ਥਾਂ-ਸਿਰ ਰੱਖਣ ਲਈ ਵੀ ਇਨ੍ਹਾਂ ਚੈਨਲਾਂ ਤੇ ਪੱਤਰਕਾਰਾਂ ਦੀ ਵਰਤੋਂ ਕਰਦੇ ਹਨ ।

ਪਿਛਲੇ ਦਿਨਾਂ 'ਚ ਇਕ ਸਰਵੇ ਛਪਿਆ ਹੈ ਕਿ ਦੇਸ਼ ਦੀਆਂ ਸਮੱਸਿਆਵਾਂ ਨੂੰ ਨੁਕਰੇ ਲਾਉਣ ਲਈ ਇਨ੍ਹਾਂ ਚੈਨਲਾਂ ਅਤੇ ਇਨ੍ਹਾਂ ਚੈਨਲਾਂ 'ਚ ਕੰਮ ਕਰਦੇ ਬੜਬੋਲੇ ਪੱਤਰਕਾਰਾਂ ਦੀ ਵੱਡੀ ਭੂਮਿਕਾ ਹੈ। ਜਿਹੜੇ ਇਕ ਸਾਧਾਰਨ ਖ਼ਬਰ ਨੂੰ ਤਾਂ ਪੂਰਾ-ਪੂਰਾ ਦਿਨ ਸਨਸਨੀਖੇਜ਼ ਬਣਾਕੇ ਪੇਸ਼ ਕਰਦੇ ਹਨ ਅਤੇ ਵਾਰ-ਵਾਰ ਆਪਣੇ ਚੈਨਲ ਉੱਤੇ ਵਿਖਾਉਂਦੇ ਹਨ, ਪਰ ਦੇਸ਼ ਦੀਆਂ ਸਮੱਸਿਆਵਾਂ ਸਮੇਤ ਦੇਸ਼ 'ਚ ਹੜ੍ਹਾਂ ਦੀ ਸਥਿਤੀ, ਦੇਸ਼ 'ਚ ਭੁੱਖਮਰੀ, ਲੋਕਾਂ ਦੇ ਰਿਹਾਇਸ਼ ਸਥਾਨਾਂ, ਸਕੂਲਾਂ ਦੇ ਭੈੜੇ ਹਾਲਾਤਾਂ ਬਾਰੇ, ਉਹ ਕੁਝ ਵੀ ਦਿਖਾਉਣ ਤੋਂ ਪਰਹੇਜ਼ ਕਰਦੇ ਹਨ। ਇਹ ਦੇਸ਼ ਦੀ, ਦੇਸ਼ ਦੇ ਲੋਕਾਂ ਦੀ ਕੀ ਵੱਡੀ ਤ੍ਰਾਸਦੀ ਨਹੀਂ ਹੈ ?

ਕਰੋਨਾ ਕਾਲ 'ਚ ਦੇਸ਼ 'ਚ ਜੋ ਕੁੱਝ ਵਾਪਰਿਆ, ਕੀ ਇਨ੍ਹਾਂ ਪੱਤਰਕਾਰਾਂ ਨੇ ਆਪਣੇ ਚੈਨਲਾਂ ਉਤੇ ਵਿਖਾਇਆ ? ਅਮੀਰਾਂ ਦੇ ਹੋਰ ਅਮੀਰ ਅਤੇ ਗਰੀਬਾਂ ਦੇ ਹੋਰ ਗਰੀਬ ਹੋਣ ਵੱਲ ਜਾਂਦੇ ਭਾਰਤ ਦੀ ਤਸਵੀਰ ਪੇਸ਼ ਕੀਤੀ ? ਦਰਿਆਵਾਂ ਕੰਢੇ ਕਰੋਨਾ ਕਾਲ 'ਚ ਮਰਦੇ ਲੋਕਾਂ ਦੀਆਂ ਲਾਸ਼ਾਂ ਇਨ੍ਹਾਂ ਪੱਤਰਕਾਰਾਂ ਨੇ ਵਿਖਾਈਆਂ ? ਉਨ੍ਹਾਂ 'ਤੇ ਚਰਚਾ ਕੀਤੀ ? ਇਹ ਚੈਨਲਾਂ ਵਾਲੇ ਤਾਂ ਸਰਕਾਰੀ ਬੋਲੀ ਬੋਲਦੇ ਰਹੇ ਅਤੇ ਕਹਿੰਦੇ ਰਹੇ ਕਿ ਕਰੋਨਾ ਉਤੇ ਸਰਕਾਰ ਨੇ ਕਾਬੂ ਪਾ ਲਿਆ ਹੈ ਪਰ ਲੋਕ ਹਸਪਤਾਲਾਂ ਵਿਚ ਲੁੱਟੇ ਜਾਂਦੇ ਰਹੇ, ਮਰਦੇ ਰਹੇ। ਫਾਰਮਾ-ਕੰਪਨੀਆਂ ਦੀ ਚਾਂਦੀ ਹੁੰਦੀ ਰਹੀ। ਗਰੀਬਾਂ ਦੀ ਕਿਸੇ ਸਾਰ ਨਾ ਲਈ।

ਇਨ੍ਹਾਂ ਚੈਨਲਾਂ ਨੇ ਉਨ੍ਹਾਂ ਲੋਕਾਂ ਦੇ ਵਿਰੁੱਧ ਜਿਹੜੇ ਕਿਸਾਨ ਅੰਦੋਲਨ ਵਰਗੇ ਲੋਕ ਅੰਦੋਲਨ ਕਰਦੇ ਸਨ, ਉਨ੍ਹਾਂ ਉਤੇ ਵੱਡੇ-ਵੱਡੇ ਮਾਹਰ ਪੱਤਰਕਾਰ ਚਰਚਾ ਲਈ ਬਿਠਾ ਦਿੱਤੇ। ਇਨ੍ਹਾਂ ਮਾਹਿਰ ਪੱਤਰਕਾਰਾਂ ਦੀ ਬੋਲੀ ਬਿਲਕੁਲ ਉਵੇਂ ਦੀ ਹੀ ਸੀ, ਜਿਵੇਂ ਕੀ ਅੱਜਕੱਲ੍ਹ ਦੇਸ਼ ਦੇ ਸਿਆਸੀ ਲੋਕ ਬੋਲਦੇ ਹਨ। ਇੱਕ-ਦੂਜੇ ਨੂੰ ਲਿਤਾੜਨ ਵਾਲੀ, ਬੇਇੱਜ਼ਤ ਕਰਨ ਵਾਲੀ ਅਤੇ ਬਹੁਤੀਆਂ ਹਾਲਤਾਂ ਵਿਚ ਸਰਕਾਰੀ ਬੋਲੀ।

ਦੇਸ਼ 'ਚ ਕਾਰਪੋਰੇਟ ਜਗਤ ਦੇ ਲੋਕ ਤਾਂ ਆਪਣੇ ਹਿੱਤ ਸਾਧਣ ਲਈ ਤੱਤਪਰ ਤਾਂ ਰਹਿੰਦੇ ਹੀ ਹਨ, ਪਰ ਦੇਸ਼ ਦੇ ਸਿਆਸਤਦਾਨ ਦੋ ਰੱਤੀਆਂ ਉਪਰ ਜਾਕੇ ਆਪਣੇ ਹਿੱਤਾਂ ਲਈ ਚੈਨਲਾਂ ਦੀ ਦੁਰਵਰਤੋਂ ਕਰਦੇ ਹਨ, ਪੱਤਰਕਾਰਾਂ ਨਾਲ ਉਨ੍ਹਾਂ ਦੀਆਂ ਸਾਂਝਾਂ ਲੁਕੀਆਂ-ਛੁਪੀਆਂ ਨਹੀਂ ਰਹਿੰਦੀਆਂ। ਆਪਣੀ ਮਰਜ਼ੀ ਨਾਲ ਅਖ਼ਬਾਰਾਂ 'ਚ ਖਬਰਾਂ ਲਗਵਾਉਣਾ ਤਾਂ ਆਮ ਸ਼ੌਕ ਹੈ, ਪਰ ਚੈਨਲਾਂ ਉੱਤੇ ਕਾਲੀ-ਪੀਲੀ ਪੱਤਰਕਾਰੀ ਰਾਹੀਂ ਵਿਰੋਧੀਆਂ ਨੂੰ ਠਿੱਠ ਕਰਨਾ ਅਤੇ ਆਪਣਾ ਅਕਸ ਸੁਧਾਰਨਾ ਸਦਾ ਚਰਚਾ 'ਚ ਰਹਿੰਦਾ ਹੈ।

ਕੀ ਕਿਸੇ ਚੈਨਲ ਨੇ ਕਦੇ ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾ 'ਚ ਬੈਠੇ ਉਨ੍ਹਾਂ ਲੋਕਾਂ ਬਾਰੇ ਚਰਚਾ ਕੀਤੀ, ਜਿਨ੍ਹਾਂ ਉਤੇ ਅਪਰਾਧਿਕ ਮਾਮਲੇ ਦਰਜ ਹਨ। ਰਿਪੋਰਟਾਂ ਅਨੁਸਾਰ ਤਾਂ ਪਾਰਲੀਮੈਂਟ 'ਚ 48 ਫੀਸਦੀ ਐੱਮ.ਪੀਜ਼ ਉਤੇ ਅਪਰਾਧਿਕ ਮਾਮਲੇ ਹਨ, ਜਿਨ੍ਹਾਂ 'ਚ ਲਗਭਗ ਹਰ ਪਾਰਟੀ ਦੇ ਨੇਤਾ ਸ਼ਾਮਲ ਹਨ। ਕੀ ਕਦੇ ਇਨ੍ਹਾਂ ਲੋਕਾਂ ਬਾਰੇ ਪੱਤਰਕਾਰਾਂ ਨੇ ਚਰਚਾ ਕੀਤੀ ? ਕੀ ਇਨ੍ਹਾਂ ਚਰਚਾਵਾਂ 'ਚ ਕਦੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦਾ ਉਹ ਬਿਆਨ ਯਾਦ ਕਰਵਾਇਆ, ਜਿਹੜਾ ਉਨ੍ਹਾਂ ਨੇ 2014 'ਚ ਪਾਰਲੀਮੈਂਟ 'ਚ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਦਿੱਤਾ ਸੀ ਕਿ ਪਾਰਲੀਮੈਂਟ 'ਚ ਕੋਈ ਅਪਰਾਧੀ ਬਿਰਤੀ ਵਾਲਾ ਵਿਅਕਤੀ ਨਹੀਂ ਬੈਠ ਸਕੇਗਾ।

ਚੈਨਲ ਪੱਤਰਕਾਰੀ ਦੀਆਂ ਲੋਕ ਵਿਰੋਧੀ ਭਾਵਨਾਵਾਂ ਕਿਸਾਨ ਅੰਦੋਲਨ ਦੌਰਾਨ ਦਿੱਲੀ ਦੀਆਂ ਬਰੂਹਾਂ ਉੱਤੇ ਵੇਖਣ ਨੂੰ ਮਿਲਦੀਆਂ ਰਹੀਆਂ, ਜਿਨ੍ਹਾਂ ਵਿਚ ਕਿਸਾਨਾਂ ਨੂੰ ਦੇਸ਼ ਧ੍ਰੋਹੀ ਹੋਣ ਦਾ ਖਿਤਾਬ ਦਿੱਤਾ ਗਿਆ, ਉਨ੍ਹਾਂ ਨੂੰ ਖਾਲਿਸਤਾਨੀ ਤੱਕ ਆਖਿਆ ਗਿਆ। ਇਹ ਪੱਤਰਕਾਰ ਆਪਣੇ 'ਆਕਾ ਨੇਤਾਵਾਂ' ਦਾ ਵਿਸ਼ਵ ਪੱਧਰੀ ਅਕਸ ਸੁਧਾਰਨ ਲਈ ਤਾਂ ਨੇਤਾਵਾਂ ਦੀਆਂ ਫੋਟੋਆਂ ਹੜ੍ਹਾਂ ਦੌਰਾਨ ਜਾਂ ਹੋਰ ਆਪਦਾਂ ਵੇਲੇ ਲੋਕਾਂ ਨਾਲ ਵਾਰਤਾਲਾਪ ਕਰਦਿਆਂ ਵਿਖਾਉਂਦੇ ਹਨ ਪਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਇਹ ਪੱਤਰਕਾਰ ਕੁਝ ਵੀ ਨਹੀਂ ਕਰਦੇ। ਸਿੱਟੇ ਵਜੋਂ ਪੀੜਤ ਲੋਕਾਂ ਦੇ ਪੱਲੇ ਕੁਝ ਨਹੀਂ ਪੈਂਦਾ। ਸਵਾਲ ਉੱਠਦਾ ਹੈ ਕਿ ਇਹ ਚੈਨਲ ਪੱਤਰਕਾਰ ਕਿਸ ਕਿਸਮ ਦੀ ਪੱਤਰਕਾਰੀ ਕਰਦੇ ਹਨ ?

ਦੇਸ਼ 'ਚ ਮਨੀਪੁਰ ਦੇ ਲੋਕਾਂ ਨਾਲ ਜੋ ਹੋ ਰਿਹਾ ਸੀ, ਫਿਰਕੂ ਅੱਗ ਭੜਕਾਈ ਜਾ ਰਹੀ ਸੀ। ਔਰਤਾਂ ਨਾਲ ਬੇਇੰਤਹਾ ਬੇਸ਼ਰਮੀ ਵਾਲੀਆਂ ਘਟਨਾਵਾਂ ਭੀੜ ਵਲੋਂ ਹੋ ਰਹੀਆਂ ਸਨ, ਪਰ ਇਹ ਚੈਨਲਾਂ ਵਾਲੇ ਪਤਾ ਨਹੀਂ ਕਿਹੜੀ ਗੁਫਾ 'ਚ ਤਪੱਸਿਆ ਕਰ ਰਹੇ ਸਨ। ਦੇਸ਼ ਦਾ ਪ੍ਰਧਾਨ ਮੰਤਰੀ ਬੇਸ਼ਰਮੀ ਵਾਲੀ ਘਟਨਾ 'ਤੇ ਚੁੱਪ ਰਹਿੰਦਾ ਹੈ, 79ਵੇਂ ਦਿਨ ਦੋ ਅੱਖਰ ਬੋਲਦਾ ਹੈ, ਇਹ ਤਾਂ ਉਹਦੀ ਸਿਆਸੀ ਚਾਲ ਅਤੇ ਵੋਟਾਂ ਦੀ ਭੁੱਖ ਵਾਲੀ ਮਜਬੂਰੀ ਹੈ, ਪਰ ਚੈਨਲਾਂ ਦੀ, ਗੋਦੀ ਮੀਡੀਆ ਦੀ ਫਿਰਕੂ ਅੱਗ ਫੈਲਾਉਣ, ਔਰਤਾਂ ਦੀ ਹੋ ਰਹੀ ਬੇਇੱਜ਼ਤੀ ਕਰਨ ਵਾਲੇ ਲੋਕਾਂ, ਨੇਤਾਵਾਂ ਦੇ ਚਿਹਰੇ ਲੋਕਾਂ ਸਾਹਵੇਂ ਨਾ ਲਿਆਉਣ ਦੀ ਆਖ਼ਰ ਕਿਹੜੀ ਮਜਬੂਰੀ ਰਹੀ ?

ਪਿਛਲਾ ਇੱਕ ਦਹਾਕਾ ਖ਼ਾਸ ਤੌਰ 'ਤੇ ਕਾਲੀ-ਪੀਲੀ ਪੱਤਰਕਾਰੀ ਦਾ ਦੌਰ ਕਿਹਾ ਜਾ ਸਕਦਾ ਹੈ। ਇਸ ਦੌਰ 'ਚ ਆਪਣੇ ਹਾਕਮਾਂ ਨੂੰ ਖ਼ੁਸ਼ ਕਰਨ ਲਈ ਜਿਹੜੇ ਨਵੇਂ ਖ਼ੁਸ਼ਾਮਦੀ ਸ਼ਬਦ ਘੜੇ ਗਏ ਹਨ। ਉਹ ਪੱਤਰਕਾਰੀ 'ਤੇ ਧੱਬਾ ਹਨ। ਹਾਕਮਾਂ ਵਲੋਂ ਵਿਰੋਧੀਆਂ ਨੂੰ ਲਿਤਾੜਨ ਲਈ ਜਿਵੇਂ ਹਾਕਮਾਂ ਨੇ ਜਾਲ ਵਿਛਾਏ ਹਨ, ਉਸ 'ਚ ਬਕਾਇਦਾ ਭਾਈਵਾਲ ਬਣਕੇ "ਚੌਥਾ ਥੰਮ੍ਹ" ਕਹਾਏ ਜਾਣ ਵਾਲੇ ਬਹੁ ਗਿਣਤੀ ਮੀਡੀਏ ਨੇ ਜਿਵੇਂ ਲੋਕਤੰਤਰ ਦਾ ਨਾਸ਼ ਮਾਰਿਆ, ਉਹਦੀ ਉਦਾਹਰਨ ਸ਼ਾਇਦ ਆਜ਼ਾਦੀ ਦੇ 75 ਸਾਲਾਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ।

1984 ਦੇ ਸਿੱਖ ਕਤਲੇਆਮ ਸਮੇਂ ਵੱਡੀ ਗਿਣਤੀ ਮੀਡੀਏ ਦੀ ਚੁੱਪ ਖਟਕਦੀ ਰਹੀ ਸੀ। ਗੁਜਰਾਤ ਦੰਗਿਆਂ 'ਚ ਵੀ ਮੀਡੀਏ ਦੀ ਖਾਮੋਸ਼ੀ ਦੁੱਖਦਾਈ ਸੀ। ਦਿੱਲੀ ਦੇ ਕੁਝ ਵਰ੍ਹੇ ਪਹਿਲਾਂ ਹੋਏ ਦੰਗਿਆਂ, ਫ਼ਸਾਦਾਂ ਬਾਅਦ ਬੁਲਡੋਜ਼ਰ ਨੀਤੀ ਉਤੇ ਚੈਨਲ ਪੱਤਰਕਾਰਾਂ ਵਲੋਂ ਮੂੰਹ ਸੀਅ ਲੈਣਾ ਜਾਂ ਇਹੋ ਜਿਹੇ ਨਾਦਰਸ਼ਾਹੀ ਹੁਕਮਾਂ ਦੀ ਇਹ ਕਹਿ ਕੇ ਹਿਮਾਇਤ ਕਰਨਾ ਕਿ ਇਹ ਲੋਕ ਹਿਤੂ ਫ਼ੈਸਲੇ ਹਨ, ਕੀ ਪੱਤਰਕਾਰੀ ਦੇ ਮੱਥੇ ਉਤੇ ਧੱਬਾ ਨਹੀਂ ਹੈ।

ਜਦੋਂ ਲੋਕ-ਹਿਤੈਸੀ ਪੱਤਰਕਾਰਾਂ ਦੇ ਦੇਸ਼ ਭਰ 'ਚ ਸਮੇਂ-ਸਮੇਂ ਕਤਲ ਹੋਏ। ਬੁੱਧੀਜੀਵੀਆਂ, ਪੱਤਰਕਾਰਾਂ, ਲੇਖਕਾਂ ਉਤੇ ਸਾਜਿਸ਼ਾਨਾ ਅਤੇ ਮਿੱਥਕੇ ਮੁਕੱਦਮੇ ਦਰਜ਼ ਹੋਏ। ਉਨ੍ਹਾਂ ਨੂੰ ਦੇਸ਼ ਧ੍ਰੋਹੀ ਗਰਦਾਨਿਆ ਗਿਆ। ਉਨ੍ਹਾਂ ਸਾਜਿਸ਼ਾਂ 'ਚ ਇਨ੍ਹਾਂ ਕਾਲੀ-ਪੀਲੀ ਪੱਤਰਕਾਰੀ ਕਰਨ ਵਾਲੇ ਪੱਤਰਕਾਰਾਂ ਦਾ ਰੋਲ ਨਿੰਦਿਆ ਜਾਂਦਾ ਰਿਹਾ, ਤਦ ਵੀ ਇਹ ਪੱਤਰਕਾਰ ਆਪਣੇ ਆਕਾਵਾਂ ਦੇ ਇਸ਼ਾਰੇ ਉਤੇ ਅਤੇ ਉਨ੍ਹਾਂ ਦੀ ਤਾਕਤ ਦੇ ਬਲਬੂਤੇ ਚੈਨਲਾਂ 'ਤੇ ਇਹੋ ਜਿਹੇ ਸਿਆਣੇ ਲੋਕਾਂ ਨੂੰ ਆਪਣੀ ਭੈੜੀ ਜ਼ੁਬਾਨ ਨਾਲ ਲਿਤਾੜਦੇ ਰਹੇ।


ਦੇਸ਼ ਦੇ ਹਰ ਖਿੱਤੇ 'ਚ ਚੱਲ ਰਹੇ ਚੈਨਲਾਂ ਦਾ ਲਗਭਗ ਇਕੋ ਜਿਹਾ ਹਾਲ ਹੈ। ਕੀ ਪੰਜਾਬ ਦਾ ਕੋਈ ਪੱਤਰਕਾਰ ਨਿੱਤ ਨਸ਼ੇ ਦੇ ਵਾਧੂ ਡੋਜ਼ ਨਾਲ ਮਰ ਰਹੇ ਨੌਜਵਾਨ ਦੀ ਦਰਦ ਭਰੀ ਕਹਾਣੀ ਆਪਦੇ ਚੈਨਲ ਨੂੰ ਭੇਜਦਾ ਹੈ ? ਕੀ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੀ ਦਾਸਤਾਨ "ਚੈਨਲ ਪੱਤਰਕਾਰੀ" ਕਰਦੀ ਹੈ ? ਲੋਕਾਂ ਦੀਆਂ ਸਮੱਸਿਆਵਾਂ ਨੂੰ ਛੱਡਕੇ ਇੰਸਟਾਗਰਾਮ ਜਾਂ ਫੇਸਬੁੱਕ ਤੇ ਨੇਤਾਵਾਂ ਦੇ ਬਿਆਨਾਂ, ਉਨ੍ਹਾਂ ਦੀਆਂ ਹੋਲੀਆਂ ਖੇਡਦੇ ਦੀਆਂ ਫੋਟੋਆਂ, ਉਨ੍ਹਾਂ ਦੇ ਮੁਰਗੇ ਛਕਣ ਦੀਆਂ ਫੋਟੋਆਂ ਕੀ ਲੋਕਾਂ ਦੇ ਪੱਲੇ ਕੁਝ ਪਾ ਸਕਦੀਆਂ ਹਨ ? ਜਾਪਦਾ ਹੈ ਕਿ ਜਿਵੇਂ ਦੇਸ਼ ਦੇ ਨੇਤਾ ਲੋਕ-ਸਮੱਸਿਆਵਾਂ ਤੋਂ ਪਾਸਾ ਵੱਟਕੇ ਬੈਠ ਗਏ ਹਨ, ਪਰ ਉਵੇਂ ਹੀ ਬਹੁਤੇ ਪੱਤਰਕਾਰ ਹਊ ਪਰੇ ਕਰਦਿਆਂ ਲੱਤ 'ਤੇ ਲੱਤ ਧਰਕੇ 'ਜੋ ਹੋਵੇਗਾ ਵੇਖੀ ਜਾਊ' ਵਾਲੀ ਨੀਤੀ ਅਪਨਾ ਕੇ ਡੰਗ ਟਪਾ ਰਹੇ ਹਨ।

ਚੈਨਲਾਂ ਦੇ ਖ਼ਬਰਾਂ ਦੇ ਬੁਲੈਟਿਨ ਵੇਖ ਲਊ, ਯੂਟਿਊਬ ਚੈਨਲਾਂ ਉਤੇ ਹੁੰਦੀਆਂ ਬਹਿਸਾਂ ਵੇਖ-ਸੁਣ ਲਉ, ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਮਸਾਲਾ ਹੀ ਵਿਖਾਈ ਦਿੰਦਾ ਹੈ।


ਤਦ ਵੀ ਇਸ ਸਭ ਕੁਝ ਦੇ ਬਾਵਜੂਦ ਹਾਲੇ 'ਕੋਈ ਹਰਿਆ ਬੂਟ ਰਹਿਓ ਰੀ' ਵਾਂਗਰ ਚੰਗੇ ਨਿਧੜਕ ਪੱਤਰਕਾਰ, ਫੋਟੋ ਪੱਤਰਕਾਰ, ਨਲਾਇਕ ਨੇਤਾਵਾਂ ਦੀਆਂ ਕਾਰਗੁਜ਼ਾਰੀਆਂ ਲੋਕਾਂ ਸਾਹਮਣੇ ਲਿਆਉਣ ਵਾਲੇ ਇਲੈਕਟ੍ਰਾਨਿਕ ਅਤੇ ਮੀਡੀਆ ਘਰਾਂ ਦੀ ਵੀ ਕਮੀ ਨਹੀਂ ਹੈ। ਇਹ ਲੋਕ ਭ੍ਰਿਸ਼ਟ ਹੋ ਚੁੱਕੀ ਪੱਤਰਕਾਰੀ ਦੇ ਪਰਖੱਚੇ ਉਡਾਉਂਦੇ ਹਨ, ਕਾਲੀ-ਪੀਲੀ ਚੈਨਲ ਪੱਤਰਕਾਰੀ ਤੋਂ ਵੀ ਪਰਦੇ ਚੁੱਕਣ ਤੋਂ ਗੁਰੇਜ਼ ਨਹੀਂ ਕਰਦੇ।

ਚੈਨਲਾਂ ਦੀ ਵੀਡੀਓਗ੍ਰਾਫੀ ਤੋਂ ਪਰ੍ਹੇ ਹਟਕੇ ਕੁਝ ਲੋਕ ਫੋਟੋ ਪੱਤਰਕਾਰੀ ਕਰਦੇ ਹਨ, ਜਿਸ ਵਿਚ ਸੁਹਜ ਹੈ, ਸੂਖਮਤਾ ਹੈ, ਲੋਕਾਂ ਦੀ ਗੱਲ ਹੈ, ਦਰਦ ਹੈ। ਇਹੋ ਜਿਹੀ ਪੱਤਰਕਾਰੀ, ਫੋਟੋ ਪੱਤਰਕਾਰੀ, ਕ੍ਰਾਂਤੀਕਾਰੀ ਕਵਿਤਾ ਵਾਂਗਰ ਇਨਕਲਾਬ ਦੀ ਸਾਧਕ ਬਣਦੀ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic
Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini


Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅੰਮ੍ਰਿਤਸਰ ਵਿਖੇ ਵਾਪਰੀ ਸੀ ਗਦਰ ਫਿਲਮ ਵਰਗੀ ਅਸਲੀ ਲਵ ਸਟੋਰੀ






ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)

ਸੰਨੀ ਦਿਉਲ ਦੀ ਸੁਪਰਹਿੱਟ ਫਿਲਮ ਗਦਰ (2001) ਤੋਂ ਬਾਅਦ ਗਦਰ-2 ਵੀ ਸਿਨਮਾਂ ਘਰਾਂ ਦਾ ਸ਼ਿੰਗਾਰ ਬਣ ਚੁੱਕੀ ਹੈ ਤੇ ਇਹ ਫਿਲਮ ਵੀ ਸਫਲ ਸਾਬਤ ਹੋਈ ਹੈ। ਇਸ ਫਿਲਮ ਨਾਲ ਮਿਲਦੀ-ਜੁਲਦੀ ਇੱਕ ਅਸਲ ਪ੍ਰੇਮ ਕਹਾਣੀ 1947 ਵਿਚ ਸੱਚਮੁੱਚ ਅੰਮ੍ਰਿਤਸਰ ਵਿਖੇ ਵਾਪਰੀ ਸੀ। ਉਸ ਕਹਾਣੀ ਬਾਰੇ ਜਾਣ ਕੇ ਸੱਚਮੁੱਚ ਅਜਿਹਾ ਲੱਗਦਾ ਹੈ, ਜਿਵੇਂ ਗਦਰ ਫਿਲਮ ਦੀ ਕਹਾਣੀ ਉਸ 'ਤੇ ਆਧਾਰਿਤ ਹੋਵੇ। ਅੰਮ੍ਰਿਤਸਰ ਹਾਲ ਬਜ਼ਾਰ ਦੇ ਨਜ਼ਦੀਕ ਇੱਕ ਬਜ਼ਾਰ ਵਿਚ ਬਹੁਤ ਮਸ਼ਹੂਰ ਦੁਕਾਨ ਕਰੋੜ ਟੇਲਰਜ਼ (ਨਾਮ ਬਦਲਿਆ ਹੋਇਆ) ਅੱਜ ਵੀ ਮੌਜੂਦ ਹੈ। ਇਹ ਦੁਕਾਨ ਕਰੋੜ ਸਿੰਘ (ਨਾਮ ਬਦਲਿਆ ਹੋਇਆ) ਨਾਮਕ ਦਰਜ਼ੀ ਦੇ ਬਾਪ ਨੇ ਆਜ਼ਾਦੀ ਤੋਂ ਪਹਿਲਾਂ ਸ਼ੁਰੂ ਕੀਤੀ ਸੀ ਤੇ ਅੱਜਕੱਲ੍ਹ ਇਸ ਨੂੰ ਕਰੋੜ ਸਿੰਘ ਦੇ ਪੁੱਤ ਪੋਤਰੇ ਸਫਲਤਾ ਨਾਲ ਚਲਾ ਰਹੇ ਹਨ। 1947 ਤੋਂ ਦੋ-ਤਿੰਨ ਸਾਲ ਪਹਿਲਾਂ ਕਰੋੜ ਸਿੰਘ ਦਾ ਇੱਕ ਮੁਸਲਿਮ ਪਰਿਵਾਰ ਦੀ ਲੜਕੀ ਸਲਮਾ (ਨਾਮ ਬਦਲਿਆ ਹੋਇਆ) ਨਾਲ ਇਸ਼ਕ-ਪੇਚਾ ਪੈ ਗਿਆ। ਜਦੋਂ ਸਲਮਾ ਅਤੇ ਕਰੋੜ ਸਿੰਘ ਦੇ ਪਰਿਵਾਰਾਂ ਨੂੰ ਇਸ ਪ੍ਰੇਮ ਕਹਾਣੀ ਬਾਰੇ ਪਤਾ ਚੱਲਿਆ, ਤਾਂ ਜਲਜਲਾ ਆ ਗਿਆ। ਕਰੋੜ ਸਿੰਘ ਦਾ ਪਿਤਾ ਕੱਟੜ ਆਰੀਆ ਸਮਾਜੀ ਸੀ ਤੇ ਲੜਕੀ ਦਾ ਪਿਤਾ ਮੁਸਲਿਮ ਲੀਗ ਦਾ ਸਰਗਰਮ ਕਾਰਕੁੰਨ ਸੀ। ਦੋਵਾਂ ਧਿਰਾਂ ਵਿਚ ਜੰਮ ਕੇ ਲੜਾਈ-ਝਗੜਾ ਹੋਇਆ ਤੇ ਗੱਲ ਐਨੀ ਵਧ ਗਈ ਕਿ ਸ਼ਹਿਰ ਵਿਚ ਫਿਰਕੂ ਦੰਗੇ ਭੜਕ ਪੈਣ ਦਾ ਖਤਰਾ ਪੈਦਾ ਹੋ ਗਿਆ। ਸਲਮਾ ਅਤੇ ਕਰੋੜ ਸਿੰਘ ਦੀ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਰੱਜ ਕੇ ਮਾਰ-ਕੁਟਾਈ ਕੀਤੀ ਗਈ। ਜਦੋਂ ਕਿਸੇ ਪਾਸੇ ਵਾਹ ਨਾ ਚੱਲੀ, ਤਾਂ ਮਜਬੂਰ ਹੋ ਕੇ ਕਰੋੜ ਸਿੰਘ ਤੇ ਸਲਮਾ ਸ਼ਹਿਰ ਤੋਂ ਫਰਾਰ ਹੋ ਗਏ। ਜਦੋਂ ਕਾਫੀ ਭਾਲ ਕਰਨ 'ਤੇ ਵੀ ਸਲਮਾ ਨਾ ਲੱਭੀ, ਤਾਂ ਉਸ ਦੇ ਪਰਿਵਾਰ ਵਾਲੇ ਸਬਰ ਦਾ ਘੁੱਟ ਭਰ ਕੇ ਰਹਿ ਗਏ ਪਰ ਉਨ੍ਹਾਂ ਦੇ ਦਿਲ ਵਿਚ ਬਦਲਾ ਲੈਣ ਦੀ ਅੱਗ ਹਮੇਸ਼ਾਂ ਭਖਦੀ ਰਹੀ।

15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ ਤੇ ਪੰਜਾਬ ਸਮੇਤ ਸਾਰੇ ਦੇਸ਼ ਵਿਚ ਭਿਆਨਕ ਫਿਰਕੂ ਹਿੰਸਾ ਭੜਕ ਉੱਠੀ। ਬਾਕੀ ਲੋਕਾਂ ਵਾਂਗ ਸਲਮਾ ਦਾ ਪਰਿਵਾਰ ਵੀ ਜਾਨ ਬਚਾ ਕੇ ਪਾਕਿਸਤਾਨ ਪਹੁੰਚ ਗਿਆ ਤੇ ਉਨ੍ਹਾਂ ਨੂੰ ਲਾਹੌਰ ਦੇ ਨਜ਼ਦੀਕ ਕਿਸੇ ਪਿੰਡ ਵਿਚ ਕੁਝ ਜ਼ਮੀਨ ਅਲਾਟ ਹੋ ਗਈ। ਉਨ੍ਹਾਂ ਦੇ ਜਾਣ ਤੋਂ ਮਹੀਨੇ ਕੁ ਬਾਅਦ ਕਰੋੜ ਸਿੰਘ ਨੇ ਵੀ ਆਣ ਸਿਰੀ ਕੱਢੀ ਕਿਉਂਕਿ ਸਲਮਾ ਦੇ ਪਰਿਵਾਰ ਦਾ ਡਰ ਖਤਮ ਹੋ ਚੁੱਕਾ ਸੀ। ਜਦੋਂ ਉਹ ਘਰ ਪਹੁੰਚਿਆ, ਤਾਂ ਸਲਮਾ ਦੇ ਕੁੱਛੜ ਚਾਰ ਕੁ ਮਹੀਨੇ ਦਾ ਲੜਕਾ ਵੇਖ ਕੇ ਕਰੋੜ ਸਿੰਘ ਦਾ ਪਰਿਵਾਰ ਖੁਸ਼ ਹੋ ਗਿਆ। ਕਰੋੜ ਸਿੰਘ ਦਾ ਪਿਉ ਮਹੀਨਾ ਕੁ ਤਾਂ ਦੁਖੀ ਰਿਹਾ ਪਰ ਔਲਾਦ ਆਖਰ ਔਲਾਦ ਹੁੰਦੀ ਹੈ ਤੇ ਕਰੋੜ ਸਿੰਘ ਉਸ ਦੀ ਇੱਕਲੌਤੀ ਸੰਤਾਨ ਸੀ। ਆਖਰ ਉਸ ਨੇ ਵੀ ਸਲਮਾ ਨੂੰ ਆਪਣੀ ਨੂੰਹ ਸਵੀਕਾਰ ਕਰ ਲਿਆ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਕਰੋੜ ਸਿੰਘ ਅਤੇ ਸਲਮਾ ਲਈ ਮੁਸੀਬਤ ਅਜੇ ਖਤਮ ਨਹੀਂ ਸੀ ਹੋਈ। ਵੰਡ ਤੋਂ ਡੇਢ ਦੋ ਮਹੀਨੇ ਬਾਅਦ ਭਾਰਤ ਤੇ ਪਾਕਿਸਤਾਨ ਦਰਮਿਆਨ ਸਮਝੌਤਾ ਹੋ ਗਿਆ ਕਿ ਦੰਗਿਆਂ ਦੌਰਾਨ ਅਗਵਾ ਕੀਤੀਆਂ ਗਈਆਂ ਔਰਤਾਂ ਆਪੋ-ਆਪਣੇ ਦੇਸ਼ ਨੂੰ ਵਾਪਸ ਭੇਜੀਆਂ ਜਾਣ। ਦੋਵਾਂ ਦੇਸ਼ਾਂ ਦੀ ਪੁਲਿਸ ਅਜਿਹੀਆਂ ਔਰਤਾਂ ਨੂੰ ਲੱਭ ਕੇ ਸਰਹੱਦਾਂ ਤੋਂ ਪਾਰ ਭੇਜਣ ਲੱਗੀ। ਕਰੋੜ ਸਿੰਘ ਦੇ ਸਹੁਰਿਆਂ ਨੂੰ ਕਿਸੇ ਤਰ੍ਹਾਂ ਪਤਾ ਲੱਗ ਗਿਆ ਸੀ ਕਿ ਸਲਮਾ ਅੰਮ੍ਰਿਤਸਰ ਵਾਪਸ ਆ ਗਈ ਹੈ। ਉਨ੍ਹਾਂ ਨੇ ਪਾਕਿਸਤਾਨ ਵਿਚ ਸਬੰਧਿਤ ਮਹਿਕਮੇ ਨੂੰ ਸ਼ਿਕਾਇਤ ਕਰ ਦਿੱਤੀ ਕਿ ਉਨ੍ਹਾਂ ਦੀ ਲੜਕੀ ਵੀ ਅਗਵਾ ਕਰਕੇ ਜ਼ਬਰਦਸਤੀ ਫਲਾਣੇ ਥਾਂ 'ਤੇ ਰੱਖੀ ਹੋਈ ਹੈ। ਇੱਕ ਦਿਨ ਤੜਕੇ ਹੀ ਪੁਲਿਸ ਦੀ ਇੱਕ ਟੁਕੜੀ ਕਰੋੜ ਸਿੰਘ ਦੇ ਘਰ ਆਣ ਧਮਕੀ। ਸਲਮਾ ਨੇ ਬਥੇਰੀ ਹਾਲ ਪਾਹਰਿਆ ਮਚਾਈ ਕਿ ਉਸ ਦੀ ਸ਼ਾਦੀ ਤਾਂ ਉਸ ਦੀ ਮਰਜ਼ੀ ਨਾਲ ਵੰਡ ਤੋਂ ਕਈ ਸਾਲ ਪਹਿਲਾਂ ਹੀ ਹੋ ਗਈ ਸੀ ਤੇ ਉਹ ਹੁਣ ਪਾਕਿਸਤਾਨ ਨਹੀਂ ਜਾਣਾ ਚਾਹੁੰਦੀ। ਪਰ ਹੁਕਮ ਦੀ ਬੱਝੀ ਪੁਲਿਸ ਨੇ ਉਸ ਦੀ ਕੋਈ ਗੱਲ ਨਾ ਸੁਣੀ ਤੇ ਉਸ ਨੂੰ ਧੂਹ ਕੇ ਟਰੱਕ ਵਿਚ ਸੁੱਟ ਦਿੱਤਾ ਗਿਆ। ਉਸ ਦਾ ਬੇਟਾ ਕਰੋੜ ਸਿੰਘ ਕੋਲ ਹੀ ਰਹਿ ਗਿਆ।

ਕਰੋੜ ਸਿੰਘ ਸਦਮੇ ਨਾਲ ਇੱਕ ਤਰ੍ਹਾਂ ਨਾਲ ਪਾਗਲ ਜਿਹਾ ਹੋ ਗਿਆ। ਕੁਝ ਦਿਨਾਂ ਬਾਅਦ ਉਸ ਨੇ ਸੁਰਤ ਸੰਭਲੀ, ਤਾਂ ਉਹ ਥਾਣਾ ਲੋਪੋਕੇ (ਮੌਜੂਦਾ ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ) ਦੇ ਪਿੰਡ ਮਾਨਾਂਵਾਲੇ ਦੇ ਆਪਣੇ ਗੂੜ੍ਹੇ ਯਾਰ ਬਾਬੇ ਸੁੱਖਾ ਸਿੰਘ ਕੋਲ ਪਹੁੰਚ ਗਿਆ ਤੇ ਆਪਣੀ ਦਰਦ ਕਹਾਣੀ ਸੁਣਾਈ। ਉਸ ਨੇ ਰੋਂਦੇ ਹੋਏ ਸੁੱਖਾ ਸਿੰਘ ਦੇ ਗਲ ਲੱਗ ਕੇ ਦੱਸਿਆ ਕਿ ਜੇ ਉਸ ਨੂੰ ਸਲਮਾ ਨਾ ਮਿਲੀ, ਤਾਂ ਉਹ ਖੁਦਕੁਸ਼ੀ ਕਰ ਲਵੇਗਾ। ਸੁੱਖਾ ਸਿੰਘ ਸਮੱਗਲਿੰਗ ਕਰਦਾ ਸੀ ਤੇ ਉਸ ਦਾ ਪਾਕਿਸਤਾਨ ਵਿਚ ਆਮ ਹੀ ਆਉਣ-ਜਾਣ ਸੀ। ਉਸ ਨੇ ਆਪਣੇ ਸਾਥੀ ਪਾਕਿਸਤਾਨੀ ਸਮੱਗਲਰਾਂ ਰਾਹੀਂ ਦਸ ਕੁ ਦਿਨਾਂ ਵਿਚ ਹੀ ਸੂਹ ਕੱਢ ਲਈ ਕਿ ਸਲਮਾ ਦੇ ਪੇਕੇ ਕਿਸ ਪਿੰਡ ਵਿਚ ਬੈਠੇ ਹਨ। ਉਹ ਪਿੰਡ ਭਾਰਤ ਪਾਕਿ ਸਰਹੱਦ ਦੇ ਨਜ਼ਦੀਕ ਹੀ ਸੀ। ਇੱਕ ਰਾਤ ਸੁੱਖਾ ਸਿੰਘ ਕਰੋੜ ਸਿੰਘ ਨੂੰ ਲੈ ਕੇ ਬਾਰਡਰ ਟੱਪ ਗਿਆ ਤੇ ਉਸ ਨੂੰ ਸਲਮਾ ਦੇ ਪਿੰਡ ਨੇ ਨਜ਼ਦੀਕ ਰਹਿਣ ਵਾਲੇ ਆਪਣੇ ਇੱਕ ਬਹੁਤ ਹੀ ਵਿਸ਼ਵਾਸ਼ਪਾਤਰ ਸਾਥੀ ਦੇ ਹਵਾਲੇ ਕਰ ਆਇਆ। ਕਰੋੜ ਸਿੰਘ ਨੇ ਮੁਸਲਮਾਨਾਂ ਵਰਗਾ ਭੇਸ ਬਣਾ ਲਿਆ ਤੇ ਚੂੜੀਆਂ ਵੇਚਣ ਵਾਲਾ ਬਣ ਕੇ ਸਲਮਾ ਦੇ ਪਿੰਡ ਵਿਚ ਗੇੜੀਆਂ ਦੇਣ ਲੱਗ ਪਿਆ। ਸਲਮਾ ਦੇ ਪਰਿਵਾਰ ਦੇ ਖਾਬੋ-ਖਿਆਲ ਵਿਚ ਵੀ ਨਹੀਂ ਸੀ ਕਿ ਕਰੋੜ ਸਿੰਘ ਪਾਕਿਸਤਾਨ ਆਉਣ ਦੀ ਹਿੰਮਤ ਕਰ ਸਕਦਾ ਹੈ। ਇਸ ਕਾਰਨ ਸਲਮਾ 'ਤੇ ਕੋਈ ਪਹਿਰਾ ਨਹੀਂ ਸੀ ਤੇ ਉਸ ਦੀ ਦੂਸਰੀ ਸ਼ਾਦੀ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਕਰੋੜ ਸਿੰਘ ਦੀ ਜਲਦੀ ਹੀ ਚੂੜੀਆਂ ਚੜ੍ਹਾਉਣ ਦੇ ਬਹਾਨੇ ਸਲਮਾ ਨਾਲ ਮੁਲਾਕਾਤ ਹੋ ਗਈ ਤੇ ਦੋਵਾਂ ਨੇ ਫਰਾਰ ਹੋਣ ਦਾ ਪ੍ਰੋਗਰਾਮ ਪੱਕਾ ਕਰ ਲਿਆ। ਦੋ-ਤਿੰਨ ਦਿਨ ਬਾਅਦ ਹੀ ਇੱਕ ਰਾਤ ਸਲਮਾ ਕਰੋੜ ਸਿੰਘ ਨਾਲ ਫਰਾਰ ਹੋ ਗਈ। ਸੁੱਖਾ ਸਿੰਘ ਦਾ ਸਾਥੀ ਘੋੜੀਆਂ ਲੈ ਕੇ ਪਿੰਡ ਦੇ ਬਾਹਰ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ। ਸਿਰਫ ਡੇਢ-ਦੋ ਘੰਟਿਆਂ ਵਿਚ ਹੀ ਉਹ ਬਾਰਡਰ ਟੱਪ ਕੇ ਭਾਰਤ ਵਾਲੇ ਪਾਸੇ ਆ ਗਏ ਤੇ ਅਟਾਰੀ ਤੋਂ ਟਾਂਗਾ ਲੈ ਕੇ ਅੰਮ੍ਰਿਤਸਰ ਪਹੁੰਚ ਗਏ। ਇਸ ਤੋਂ ਬਾਅਦ ਸਲਮਾ ਦੇ ਪਰਿਵਾਰ ਨੇ ਉਨ੍ਹਾਂ ਦਾ ਖਹਿੜਾ ਛੱਡ ਦਿੱਤਾ। ਦੋਵਾਂ ਨੇ ਪਿਆਰ ਭਰੀ ਭਰਪੂਰ ਜ਼ਿੰਦਗੀ ਬਤੀਤ ਕੀਤੀ ਤੇ ਕਈ ਪੁੱਤ ਪੋਤਰਿਆਂ ਦੇ ਭਰੇ-ਪੂਰੇ ਪਰਿਵਾਰ ਨੂੰ ਛੱਡ ਕੇ ਰੱਬ ਨੂੰ ਪਿਆਰੇ ਹੋਏ।

ਜਦੋਂ ਗਦਰ ਫਿਲਮ ਆਈ ਸੀ, ਤਾਂ ਕਈ ਮਖੌਲੀਏ ਯਾਰ ਬੇਲੀ ਉਸ ਦੇ ਪੁੱਤ ਪੋਤਰਿਆਂ ਨੂੰ ਮਜ਼ਾਕ ਕਰਦੇ ਹੁੰਦੇ ਸੀ ਕਿ ਤੁਸੀਂ ਫਿਲਮ ਦੇ ਡਾਇਰੈਕਟਰ 'ਤੇ ਕੇਸ ਕਰ ਦਿਉ, ਕਿਉਂਕਿ ਉਸ ਨੇ ਤੁਹਾਡੇ ਬਜ਼ੁਰਗ ਦੀ ਇਸ਼ਕ ਕਹਾਣੀ ਚੋਰੀ ਕੀਤੀ ਹੈ।


# ਪੰਜਾਬੀ ਸੰਗੀਤ ਤੇ ਫਿਲਮ ਇੰਡਸਟਰੀ ਨੂੰ ਸਵ. ਸੁਰਿੰਦਰ ਸ਼ਿੰਦਾ ਦੀ ਘਾਟ ਸਦਾ ਰੜਕਦੀ ਰਹੇਗੀ




-ਸਰਬਜੀਤ ਸਿੰਘ ਵਿਰਦੀ
(Punjab Mail USA)

ਪੰਜਾਬੀ ਦੇ ਪ੍ਰਸਿੱਧ ਸ਼੍ਰੋਮਣੀ ਲੋਕ ਗਾਇਕ ਸਵ. ਸੁਰਿੰਦਰ ਸ਼ਿੰਦਾ ਜੀ ਜਿਨ੍ਹਾਂ ਨੇ ਆਪਣੇ ਉਸਤਾਦ ਸ. ਜਸਵੰਤ ਸਿੰਘ ਭੰਵਰਾ ਜੀ ਤੋਂ ਸੰਗੀਤ ਦੀ ਸਿਖਲਾਈ ਪ੍ਰਾਪਤ ਕਰਨ ਉਪਰੰਤ ਆਪਣੀ ਗਾਇਕੀ ਦਾ ਸਫ਼ਰ ਸ਼ੁਰੂ ਕੀਤਾ ਅਤੇ ਸੰਗੀਤ ਜਗਤ ਵਿਚ ਬਹੁਤ ਪ੍ਰਸਿੱਧੀ ਹਾਸਲ ਕੀਤੀ, ਉਹ ਆਪਣੀ ਵਜ਼ਨਦਾਰ ਗਾਇਕੀ ਅਤੇ ਬੁਲੰਦ ਆਵਾਜ਼ ਸਦਕਾ ਸਾਹਮਣੇ ਬੈਠੇ ਸੁਣਨ ਵਾਲੇ ਸਰੋਤਿਆਂ ਨੂੰ ਕੀਲ ਕੇ ਬਿਠਾ ਦਿੰਦੇ ਸਨ। ਉਨ੍ਹਾਂ ਦੇ ਦੁਨੀਆਂ ਤੋਂ ਤੁਰ ਜਾਣ ਤੋਂ ਬਾਅਦ ਸਮੁੱਚਾ ਸੰਗੀਤ ਜਗਤ ਸਦਮੇ ਵਿਚ ਹੈ। ਸੁਰਿੰਦਰ ਸ਼ਿੰਦਾ ਜੀ ਦੁਆਰਾ ਗਾਏ ਹੋਏ ਗੀਤ ਸਦਾ ਸਾਨੂੰ ਉਨ੍ਹਾਂ ਦੀ ਯਾਦ ਦਿਵਾਉਂਦੇ ਰਹਿਣਗੇ ਪਰ ਉਨ੍ਹਾਂ ਦਾ ਸਰੀਰਕ ਤੌਰ 'ਤੇ ਸਾਡੇ ਵਿਚੋਂ ਜਾਣਾ ਸਾਡੇ ਸੰਗੀਤ ਜਗਤ ਲਈ ਬਹੁਤ ਹੀ ਘਾਟੇ ਵਾਲੀ ਗੱਲ ਹੈ। ਸਵ. ਸੁਰਿੰਦਰ ਸ਼ਿੰਦਾ ਜੀ ਨੂੰ ਬਹੁਤ ਹੀ ਅਦਬ ਤੇ ਸਤਿਕਾਰ ਕਰਨ ਵਾਲੀਆਂ ਸੰਗੀਤਕ ਅਤੇ ਰਾਜਨੀਤਕ ਸ਼ਖਸੀਅਤਾਂ ਜਿਨ੍ਹਾਂ ਵਿਚੋਂ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ. ਸੁਖਬੀਰ ਸਿੰਘ ਬਾਦਲ, ਸ. ਚਰਨਜੀਤ ਸਿੰਘ ਚੰਨੀ, ਸ਼੍ਰੀ ਸੁਨੀਲ ਜਾਖੜ, ਸ਼੍ਰੀ ਰਾਜਾ ਵੜਿੰਗ, ਫਿਲਮੀ ਅਦਾਕਾਰ ਗੁੱਗੂ ਗਿੱਲ, ਯੋਗਰਾਜ ਸਿੰਘ, ਜਨਾਬ ਮੁਹੰਮਦ ਸਦੀਕ, ਸ਼੍ਰੀ ਚਰਨਜੀਤ ਆਹੂਜਾ (ਸੰਗੀਤ ਸਮਰਾਟ) ਜਨਾਬ ਗੁਰਦਾਸ ਮਾਨ, ਹੰਸ ਰਾਜ ਹੰਸ, ਮਲਕੀਤ ਸਿੰਘ, ਬੱਬੂ ਮਾਨ, ਹਰਭਜਨ ਮਾਨ, ਮਨਮੋਹਨ ਵਾਰਿਸ, ਦੁਰਗਾ ਰੰਗੀਲਾ, ਸਤਵਿੰਦਰ ਬੁੱਗਾ, ਲਖਵਿੰਦਰ ਵਡਾਲੀ, ਬਲਰਾਜ, ਕਮਲ ਹੀਰ, ਮਾਸਟਰ ਸਲੀਮ, ਫਿਰੋਜ਼ ਖਾਨ, ਐਮੀ ਵਿਰਕ, ਗਿੱਪੀ ਗਰੇਵਾਲ, ਅਮਰਿੰਦਰ ਗਿੱਲ, ਰਣਜੀਤ ਬਾਵਾ, ਪੰਮੀ ਬਾਈ, ਸਰਬਜੀਤ ਚੀਮਾ, ਜੈਜ਼ੀ ਬੈਂਸ, ਨਛੱਤਰ ਗਿੱਲ, ਰਵਿੰਦਰ ਗਰੇਵਾਲ, ਬਲਕਾਰ ਸਿੱਧੂ, ਹਰਜੀਤ ਹਰਮਨ, ਕੰਵਰ ਗਰੇਵਾਲ, ਸੁਖਵਿੰਦਰ ਸੁੱਖੀ, ਇੰਦਰਜੀਤ ਨਿੱਕੂ, ਗੁਰਬਖ਼ਸ਼ ਸ਼ੌਂਕੀ, ਗੀਤਕਾਰ ਬਾਬੂ ਸਿੰਘ ਮਾਨ, ਪ੍ਰੋ. ਗੁਰਭਜਨ ਗਿੱਲ, ਜਸਵਿੰਦਰ ਭੱਲਾ, ਗੁਰਪ੍ਰੀਤ ਘੁੱਗੀ, ਹੌਬੀ ਧਾਲੀਵਾਲ, ਸ. ਤਰਨਜੀਤ ਸਿੰਘ ਕਿਨੜਾ, ਦਰਸ਼ਨ ਔਲਖ, ਲੋਕ ਗਾਇਕ ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਲਾਭ ਹੀਰਾ, ਸੁਰਜੀਤ ਭੁੱਲਰ, ਦੇਬੀ ਮਖ਼ਸੂਸਪੁਰੀ, ਜਰਨੈਲ ਘੁਮਾਣ, ਬਚਨ ਬੇਦਿਲ, ਸਰਬਜੀਤ ਵਿਰਦੀ, ਸੁੱਖੀ ਨਿੱਝਰ ਕੈਨੇਡਾ, ਹਰਦੀਪ ਚੰਡੀਗੜ੍ਹੀਆ, ਹਰਬੰਸ ਸਹੋਤਾ, ਅਤੁੱਲ ਸ਼ਰਮਾਂ, ਸਚਿਨ ਅਹੂਜਾ, ਕੁਲਜੀਤ ਸਿੰਘ, ਤੇਜਵੰਤ ਕਿੱਟੂ, ਸੁਖਸ਼ਿੰਦਰ ਸ਼ਿੰਦਾ, ਸੁੱਖਪਾਲ ਸੁੱਖ, ਸੰਤੋਸ਼ ਕਟਾਰੀਆ, ਹਰਜੀਤ ਗੁੱਡੂ, ਲਾਲ ਕਮਲ, ਗੀਤਕਾਰ ਹਰਜਿੰਦਰ ਬੱਲ, ਧਰਮ ਕੰਮੇਆਣਾ, ਭਿੰਦਰ ਡੱਬਵਾਲੀ, ਅਮਰਦੀਪ ਗਿੱਲ, ਅਸ਼ੋਕ ਭੌਰਾ, ਅਸ਼ੋਕ ਬਾਂਸਲ, ਮਨਪ੍ਰੀਤ ਟਿਵਾਣਾ, ਕਰਮਜੀਤ ਪੁਰੀ, ਵੀਰ ਸੁਖਵੰਤ, ਰਣਜੀਤ ਮਣੀ, ਮਨਜੀਤ ਰੂਪੋਵਾਲੀਆ, ਗੁਰਵਿੰਦਰ ਬਰਾੜ, ਹਾਕਮ ਬਖਤੜੀਵਾਲਾ, ਸੁਰਿੰਦਰ ਲਾਡੀ, ਬੂਟਾ ਮੁਹੰਮਦ, ਭੱਟੀ ਭੜੀ ਵਾਲਾ, ਜਸਵਿੰਦਰ ਖੋਸਾ ਕੈਨੇਡਾ, ਸੁਰਿੰਦਰ ਲਾਡੀ, ਰਾਜਾ ਸਿੱਧੂ, ਗੋਰਾ ਚੱਕ ਵਾਲਾ, ਹਰਿੰਦਰ ਸੰਧੂ, ਲਵਲੀ ਨਿਰਮਾਣ ਧੂਰੀ, ਭਿੰਦੇ ਸ਼ਾਹ, ਸੁਰਿੰਦਰ ਮਾਨ, ਰਾਜਾ ਮਰਖਾਈ, ਹਰਮਿਲਾਪ ਗਿੱਲ, ਗਿੱਲ ਹਰਦੀਪ, ਬੂਟਾ ਭਾਈ ਰੂਪਾ, ਡਾ. ਬਲਜੀਤ ਸਿੰਘ ਮੋਗਾ, ਜਗਪਾਲ ਸੰਧੂ, ਰਜਿੰਦਰ ਨਾਗੀ, ਅਸ਼ਵਨੀ ਵਰਮਾ, ਯੁੱਧਵੀਰ ਮਾਣਕ, ਰਸ਼ਪਾਲ ਰਸੀਲਾ, ਹਰਪਾਲ ਠੱਠੇ ਵਾਲ਼ਾ, ਬਲਕਾਰ ਅਣਖੀਲਾ, ਗੀਤਕਾਰ ਚੰਨ ਜੰਡਆਲਵੀ, ਅਮਰੀਕ ਸਿੰਘ ਤਲਵੰਡੀ, ਕਰਮਦੀਪ ਬਿਰਦੀ, ਗੁਰਦਿਆਲ ਨਿਰਮਾਣ, ਮੂਲ ਚੰਦ ਸ਼ਰਮਾ, ਪ੍ਰਸਿੱਧ ਲੋਕ ਗਾਇਕਾ ਬੀਬਾ ਰਣਜੀਤ ਕੌਰ, ਗੁਲਸ਼ਨ ਕੋਮਲ, ਸੁਖਵੰਤ ਸੁੱਖੀ, ਸੁੱਖੀ ਬਰਾੜ, ਸਰਬਜੀਤ ਕੌਰ ਕੋਕੇਵਾਲੀ, ਜਸਪਿੰਦਰ ਨਰੂਲਾ, ਸੁਦੇਸ਼ ਕੁਮਾਰੀ, ਅਮਰ ਨੂਰੀ, ਸਤਵਿੰਦਰ ਬਿੱਟੀ, ਜਸਵਿੰਦਰ ਬਰਾੜ, ਗੁਰਲੇਜ਼ ਅਖਤਰ, ਦੀਪਕ ਢਿੱਲੋਂ, ਅਮਨ ਰੋਜ਼ੀ, ਕੁਲਦੀਪ ਕੌਰ, ਰਾਖੀ ਹੁੰਦਲ, ਰਾਜਵਿੰਦਰ ਕੌਰ ਪਟਿਆਲਾ, ਨਵਜੋਤ ਕੌਰ ਰਾਣੀ, ਸਰਬਜੀਤ ਯਮਲਾ, ਪਰਮਜੀਤ ਸੰਧੂ, ਮੈਂਡੀ ਸੰਧੂ, ਦਿਲਪ੍ਰੀਤ ਵਰਮਾ, ਕੌਰ ਮਨਦੀਪ, ਐੱਸ. ਕੌਰ, ਮਨਜੀਤ ਮਾਨ (ਮੁੱਲਾਂਪੁਰ) ਦਲਜੀਤ ਕੌਰ ਖੰਨਾ, ਪਰਮਜੀਤ ਧੰਜਲ, ਸਿਮਰਨ ਸਿੰਮੀ, ਮਿਸ ਰਮਨ ਬਠਿੰਡਾ, ਨੀਤੂ ਵਿਰਕ, ਲਵਲੀ ਢਿੱਲੋਂ, ਗੁਰਤੇਜ ਕੌਮਲ, ਆਤਮਾ ਬੁੱਢੇਵਲੀਆ, ਬੌਬੀ ਬਾਜਵਾ, ਦੇਵ ਦਿਲਦਾਰ, ਜਗਪਾਲ ਸੰਧੂ, ਗੁਰਵੀਰ ਸਿੱਧੂ, ਰਾਣਾ ਮਾਨ ਅਬੋਹਰ, ਰਸ਼ਪਾਲ ਉਪਲ, ਦਲਵਿੰਦਰ ਦਿਆਲਪੁਰੀ, ਮਨਜਿੰਦਰ ਤਨੇਜਾ, ਗੋਲਡੀ ਚੌਹਾਨ, ਬੀ.ਐੱਸ. ਅਹੂਜਾ, ਕਿੱਕਰ ਡਾਲੇ ਵਾਲਾ, ਚਮਕ ਚਮਕੀਲਾ, ਗੋਗੀ ਮਾਨਾ ਵਾਲਾ, ਜਗਦੀਸ਼ ਸਿੰਘ ਲਾਲ, ਜੱਗਾ ਗਿੱਲ ਨੱਥੋਹੇੜੀ, ਸੁਰਜੀਤ ਸਿੰਘ ਜੀਤ, ਪ੍ਰਿੰ. ਜਗਦੇਵ ਸਿੰਘ ਸਰਾਂ, ਐੱਨ.ਐੱਸ. ਮਾਣਕੂ, ਨਿੱਕੂ ਭੁੱਟਾ, ਮੌਜੀ ਦੁੱਗਰੀ, ਬੀ.ਐੱਸ. ਪਰਵਾਨਾ, ਵਿਜੈ ਯਮਲਾ, ਸੁਰੇਸ਼ ਯਮਲਾ, ਚਮਕੌਰ ਭੱਟੀ, ਹਾਕਮ ਹਨੀ, ਸੁੱਖ ਚਮਕੀਲਾ, ਗੁਰਵੀਰ ਸਿੱਧੂ, ਰਾਜਿੰਦਰ ਮਲਹਾਰ, ਰਣਜੀਤ ਸਿੰਘ ਸਿੱਧੂ, ਵੀਰੂ ਰੋਮਾਣਾ, ਪ੍ਰਿੰ. ਜਰਨੈਲ ਸਿੰਘ ਭੋਡੀਪੁਰਾ, ਜਰਨੈਲ ਸਿੰਘ ਤੂਰ, ਜਸਬੀਰ ਜੱਸ, ਬਿਨੀ ਹੰਸ, ਦਰਸ਼ਨ ਬਰਸਾਲ, ਦਲੇਰ ਪੰਜਾਬੀ, ਹਰਦੇਵ ਯੂ.ਕੇ., ਅਮਰਜੀਤ ਸ਼ੇਰਪੁਰੀ, ਸੇਵਾ ਸਿੰਘ ਨੌਰਥ, ਬੱਬੀ ਸੁਸ਼ਮਾ, ਲਖਵਿੰਦਰ ਧੀਮਾਨ, ਕੁਲਵੰਤ ਜੱਸਲ ਰਾਜਪੁਰਾ, ਸਿੰਘ ਭੁੱਟੀਵਾਲ਼ਾ, ਡਾ. ਅਵਤਾਰ ਸਿੰਘ ਮਿਠੜੀ, ਡਾ. ਮੋਹਨ ਕਟਾਰੀਆ ਮਲੋਟ ਸਮੇਤ ਹੋਰ ਕਈ ਕਲਾਕਾਰਾਂ, ਗੀਤਕਾਰਾਂ ਅਤੇ ਕਲਾ ਪ੍ਰੇਮੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਸਵ. ਸੁਰਿੰਦਰ ਸ਼ਿੰਦਾ ਦਾ ਵਿਛੋੜਾ ਅਸਹਿ ਹੈ। ਸਮੁੱਚੇ ਸੰਗੀਤ ਜਗਤ ਅਤੇ ਪੰਜਾਬੀ ਫਿਲਮ ਇੰਡਸਟਰੀ ਲਈ ਕਦੇ ਨਾ ਭੁੱਲਣ ਵਾਲਾ ਘਾਟਾ ਹੈ। ਉਹ ਆਪਣੇ ਪੰਜਾਬੀ ਸਰੋਤਿਆਂ ਦੇ ਦਿਲਾਂ 'ਤੇ ਲੰਮਾ ਸਮਾਂ ਰਾਜ ਕਰਦੇ ਰਹਿਣਗੇ।

# ਜਸਮੇਰ ਸਿੰਘ ਹੋਠੀ ਦੀ ਪੁਸਤਕ 'ਸਭੇ ਰੁਤੀ ਚੰਗੀਆ' ਵਹਿਮਾਂ ਭਰਮਾਂ ਦਾ ਖੰਡਨ




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਗੁਰਬਾਣੀ ਗਿਆਨ ਦਾ ਅਥਾਹ ਸਮੁੰਦਰ ਹੈ। ਇਸ ਸਮੁੰਦਰ ਵਿਚ ਗੋਤੇ ਲਾ ਕੇ ਇਸ ਵਿਚੋਂ ਮਾਨਵਤਾ ਦੀ ਬਿਹਤਰੀ ਲਈ ਵਹਿਮਾਂ-ਭਰਮਾਂ ਤੋਂ ਨਿਜ਼ਾਤ ਦਿਵਾਉਣ ਵਾਲੀ ਵਿਚਾਰਧਾਰਾ ਚੁਣ ਕੇ ਪੁਸਤਕ ਰੂਪ ਵਿਚ ਪ੍ਰੋਸਣਾ ਵਾਹਿਗੁਰੂ ਦੀ ਮਿਹਰ ਸਦਕਾ ਜਸਮੇਰ ਸਿੰਘ ਹੋਠੀ ਦੇ ਹਿੱਸੇ ਆਇਆ ਹੈ। ਜਸਮੇਰ ਸਿੰਘ ਹੋਠੀ ਗੁਰਬਾਣੀ ਦੀ ਵਿਆਖਿਆ ਗੁਰਮਤਿ ਸ਼ਬਦਾਵਲੀ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਕਰਦਾ ਹੈ। ਉਸ ਨੇ ਹੁਣ ਤੱਕ ਪੰਜਾਬੀ ਵਿਚ 6 ਪੁਸਤਕਾਂ 'ਪੰਚਾ ਕੇ ਬਸਿ ਰੇ', 'ਦਸਮ ਦੁਆਰਾ ਅਗਮ ਅਪਾਰਾ', 'ਸੰਤਾਨ ਕੀ ਮਹਿਮਾ', 'ਸਤ ਵਾਰ', 'ਮੂਲ ਮੰਤਰ ਵੀਚਾਰ' ਅਤੇ '5 ਕਕਾਰ' ਪ੍ਰਕਾਸ਼ਤ ਕਰਵਾਈਆਂ ਹਨ, ਜਿਹੜੀਆਂ ਗੁਰਬਾਣੀ ਦੀ ਸੋਚ 'ਤੇ ਆਧਾਰਿਤ ਹਨ। ਹਿੰਦੀ ਵਿਚ ਤਿੰਨ ਅਤੇ ਇਕ ਅੰਗਰੇਜ਼ੀ ਵਿਚ ਹੈ। 'ਸਭੇ ਰੁਤੀ ਚੰਗੀਆ' ਉਸ ਦੀ 7ਵੀਂ ਪੁਸਤਕ ਹੈ। ਇਸ ਪੁਸਤਕ ਵਿਚ ਵੀ 7 ਲੇਖ ਹਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆਂ 6 ਰੁੱਤਾਂ ਦੀ ਮਹਾਨਤਾ, ਵਿਆਖਿਆ, ਆਤਮਿਕ ਰਹਿਨੁਮਾਈ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਲਿਖਿਆ ਗਿਆ ਹੈ। ਇਨ੍ਹਾਂ ਰੁੱਤਾਂ ਦਾ ਵਿਸ਼ਲੇਸ਼ਣ ਗੁਰਮਤਿ ਸਿਧਾਂਤਾਂ 'ਤੇ ਪੂਰਾ ਖ਼ਰਾ ਉਤਰਦਾ ਹੈ। ਇਹ ਪੁਸਤਕ ਸਿੱਖ ਜਗਤ ਨੂੰ ਰੁੱਤਾਂ ਬਾਰੇ ਵਹਿਮ-ਭਰਮ ਵਿਚੋਂ ਕੱਢਣ ਵਿਚ ਸਹਾਈ ਹੋਵੇਗੀ। ਲੇਖਕ ਨੇ ਗਿਆਨ ਅਤੇ ਵਿਗਿਆਨ ਦਾ ਸੁਮੇਲ ਸੁਚੱਜੇ ਢੰਗ ਨਾਲ ਕੀਤਾ ਹੈ। ਰੁੱਤਾਂ ਦਾ ਮਾਨਵਤਾ, ਪਸ਼ੂਆਂ ਅਤੇ ਪੰਛੀਆਂ 'ਤੇ ਗਹਿਰਾ ਅਸਰ ਪੈਂਦਾ ਹੈ, ਉਸ ਪ੍ਰਭਾਵ ਦੇ ਨਤੀਜਿਆਂ ਨੂੰ ਵੀ ਵਰਣਨ ਕੀਤਾ ਗਿਆ ਹੈ। ਰੁੱਤਾਂ ਬਾਰੇ ਭਾਰਤ ਦੇ ਮੇਲੇ, ਅੰਤਰ-ਰਾਸ਼ਟਰੀ ਪ੍ਰਮੁੱਖ ਮੇਲੇ ਤੇ ਸਿੱਖ ਧਰਮ ਨਾਲ ਸੰਬੰਧਤ ਗੁਰਪੁਰਬ ਤੇ ਘਟਨਾਵਾਂ ਬਾਰੇ ਵੀ ਦੱਸਿਆ ਗਿਆ ਹੈ। ਇਕ ਹੋਰ ਵਿਲੱਖਣਤਾ ਵਾਲਾ ਇਸ ਪੁਸਤਕ ਦਾ ਗੁਣ ਹੈ ਕਿ ਇਹ ਪੁਸਤਕ ਸੰਸਾਰ ਦੀਆਂ ਰੁੱਤਾਂ ਦਾ ਤੁਲਨਾਤਮਿਕ ਅਧਿਐਨ ਕਰਕੇ ਲਿਖੀ ਗਈ ਹੈ। ਅਜਿਹੀਆਂ ਪੁਸਤਕਾਂ ਨੂੰ ਪ੍ਰਕਾਸ਼ਤ ਕਰਵਾਉਣ ਵਾਲੀ ਮੋਤਾ ਸਿੰਘ ਸਰਾਏ ਸੰਚਾਲਕ ਯੂਰਪੀ ਪੰਜਾਬੀ ਸੱਥ ਵਾਲਸਾਲ (ਯੂ.ਕੇ.) ਅਤੇ ਡਾ. ਨਿਰਮਲ ਸਿੰਘ ਸੇਵਾਦਾਰ ਪੰਜਾਬੀ ਸੱਥ ਲਾਂਬੜਾਂ-ਜਲੰਧਰ ਨੂੰ ਸਲਾਮ ਕੀਤੇ ਬਿਨਾ ਰਿਹਾ ਨਹੀਂ ਜਾ ਸਕਦਾ, ਜਿਹੜੇ ਮਾਂ ਬੋਲੀ ਪੰਜਾਬੀ ਦੀ ਪ੍ਰਫੁੱਲਤਾ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਪੁਸਤਕ ਦੇ ਨਾਮ ਵਾਲਾ ਪਹਿਲਾ ਹੀ ਲੇਖ 'ਸਭੇ ਰੁਤੀ ਚੰਗੀਆ' ਵਿਚ ਰੁੱਤਾਂ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

"ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿੱਚ ਧਰਤੀ ਥਾਪਿ ਰਖੀ ਧਰਮਸਾਲ॥"

ਭਾਵ ਰਾਤਾਂ, ਰੁੱਤਾਂ, ਥਿਤਾਂ ਤੇ ਵਾਰ। ਹਵਾ ਪਾਣੀ, ਅੱਗ ਤੇ ਪਤਾਲ ਇਨ੍ਹਾਂ ਸਾਰਿਆਂ ਦੇ ਦਰਮਿਆਨ ਧਰਤੀ ਟਿਕੀ ਹੋਈ ਹੈ। ਲੇਖਕ ਨੇ ਲਿਖਿਆ ਹੈ ਕਿ ਸੰਸਾਰ ਵਿਚ ਚਾਰ ਰੁੱਤਾਂ ਬਸੰਤ ਰੁੱਤ, ਗਰਮੀ ਰੁੱਤ, ਪੱਤਝੜ ਰੁੱਤ ਅਤੇ ਸਰਦ ਰੁੱਤ ਹਨ ਪ੍ਰੰਤੂ ਭਾਰਤੀ ਉਪ ਮਹਾਂਦੀਪ ਵਿਚ 6 ਰੁੱਤਾਂ ਮੰਨਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ 6 ਰੁੱਤਾਂ ਸਰਸ ਬਸੰਤ-ਚੇਤ ਵੈਸਾਖ, ਗਰਮੀ-ਜੇਠ ਹਾੜ, ਵਰਖਾ- ਸਾਵਣ ਭਾਦੋਂ, ਪੱਤਝੜ-ਅਸੂ ਕੱਤਕ, ਸਿਸੀਅਰ-ਮਘਰ ਪੋਹ ਅਤੇ ਹਿਮਕਰ-ਮਾਘ ਫੱਗਣ ਨੂੰ ਮਾਨਤਾ ਦਿੱਤੀ ਗਈ ਹੈ। ਰੁੱਤਾਂ ਵਿਗਿਅਨਕ ਢੰਗਾਂ ਨਾਲ ਵਾਪਰਦੀਆਂ ਹਨ। ਇਨ੍ਹਾਂ ਵਿਚ ਤਬਦੀਲੀ ਧਰਤੀ ਦੀ ਰੀੜ-ਰੇਖਾ ਦੁਆਲੇ ਧਰਤੀ ਉਲਾਰਵੀਂ ਹੋ ਕੇ ਝੁਕ ਕੇ ਘੁੰਮਦੀ ਹੈ, ਜਿਸ ਕਰਕੇ ਰੁੱਤਾਂ ਵਾਪਰਦੀਆਂ ਹਨ। ਧਰਤੀ ਦੇ ਉਲਾਰ ਝੁਕਾਅ ਕਰਕੇ ਗਰਮੀ ਸਰਦੀ ਹੁੰਦੀ ਹੈ। ਇਹ ਝੁਕਾਅ 6 ਮਹੀਨੇ ਸੂਰਜ ਵੱਲ ਹੁੰਦਾ ਹੈ ਤੇ ਗਰਮੀ ਰੁੱਤ ਹੁੰਦੀ ਹੈ। 6 ਮਹੀਨੇ ਸੂਰਜ ਤੋਂ ਪਰੇ ਉਲਾਰ ਹੁੰਦਾ, ਜਿਸ ਕਰਕੇ ਸਰਦ ਰੁੱਤ ਹੁੰਦੀ ਹੈ। ਉਲਾਰ ਝੁਕਾਅ ਨੂੰ ਸਾਇੰਸਦਾਨ ਤ੍ਰਿਛਾਪਣ ਕਹਿੰਦੇ ਹਨ। ਦੱਖਣੀ ਅਰਧਗੋਲੇ ਵਿਖੇ ਰੁੱਤਾਂ ਦਾ 6 ਮਹੀਨੇ ਦਾ ਫਰਕ ਹੁੰਦਾ ਹੈ। ਇਹ ਅਰਧਗੋਲਾ ਭੂਮੱਧ-ਰੇਖਾ ਦੇ ਉਤਰ ਤੇ ਦੱਖਣ ਦੋ ਹਿੱਸਿਆਂ ਵਿਚ ਵੰਡ ਦਿੰਦੇ ਹਨ। ਇਸੇ ਕਰਕੇ ਗਰਮੀ ਤੇ ਸਰਦੀ ਦੇ ਮੌਸਮ ਹੁੰਦੇ ਹਨ। ਇਟਲੀ ਦੇ ਸਾਇੰਸਦਾਨ ਗਲੈਲੀਓ ਨੇ ਕਿਹਾ ਸੀ ਧਰਤੀ ਗੋਲ 'ਤੇ ਘੁੰਮਦੀ ਹੈ। ਈਸਾਈ ਮੁਖੀਆਂ ਨੇ ਉਸਦਾ ਵਿਰੋਧ ਕਰਕੇ ਘਰ ਵਿਚ ਨਜ਼ਰਬੰਦ ਕਰ ਦਿੱਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 927 ਤੋਂ 929 ਤੱਥ 6 ਰੁੱਤਾਂ ਦਾ ਉਪਦੇਸ਼ ਲਿਖਿਆ ਹੋਇਆ ਹੈ। ਇਹ ਦੋ-ਦੋ ਦੇਸੀ ਮਹੀਨਿਆਂ ਦੀਆਂ 6 ਰੁੱਤਾਂ ਹਨ। ਦੂਜਾ ਲੇਖ 'ਸਰਸ ਬਸੰਤ ਰੁੱਤ' ਮਹੀਨੇ-ਚੇਤ-ਵੈਸਾਖ ਹੈ। ਬਸੰਤ ਰੁੱਤ 6 ਰੁੱਤਾਂ ਵਿਚੋਂ ਇਕ ਹੈ, ਇਹ ਰੁੱਤ ਹਿਮਕਰ ਬਰਫਾਨੀ ਰੁੱਤ ਤੋਂ ਬਾਅਦ ਗਰਮੀ ਤੋਂ ਪਹਿਲਾਂ ਆਉਂਦੀ ਹੈ। ਗੁਰੂ ਸਾਹਿਬ ਛੰਤ ਵਿਚ ਫਰਮਾਉਂਦੇ ਹਨ, ਬਸੰਤ ਰੁੱਤ ਰਸ ਵਾਲੀ ਹੰਦੀ ਹੈ। ਬਸੰਤ ਰੁੱਤ ਵਿਚ ਦਿਨ ਵਧਦੇ ਹਨ। ਗੁਰੂ ਸਾਹਿਬਾਨਾਂ ਤੇ ਭਗਤਾਂ ਨੇ ਜ਼ਿਆਦਾਤਰ ਬਸੰਤ ਬਾਰੇ ਉਪਦੇਸ਼ ਬਸੰਤ ਰਾਗ ਵਿਚ ਗਾਇਨ ਕਰਕੇ ਵਰਣਨ ਕੀਤੇ ਹਨ। ਫੁੱਲ ਖਿੜਨ ਲੱਗਦੇ ਹਨ। ਸਰ੍ਹੋਂ ਦੇ ਫੁੱਲ ਖੇਤਾਂ ਵਿਚ ਜੋਬਨ 'ਤੇ ਹੁੰਦੇ ਹਨ। ਗੁਰੂ ਘਰਾਂ ਵਿਚ ਬਸੰਤ ਪੰਚਵੀਂ ਮਨਾਈ ਜਾਂਦੀ ਹੈ, ਪੀਲੇ ਬਸਤਰ ਪਹਿਨੇ ਜਾਂਦੇ ਹਨ। ਖਾਲਸੇ ਦੀ ਸਾਜਨਾ ਵੈਸਾਖੀ ਵਾਲੇ ਦਿਨ ਕੀਤੀ ਗਈ। ਹੋਲੀ ਤੇ ਹੋਲਾ ਮਹੱਲਾ ਦਾ ਤਿਓਹਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਤਿੰਨ ਦਿਨ ਚੱਲਦਾ ਹੈ। ਵਿਗਿਆਨਕ ਤੌਰ 'ਤੇ ਬਸੰਤ ਰੁੱਤ ਸਭ ਤੋਂ ਵਧੀਆ ਮੰਨਿਆਂ ਜਾਂਦਾ ਹੈ। ਤਾਪਮਾਨ ਦਰਮਿਆਨਾ ਹੁੰਦਾ ਹੈ। ਬਸੰਤ ਰੁੱਤ ਸੁੱਖਦਾਈ, ਆਰਾਮਦਾਇਕ ਅਤੇ ਸ਼ਾਂਤੀਪੂਰਨ ਮੰਨੀ ਜਾਂਦੀ ਹੈ। ਸੂਰਜ ਦੀ ਰੌਸ਼ਨੀ ਜ਼ਿਆਦਾ ਮਿਲਦੀ ਹੈ। ਪੌਦਿਆਂ ਤੇ ਦਰੱਖਤ ਨੂੰ ਨਵੀਆਂ ਕਰੂੰਬਲਾਂ ਨਿਕਲਦੀਆਂ ਹਨ। ਤੀਜਾ ਲੇਖ ਗ੍ਰੀਖਮ ਰੁੱਤ (ਗਰਮੀ) ਮਹੀਨੇ ਜੇਠ-ਹਾੜ੍ਹ ਹੈ। ਗਰਮੀ ਦੀ ਰੁੱਤ ਬਸੰਤ ਰੁੱਤ ਤੋਂ ਬਾਅਦ ਤੇ ਵਰਖਾ ਰੁੱਤ ਤੋਂ ਪਹਿਲਾਂ ਆਉਂਦੀ ਹੈ। ਗਰਮੀ ਦੀ ਰੁੱਤ ਬਾਰੇ ਉਪਦੇਸ਼ ਹੈ, ਸੋ ਬਾਰਹ ਮਾਹਾ ਦੇ ਦੋ ਮਹੀਨਿਆਂ ਜੇਠ ਤੇ ਹਾੜ ਦੇ ਉਪਦੇਸ਼ ਨਾਲ ਮੇਲ ਖਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ ਕਿ ਗਰਮੀ ਦੀ ਰੁੱਤ ਬਹੁਤ ਔਖੀ ਤੇ ਕਰੜੀ ਹੁੰਦੀ ਹੈ। ਜੀਵ-ਜੰਤੂ ਸਾਰੇ ਦੁਖੀ ਹੁੰਦੇ ਹਨ। ਦਸਮ ਗ੍ਰੰਥ ਵਿਚ ਗੁਰੂ ਜੀ ਫਰਮਾਉਂਦੇ ਹਨ:

ਜੇਠ ਮਹਾ ਬਲਵੰਤ ਭਯੋ ਅਤਿ ਬਿਆਕੁਲ ਜੀਯ ਮਹਾ ਰਿਤ ਪਾਈ॥

ਇਹ ਰੁੱਤ ਪ੍ਰਫੁੱਲਤਾ ਪ੍ਰਦਾਨ ਵੀ ਕਰਦੀ ਹੈ। ਵੰਨ-ਸੁਵੰਨੇ ਫੁਲ ਖਿੜਦੇ ਤੇ ਦਰੱਖਤ ਫਲਾਂ ਨਾਲ ਲੱਦੇ ਜਾਂਦੇ ਹਨ। ਪਸ਼ੂ ਪੰਛੀ ਸੰਤਾਨ ਉਪਜਾਉਂਦੇ ਹਨ। ਸੂਰਜ ਦੀ ਰੌਸ਼ਨੀ ਤੋਂ ਵਿਟਾਮਿਨ ਡੀ ਮਿਲਦਾ ਹੈ। ਜਦੋਂ ਧਰਤੀ ਸੂਰਜ ਵੱਲ ਉਲਾਰ ਹੁੰਦੀ ਹੈ, ਜਿਵੇਂ ਉਤਰੀ ਅਰਧਗੋਲੇ ਵਿਖੇ ਗਰਮੀ ਦੀ ਰੁੱਤ ਦੱਖਣੀ ਅਰਧਗੋਲੇ ਵਿਖੇ ਸਰਦੀ ਹੁੰਦੀ ਹੈ। ਚੌਥਾ ਲੇਖ 'ਬਰਸ (ਵਰਖਾ) ਰੁੱਤ ਮਹੀਨੇ ਸਾਵਣ- ਭਾਦੋਂ" ਵਿਚ ਵਰਖਾ ਰੁੱਤ ਹੁੰਦੀ ਹੈ। ਇਸ ਰੁੱਤ ਵਿਚ ਸੁਖਦਾਈ ਮਾਹੌਲ ਅਤੇ ਮੌਜਾਂ ਬਣੀਆਂ ਰਹਿੰਦੀਆਂ ਹਨ। ਤੁਖਾਰੀ ਰਾਗ ਤੇ ਮਾਝ ਰਾਗ ਦੇ ਬਾਰਹ ਮਾਹਾ ਦੇ ਸਾਵਣ ਭਾਦੋਂ ਦੇ ਉਪਦੇਸ਼ ਵਰਖਾ ਰੁੱਤ ਨਾਲ ਮੇਲ ਖਾਂਦੇ ਹਨ, ਜਿਵੇਂ: ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ॥ ਗੁਰਬਾਣੀ ਵਿਚ ਬਬੀਹੇ ਨੂੰ ਵਿਲਕਦਿਆਂ ਹੋਇਆਂ ਦਰਸਾਇਆ ਗਿਆ, ਜਿਵੇਂ:

"ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਆ ਦਾਨ॥
ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥"

ਰਖੜੀ ਦਾ ਤਿਓਹਾਰ ਵੀ ਇਸ ਰੁੱਤ ਵਿਚ ਮਨਾਇਆ ਜਾਂਦਾ ਹੈ। ਸੰਸਾਰ ਵਿਚ ਵੀ ਇਸ ਰੁੱਤ ਵਿਚ ਕਈ ਤਿਓਹਾਰ ਮਨਾਏ ਜਾਂਦੇ ਹਨ। ਪੰਜਵਾਂ ਲੇਖ 'ਸਰਦ ਰੁੱਤ ਮਹੀਨੇ -ਅੱਸੂ ਕਤਕ' ਹੈ। ਸਰਦ ਰੁੱਤ ਵਰਖਾ ਰੁੱਤ ਤੋਂ ਬਾਅਦ ਤੇ ਸਿਸੀਅਰ ਰੁੱਤ ਤੋਂ ਪਹਿਲਾਂ ਆਉਂਦੀ ਹੈ। ਇਸ ਰੁੱਤ ਨੂੰ ਕਈ ਦੇਸ਼ਾਂ ਵਿਚ ਪੱਤਝੜ ਵੀ ਆਖਦੇ ਹਨ। ਸਰਦ ਰੁੱਤ ਵਿਚ ਤਾਪਮਾਨ ਘਟਣ ਲੱਗਦਾ ਹੈ। ਤਕਰੀਬਨ ਦਿਨ-ਰਾਤ ਬਰਾਬਰ ਹੁੰਦੇ ਹਨ। ਕਈ ਕਿਸਾਨ ਸੇਬ, ਕੱਦੂ ਤੇ ਨਾਸ਼ਪਾਤੀਆਂ ਤੇ ਮੱਕੀ ਦੀ ਫਸਲ ਦੀ ਪੈਦਾਵਾਰ ਸੰਭਾਲਦੇ ਹਨ। ਪੱਤਝੜ ਰੁੱਤ ਨੂੰ ਜ਼ਿਆਦਾਤਰ ਉਦਾਸੀ ਦੀ ਰੁੱਤ ਦੀ ਤਰ੍ਹਾਂ ਮੰਨਿਆਂ ਜਾਂਦਾ ਹੈ। ਇਸ ਰੁੱਤ ਵਿਚ ਸੰਸਾਰ ਵਿਚ ਬਹੁਤ ਮੇਲੇ ਲੱਗਦੇ ਹਨ। ਭਾਰਤ ਵਿਚ ਦੀਵਾਲੀ ਅਤੇ ਬੰਦੀਛੋੜ ਦਿਵਸ ਮਨਾਏ ਜਾਂਦੇ ਹਨ। ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਸਨ, ਉਹ ਆਪਣੇ ਨਾਲ ਨਜ਼ਰਬੰਦ 52 ਰਾਜਿਆਂ ਨੂੰ ਛੁਡਵਾ ਕੇ ਲਿਆਏ ਸਨ। ਇਸ ਕਰਕੇ ਬੰਦੀਛੋੜ ਦਿਵਸ ਮਨਾਇਆ ਜਾਂਦਾ ਹੈ। ਇਸਤਰੀਆਂ ਦੀਵਾਲੀ ਨੂੰ ਖਰੀਦੋ-ਫਰੋਖ਼ਤ ਕਰਦੀਆਂ ਹਨ, ਖਾਸ ਤੌਰ 'ਤੇ ਭਾਂਡੇ ਖਰੀਦੇ ਜਾਂਦੇ ਹਨ। ਛੇਵਾਂ ਲੇਖ 'ਸਿਸੀਅਰ ਰੁੱਤ ਮਹੀਨੇ-ਮੱਘਰ ਪੋਹ' ਹੈ। ਮੱਘਰ ਪੋਹ ਦੇ ਮਹੀਨੇ ਸਿਸੀਅਰ ਸਿਆਲ ਦੀ ਠੰਡੀ ਰੁੱਤ ਠੰਡਕ ਵਰਤਾਉਂਦੀ ਹੈ ਤੇ ਪ੍ਰਭੂ ਦਾ ਦਰਸ਼ਨ ਹਿਰਦੇ ਨੂੰ ਠੰਡਾ-ਠਾਰ ਕਰ ਦਿੰਦਾ ਹੈ। ਸਿਸੀਅਰ ਰੁੱਤ ਤੇ ਪੋਹ ਦਾ ਮਹੀਨਾ ਬਿਰਧ ਅਵਸਥਾ ਵਾਂਗੂੰ ਹੈ। ਦਿਨ ਛੋਟੇ ਤੇ ਰਾਤਾਂ ਲੰਬੀਆਂ ਹੋ ਜਾਂਦੀਆਂ ਹਨ। 21 ਦਸੰਬਰ ਸਭ ਤੋਂ ਛੋਟਾ ਦਿਨ ਹੁੰਦਾ ਹੈ। ਸਿਸੀਅਰ ਰੁੱਤ ਪਸ਼ੂ ਪੰਛੀਆਂ, ਜਾਨਵਰਾਂ ਨੂੰ ਵੀ ਪ੍ਰਭਾਵਤ ਕਰਦੀ ਹੈ। ਮਨੁੱਖ ਵੀ ਸਿਸੀਅਰ ਰੁੱਤ ਵਿਚ ਥਕਾਵਟ ਮਹਿਸੂਸ ਕਰਦੇ ਹਨ। ਕ੍ਰਿਸਮਸ 25 ਦਸੰਬਰ ਇਸ ਰੁੱਤ ਵਿਚ ਆਉਂਦੀ ਹੈ। ਨਵਾਂ ਸਾਲ ਵੀ ਪਹਿਲੀ ਜਨਵਰੀ ਨੂੰ ਹੁੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ, ਮਾਤਾ ਗੁਜਰੀ, ਛੋਟੇ ਤੇ ਵੱਡੇ ਸਾਹਿਬਜ਼ਾਦੇ ਅਤੇ ਅਨੇਕਾਂ ਸਿੱਖਾਂ ਨੇ ਵੀ ਸਿਸੀਅਰ ਰੁੱਤ ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ। ਲੋਹੜੀ ਵੀ ਮਨਾਈ ਜਾਂਦੀ ਹੈ। ਸੱਤਵਾਂ ਲੇਖ 'ਹਿਮਕਰ (ਬਰਫਾਨੀ) ਰੁੱਤ ਮਹੀਨੇ-ਮਾਘ ਫੱਗਣ' ਹੈ। ਹਿਮਕਰ ਰੁੱਤ ਸਿਸੀਅਰ ਰੁੱਤ ਤੋਂ ਬਾਅਦ ਆਉਂਦੀ ਹੈ, ਇਹ ਛੇਵੀਂ ਰੁੱਤ ਹੈ। ਹਿਮ ਬਰਫ ਨੂੰ ਆਖਦੇ ਹਨ। ਦੁਨੀਆਂ ਵਿਚ ਬਹੁਤ ਠੰਡ ਦੇ ਰਿਕਾਰਡ ਬਣੇ ਹੋਏ ਹਨ, ਉਹ ਇਸੇ ਹਿਮਕਰ ਰੁੱਤ ਵਿਚ ਵਾਪਰੇ ਹਨ। ਇਹ ਰੁੱਤ ਮਨੁੱਖੀ ਸਰੀਰ ਨੂੰ ਬਹੁਤ ਪ੍ਰਭਵਤ ਕਰਦੀ ਹੈ। ਗੁਰੂ ਸਾਹਿਬ ਆਖਦੇ ਹਨ, ਗੁਰੁ ਹਿਵੈ ਘਰ, ਹਿਮਾਲਿਆ ਦਾ ਘਰ, ਬਰਫ ਘਰ ਭਾਵ ਗੁਰੂ ਸੀਤਲ ਹੈ। ਚਾਲੀ ਮੁਕਤਿਆਂ ਦਾ ਬੇਦਾਵਾ ਵਾਪਸ ਦੀ ਬੇਨਤੀ ਇਸੇ ਰੁੱਤ ਵਿਚ ਕੀਤੀ ਗਈ। ਮਕਰ ਸਕਰਾਂਤੀ ਅਤੇ ਦੁਨੀਆਂ ਦੇ ਹੋਰ ਤਿਓਹਾਰ ਵੀ ਇਸੇ ਰੁੱਤ ਵਿਚ ਮਨਾਏ ਜਾਂਦੇ ਹਨ। 'ਸੰਪੂਰਨਤਾ' ਰੁੱਤਾਂ ਪ੍ਰਤੀ ਬਾਣੀ ਦੀ ਸੰਪੂਰਨਤਾ, ਨਿਮਰਤਾ ਸਹਿਤ ਵਡਿਆਈ ਤੇ ਧੰਨਵਾਦ ਕੀਤਾ ਗਿਆ ਹੈ। ਬਾਰਾਂ ਮਹੀਨਿਆਂ ਛੇ ਰੁੱਤਾਂ ਇਕ ਘੜੀ ਤੇ ਮਹੂਰਤ ਇਤਿਆਦਕ ਸਮਿਆਂ ਵਿਚ ਗੁਰੂ ਦਾ ਹੀ ਸਿਮਰਨ ਕਰਨਾ ਹੈ। ਸਿਮਰਨ ਗਿਣਤੀਆਂ ਮਿਣਤੀਆਂ ਨਾਲ ਨਹੀਂ, ਸਗੋਂ ਸਿਮਰਨ ਲਈ ਹਰ ਰੁੱਤ ਤੇ ਸਮਾਂ ਸੁਹਾਵਣਾ ਹੈ।

180 ਪੰਨਿਆਂ, 250 ਰੁਪਏ (ਬਿਨਾ ਜਿਲਦ) ਅਤੇ 300 ਰੁਪਏ (ਜਿਲਦ ਵਾਲੀ) ਕੀਮਤ ਵਾਲੀ ਇਹ ਪੁਸਤਕ ਯੂਰਪੀ ਪੰਜਾਬੀ ਸੱਥ ਵਾਲਸਲ (ਯੂ.ਕੇ.) ਵੱਲੋਂ ਪ੍ਰਕਾਸ਼ਤ ਕਰਵਾਈ ਗਈ ਹੈ।

# ਵਿਚਾਰੇ ਬਜ਼ੁਰਗ

## ਵਿਚਾਰ ਪ੍ਰਵਾਹ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)




ਦੋਸਤੋ, ਇਸ ਲੇਖ ਦਾ ਸਿਰਲੇਖ "ਵਿਚਾਰੇ ਬਜ਼ੁਰਗ" ਲਿਖਣਾ ਮੇਰਾ ਸ਼ੌਕ ਨਹੀਂ ਮਜਬੂਰੀ ਹੈ। ਬਜ਼ੁਰਗ ਹਮੇਸ਼ਾਂ ਰੱਬ ਤੋਂ ਦੂਜੇ ਨੰਬਰ 'ਤੇ ਆਉਣ ਵਾਲੀ ਸ਼ਖ਼ਸੀਅਤ ਹੁੰਦੇ ਹਨ, ਲਿਹਾਜ਼ਾ ਕਦੇ ਵੀ ਵਿਚਾਰੇ ਨਹੀਂ ਹੁੰਦੇ ਸਨ, ਪਰ ਅੱਜ ਦੇ ਪੈਸੇ ਦੇ ਯੁੱਗ ਅਤੇ ਵਿਗੜੈਲ ਔਲਾਦ ਨੇ ਮਾਪਿਆਂ ਨੂੰ ਵਿਚਾਰੇ ਬਣਨ ਲਈ ਮਜਬੂਰ ਕਰ ਦਿੱਤਾ ਹੈ ਅਤੇ ਕੁਝ ਬੇੜਾ ਗ਼ਰਕ ਕੀਤਾ ਹੈ। ਸਰਕਾਰੀ ਨਾਅਰੇ ਨੇ (ਏਕ ਜਾਂ ਦੋ ਬੱਚੇ ਹੋਤੇ ਹੈਂ ਘਰ ਮੇਂ ਅੱਛੇ)। ਜੇ ਇਹ ਨਾਅਰਾ ਸਾਰੇ ਦੇਸ਼ ਵਿਚ ਇੱਕੋ ਜਿਹਾ ਅਸਰ ਕਰਦਾ ਤਾਂ ਮਾੜਾ ਨਹੀਂ ਸੀ ਪਰ ਹੋਇਆ ਇਸ ਦੇ ਉਲਟ ਪੁਰਾਤਨ ਕਹਾਵਤ ਵਾਂਗ ਜਿਸ ਵਿਚ ਕਹਿੰਦੇ ਹਨ (ਜਿਨਕੇ ਪਾਸ ਬਦਾਮ ਹੈਂ ਉਨਕੇ ਪਾਸ ਦਾਂਤ ਨਹੀਂ ਔਰ ਜਿਨ ਕੇ ਦਾਂਤ ਹੈਂ ਉਨਕੇ ਪਾਸ ਬਦਾਮ ਨਹੀਂ) ਵਾਂਗ ਰਿਮੋਟ ਏਰੀਆਜ਼ ਅਤੇ ਝੁੱਗੀ ਝੌਂਪੜੀ ਵਾਲਿਆਂ ਦੇ ਘਰ ਲੰਮਾ ਸਮਾਂ ਬਾਲ ਖੇਡਦੇ ਰਹੇ ਤੇ ਸਭ ਕੁਝ ਹੁੰਦੇ-ਸੁੰਦੇ ਵਾਲਿਆਂ ਨੇ ਇੱਕ-ਇੱਕ ਲੋਹੜੀ ਮਨਾ ਕੇ ਲੋਹੜੀ ਨੂੰ ਘਰ ਨਿਕਾਲਾ ਦੇ ਦਿੱਤਾ। ਹੁਣ ਉਨ੍ਹਾਂ ਦੀਆਂ ਜਾਇਦਾਦਾਂ ਦੇ ਕਿਰਾਏ ਇਕੱਠੇ ਕਰਨ ਵਾਲੇ ਨਹੀਂ ਦਿੱਸਦੇ, ਤਾਂ ਜ਼ਮੀਨ-ਜਾਇਦਾਦ ਵਾਲਿਆਂ ਨੇ ਇੱਕ-ਇੱਕ, ਦੋ-ਦੋ ਬੱਚੇ ਹੋਣ ਕਾਰਨ ਬੱਚਿਆਂ ਨੂੰ ਏਨਾ ਸਿਰ 'ਤੇ ਚੜ੍ਹਾ ਬੈਠੇ ਕਿ ਬੱਚੇ ਅੱਯਾਸ਼ ਹੋ ਕੇ ਜਾਇਦਾਦਾਂ ਫੂਕ ਰਹੇ ਹਨ ਅਤੇ ਵਿਚਾਰੇ ਮਾਂ-ਪਿਉ 'ਵਿਚਾਰੇ' ਬਣ ਕੇ ਬਿਰਧ ਆਸ਼ਰਮਾਂ ਵਿਚ ਰਹਿ ਰਹੇ ਹਨ।

ਜੋ ਮਾਂ-ਬਾਪ ਅਮੀਰ ਨਹੀਂ ਵੀ ਸਨ, ਤਾਂ ਵੀ ਉਨ੍ਹਾਂ ਨੂੰ ਜੀਵਨ ਜਿਊਣ ਦਾ ਵੱਲ ਸੀ... ਸੰਗ ਸਰਫੇ ਨਾਲ ਜੀਵਨ ਬਿਤਾਉਣ ਵਿਚ ਮਾਹਰ ਸਨ, ਪੈਸੇ ਦੀ ਕਦਰ ਕਰਦੇ ਸਨ, ਤਾਂ ਹੀ ਪੀੜ੍ਹੀ ਦਰ ਪੀੜ੍ਹੀ ਨੂੰ ਜਾਇਦਾਦ ਅਤੇ ਗਹਿਣਾ ਗੱਟਾ, ਬੈਂਕ ਬੈਲੈਂਸ ਤੁਰਿਆ ਆਉਂਦਾ ਰਿਹਾ ਤੇ ਹੁਣ ਵੇਖ ਲਉ, ਜਿਸ ਕੋਲ ਸੌ ਹੈ, ਉਹ ਸਵਾ ਸੌ ਦਾ ਕਰਜਾਈ ਹੈ... ਬਿਨਾਂ ਬਿਜਲੀ ਬਿਨਾਂ ਏ.ਸੀ., ਫਰਿੱਜ, ਕੂਲਰ ਅਤੇ ਹੀਟਰ ਦੇ ਕਿਵੇਂ ਗਰਮੀਆਂ ਜਾ ਸਿਆਲ ਕੱਟਣੇ ਹਨ, ਉਹ ਬਾਖ਼ੂਬੀ ਜਾਣਦੇ ਸਨ, ਤਾਂ ਹੀ ਜਾਇਦਾਦਾਂ ਬਚੀਆਂ ਰਹੀਆਂ...। ਸਾਡੇ ਵੇਖਣ ਦੀਆਂ ਗੱਲਾਂ ਹਨ, ਜਦੋਂ ਲੋਕਾਂ ਨੇ ਵੀਹ ਰੁਪਏ ਦੀ ਨਵੀਂ ਬਾਲਟੀ ਲਿਆਉਣੀ, ਜਿਸ ਵਿਚ ਵੀਹ ਕਿੱਲੋ ਪਾਣੀ ਪੈਂਦਾ ਸੀ..। ਦੋ-ਚਾਰ ਸਾਲ ਬਾਲਟੀ ਰੱਜ ਕੇ ਹੰਢਾਉਣੀ, ਜਦੋਂ ਲੀਕ ਹੋ ਜਾਣੀ ਤਾਂ ਦੋ-ਤਿੰਨ ਰੁਪਏ ਦੇ ਕੇ ਗੱਡੀਆਂ ਵਾਲਿਆਂ ਕੋਲੋਂ (ਜੋ ਅਕਸਰ ਪਿੰਡਾਂ ਵਿਚ ਤੁਰੇ ਫਿਰਦੇ ਸਨ), ਬਾਲਟੀ ਨੂੰ ਥੱਲਾ ਲਵਾ ਲੈਣਾ, ਜਿਸ ਨਾਲ ਬਾਲਟੀ ਥੋੜ੍ਹੀ ਛੋਟੀ ਜ਼ਰੂਰ ਹੋ ਜਾਂਦੀ ਸੀ ਪਰ ਘਰ ਵਿਚ ਨਿੱਕੇ-ਮੋਟੇ ਕੰਮ ਸਾਰੀ ਜਾਂਦੀ ਸੀ, ਜਦੋਂ ਫਿਰ ਉਹ ਦੁਬਾਰਾ ਲੀਕ ਹੋ ਜਾਣੀ, ਦੋ-ਚਾਰ ਰੁਪਏ ਉਨ੍ਹਾਂ ਗੱਡੀਆਂ ਵਾਲਿਆਂ ਪਾਸੋਂ ਹੀ ਉਸ ਵਿਚ ਸਰੀਏ ਲਵਾ ਕੇ ਉਸ ਦੀ ਅੰਗੀਠੀ ਬਣਾ ਲੈਣੀ, ਜਿਸ ਨੂੰ ਮੀਂਹ ਕਣੀ ਵਿਚ ਅੰਦਰ ਅਤੇ ਸਾਫ਼ ਮੌਸਮ ਵਿਚ ਬਾਹਰ ਰੱਖ ਕੇ ਚੁੱਲ੍ਹੇ-ਚੌਂਕੇ ਦਾ ਕੰਮ ਲੈਣਾ..., ਹੁਣ ਜਦ ਨੂੰਹ ਰਾਣੀ ਪੰਜ ਸੌ ਰੁਪਏ ਦੀ ਨੇਲ ਪਾਲਸ਼ ਲਿਆਂਉਦੀ ਹੈ, ਤਾਂ ਉਸਦੀ ਸੱਸ ਵੀਹ ਰੁਪਏ ਦੀ ਬਾਲਟੀ ਨਾਲ ਦਸ ਸਾਲ ਕੱਢੇ ਯਾਦ ਕਰਦੀ ਹੈ, ਏਨੀ ਗੱਲ ਕਰਨ ਨਾਲ ਹੀ ਉਹ ਬਜ਼ੁਰਗ ਸੱਸ ਪਾਪਾ ਦੀ ਪਰੀ ਹੱਥੋਂ ਜਲੀਲ ਹੋ ਕੇ 'ਵਿਚਾਰੀ' ਬਣ ਜਾਂਦੀ ਹੈ...। ਸੋ ਚਾਹੀਦਾ ਤਾਂ ਇਹ ਹੈ ਕਿ ਬਜ਼ੁਰਗ ਵੀ ਨਵੇਂ ਜ਼ਮਾਨੇ ਦੇ ਹਾਣੀ ਹੋਣ ਅਤੇ ਬੱਚੇ ਵੀ ਮਾਪਿਆਂ ਨੂੰ ਸਤਿਕਾਰ ਦੇਣ ਤਾਂ ਹੀ ਜ਼ਮਾਨਾ ਸਹੀ ਤੋਰ ਤੁਰੇਗਾ, ਵਰਨਾ ਘਰਾਂ ਪ੍ਰੀਵਾਰਾਂ ਵਿਚੋਂ ਇੱਜ਼ਤ ਮਾਣ, ਸੱਭਿਆਚਾਰ ਕਾਫੂਰ ਦੀ ਤਰ੍ਹਾਂ ਉੱਡ ਜਾਵੇਗਾ।

(Punjab Mail USA)

# ਭਾਈਚਾਰਾ ਸੇਵਾ ਤੇ ਉਮੀਦ ਜ਼ਰੂਰੀ ਹੈ ਲੋੜਵੰਦਾਂ ਲਈ


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)

**“ਵਿਸ਼ਵ ਮਾਨਵਤਾਵਾਦੀ ਦਿਵਸ 2023 ਦਾ ਥੀਮ ਹੈ- ਭਾਈਚਾਰੇ ਲਈ ਸੇਵਾ ਅਤੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣ ਲਈ ਇੱਕ ਉਮੀਦ ਨੂੰ ਬਰਕਰਾਰ ਰੱਖਣਾ ਹੈ। ਕਿੱਥੇ ਅਤੇ ਕਿਵੇਂ, ਕੋਈ ਫਰਕ ਨਹੀਂ ਪੈਂਦਾ”- ਅਨਿਲ ਧੀਰ**









ਸਾਲ 2023 ਵਿਸ਼ਵ ਮਾਨਵਤਾਵਾਦੀ ਦਿਵਸ ਮੁਹਿਮ, ਇਰਾਕ ’ਚ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰ ’ਤੇ ਹਮਲੇ ਦੀ 20ਵੀਂ ਵਰੇਗੰਢ ਮਨਾਉਣ ਲਈ ਅਤੇ ਉਨ੍ਹਾਂ ਭਾਈਚਾਰਿਆਂ ਲਈ ਪ੍ਰਦਾਨ ਕਰਨ ਲਈ ਸਾਡੀ ਅਟੱਲ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜੋ ਵਿਸ਼ਵ ਭਾਈਚਾਰੇ ਨੂੰ ਇਕੱਠਾ ਕਰ ਰਹੀ ਹੈ। ਅਸੀਂ ਜੋ ਵੀ ਸੇਵਾ ਕਰਦੇ ਹਾਂ, ਕਿੱਥੇ ਅਤੇ ਕਿਵੇਂ, ਕੋਈ ਫਰਕ ਨਹੀਂ ਪੈਂਦਾ। ਮਾਨਵਤਾਵਾਦੀ ਕੋਲ ਜਾਨਾਂ ਬਚਾਉਣ ਅਤੇ ਜੀਵਨ ਦੀਆਂ ਬੁਨਿਆਦੀ ਲੋੜਾਂ ਨੂੰ ਪ੍ਰਦਾਨ ਕਰਨਾ ਹੀ ਉਦੇਸ਼ ਹੈ। 19 ਅਗਸਤ 2003 ਨੂੰ, ਇਰਾਕ ਦੇ ਬਗਦਾਦ ‘ਚ ਕੈਨਾਲ ਹੋਟਲ ਉੱਤੇ ਇੱਕ ਬੰਬ ਹਮਲੇ ‘ਚ ਇਰਾਕ ਲਈ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਦੇ ਵਿਸ਼ੇਸ਼ ਪ੍ਰਤੀਨਿਧੀ ਸਰਜੀਓ ਵੀਏਰਾ ਡੀ ਮੇਲੋ ਸਮੇਤ 22 ਮਾਨਵਤਾਵਾਦੀ ਸਹਾਇਤਾ ਕਰਮਚਾਰੀ ਮਾਰੇ ਗਏ। ਪੰਜ ਸਾਲ ਬਾਅਦ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 19 ਅਗਸਤ ਨੂੰ ਵਿਸ਼ਵ ਮਾਨਵਤਾਵਾਦੀ ਦਿਵਸ ਵਜੋਂ ਮਨੋਨੀਤ ਕਰਨ ਦਾ ਮਤਾ ਅਪਣਾਇਆ। ਹਰ ਸਾਲ ਇਸ ਦਿਨ ਇੱਕ ਥੀਮ ਰੱਖਿਆ ਜਾਂਦਾ ਹੈ, ਜੋ ਕਿ ਸੰਕਟਾਂ ਤੋਂ ਪ੍ਰਭਾਵਿਤ ਲੋਕਾਂ ਦੇ ਬਚਾਅ, ਤੰਦਰੁਸਤੀ ਅਤੇ ਸਨਮਾਨ ਲਈ ਸਹਾਇਤਾ ਕਰਮਚਾਰੀਆਂ ਦੀ ਸੁਰੱਖਿਆ ਲਈ ਵਕਾਲਤ ਕਰਨ ਲਈ ਮਾਨਵਤਾਵਾਦੀ ਪ੍ਰਣਾਲੀ ਦੇ ਪਾਰਟਨਰਾਂ ਨੂੰ ਇੱਕਠਾ ਕਰਦਾ ਹੈ। ਮਾਨਵਤਾਵਾਦੀ ਕੰਮ ਦੀ ਮਹੱਤਤਾ, ਪ੍ਰਭਾਵ, ਸਕਾਰਾਤਮਕ ਪ੍ਰਭਾਵ ਲਈ ਯਤਨ ਕੀਤੇ ਜਾਂਦੇ ਹਨ।

2021 ਵਿਚ, 460 ਸਹਾਇਤਾ ਕਰਮਚਾਰੀਆਂ ’ਤੇ ਹਮਲੇ ਦੌਰਾਣ 140 ਮਾਰੇ ਗਏ, 203 ਜ਼ਖਮੀ ਹੋਏ ਅਤੇ 117 ਅਗਵਾ ਕੀਤੇ ਗਏ। ਜਾਨ ਗੁਆਉਣ ਵਾਲੇ ਸਹਾਇਤਾ ਕਰਮਚਾਰੀਆਂ ਵਿਚੋਂ, 98% ਰਾਸ਼ਟਰੀ ਸਟਾਫ ਅਤੇ 2% ਅੰਤਰਰਾਸ਼ਟਰੀ ਸਟਾਫ ਦੇ ਤੇ 53% ਰਾਸ਼ਟਰੀ ਗੈਰ ਸਰਕਾਰੀ ਸੰਗਠਨਾਂ ਦੇ ਸਟਾਫ ਸਨ। ਸਭ ਤੋਂ ਵੱਧ ਹਿੰਸਾ ਦੱਖਣੀ ਸੂਡਾਨ, ਅਫਗਾਨਿਸਤਾਨ ਅਤੇ ਸੀਰੀਆ ’ਚ ਹੋਈ। ਯੂਕਰੇਨ ’ਚ ਜੰਗ ਦੇ ਕਾਰਨ 2022 ਵਿਚ ਰਾਕੇਟ ਹਮਲੇ, ਗੋਲਾਬਾਰੀ ਕਾਰਨ ਜਾਨਾਂ ਗਈਆਂ ਅਤੇ ਸਹਾਇਤਾ ਪ੍ਰਦਤਾਵਾਂ ਨੂੰ ਬਰਾਬਰ ਖਤਰੇ ’ਚ ਪਾਇਆ। ਮਾਨਵਤਾਵਾਦੀ ਲੋੜਾਂ ਦੀ ਜਾਣਕਾਰੀ ਮੁਤਾਬਿਕ 20.7 ਮਿਲੀਅਨ ਲੋਕਾਂ ਨੂੰ ਲੋੜ ਦੇਖੀ ਗਈ ਹੈ, ਜਿਨ੍ਹਾਂ ਵਿਚੋਂ 12.1 ਮਿਲੀਅਨ ਲੋਕਾਂ ਨੂੰ ਗੰਭੀਰ ਲੋੜ ਵਿਸ਼ਵ ਦਾ ਸਭ ਤੋਂ ਵੱਡਾ ਮਾਨਵਤਾਵਾਦੀ ਸੰਕਟ ਬਣਿਆ।

ਵਿਸ਼ਵ ਭਰ ’ਚ 19 ਅਗਸਤ ਨੂੰ ਅਸੀਂ ਮਨੁੱਖਤਾਵਾਦੀਆਂ ਦਾ ਸਨਮਾਨ ਕਰਨ ਲਈ ਇੱਕਠੇ ਹਾਂ, ਜੋ ਲਗਾਤਾਰ ਵੱਧ ਰਹੀਆਂ ਵਿਸ਼ਵ ਲੋੜਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਖਤਰੇ ਜਾਂ ਮੁਸ਼ਕਲਾਂ ਦਾ ਕੋਈ ਫਰਕ ਨਹੀਂ ਪੈਂਦਾ। ਮਨੁੱਖਤਾਵਾਦੀ ਤਬਾਹੀ ਤੋਂ ਪ੍ਰਭਾਵਿਤ ਖੇਤਰਾਂ ’ਚ ਡੂੰਘੇ ਉੱਦਮ ਕਰਦੇ ਹਨ ਅਤੇ ਸੰਘਰਸ਼ ਦੀਆਂ ਮੂਹਰਲੀਆਂ ਲਾਈਨਾਂ ’ਤੇ ਲੋੜਵੰਦ ਲੋਕਾਂ ਨੂੰ ਅਤੇ ਬਚਾਉਣ ਦੀ ਕਰਦੇ ਹਨ। ਮਨੁੱਖਤਾਵਾਦੀ ਜੀਵਨ ਬਚਾਉਣ ਅਤੇ ਸੁਰੱਖਿਅਤ ਕਰਨ ਲਈ ਸਾਂਝੇ ਮਿਸ਼ਨ ਇੱਕਜੁੱਟ ਹੁੰਦੇ ਹਨ। ਅਕਸਰ ਉਹ ਮਾਨਵਤਾਵਾਦੀ ਸਿਧਾਂਤਾਂ ਨਾਲ ਸਮਝੌਤਾ ਨਹੀਂ ਕਰਦੇ ਅਤੇ ਲੋਕਾਂ ਲਈ ਚੰਗੇ ਫੈਸਲੇ ਲੈਣ ਦੀ ਕੋਸ਼ਿਸ਼ ਕਰਦੇ ਹਨ, ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ। ਹਾਲਾਂਕਿ ਮਾਨਵਤਾਵਾਦੀ ਕੰਮ ਮੁਸ਼ਕਲ ਤੇ ਖਤਰਨਾਕ ਹੈ, ਪਰ ਚੁਣੌਤੀਆਂ ’ਤੇ ਕਾਬੂ ਪਾਉਣ ਅਤੇ ਲੋੜਵੰਦ ਲੋਕਾਂ ਦੇ ਜੀਵਨ ਨੂੰ ਬਚਾਉਣ ਵਾਲੀ ਮਦਦ ਕਰਨ ਲਈ ਆਪਣੀ ਵਚਨਬੱਧਤਾ ਨਹੀਂ ਛਡਦੇ। ਸਾਡੇ ਮੂਲ ਸਿਧਾਂਤ ਮਨੁੱਖਤਾ, ਨਿਰਪੱਖਤਾ ਅਤੇ ਆਜ਼ਾਦੀ ਨੂੰ ਅੱਗੇ ਰੱਖਿਆ ਗਿਆ ਹੈ। ਅੱਜ ਵਿਸ਼ਵ ਭਰ ਦੇ ਲੋਕਾਂ ਨੂੰ ਲੋੜਵੰਦਾਂ ਦੀ ਸੇਵਾ ਲਈ ਇੱਕਜੁੱਟ ਹੋ ਕੇ ਇਸ ਮੁਹਿੰਮ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ।

- ਅੱਜ ਸੰਕਟਕਾਲ ਦੌਰਾਣ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਵਿਸ਼ਵ ਭਰ ’ਚ ਸੰਯੁਕਤ ਰਾਸ਼ਟਰ ਏਜੰਸੀਆਂ, ਅੰਤਰਰਾਸ਼ਟਰੀ ਰੈੱਡ ਕਰਾਸ, ਗੈਰ-ਸਰਕਾਰੀ ਸੰਸਥਾਵਾਂ, ਮਾਨਵਤਾਵਾਦੀ ਗਠਜੋੜ ਤੇ ਮਿਲਟਰੀ ਸੰਥਾਵਾਂ ਏਜੰਸੀਆਂ ਇੱਕ ਨੈੱਟਵਰਕ ਦੁਆਰਾ ਮਦਦ ਕਰਦੇ ਹਨ।
- ਮਾਨਵਤਾਵਾਦੀ ਤੋਂ ਭਾਵ ਉਹ ਆਦਮੀ ਜੋ ਮਨੁੱਖੀ ਭਲਾਈ ਨੂੰ ਉਤਸ਼ਾਹਿਤ ਕਰਦੇ ਹੋਏ ਦੂਜਿਆਂ ਲਈ ਚਿੰਤਾ ਪ੍ਰਗਟ ਕਰੇ। ਮਾਨਵਤਾਵਾਦੀ ਇੱਕ ਵਲੰਟੀਅਰ, ਤਨਖਾਹ ਵਾਲਾ ਜੋ ਵਿਸ਼ਵਵਿਆਪੀ ਮੁੱਦਿਆਂ, ਚੁਣੌਤੀਆਂ ਦੌਰਾਣ ਭੋਜਨ, ਪਾਣੀ ਦੀ ਕਮੀ, ਕੁਪੋਸ਼ਨ, ਵਾਤਾਵਰਣਕ ਆਫਤਾਂ, ਬੰਬ ਹਮਲੇ, ਰਾਜਨੀਤਿਕ ਅਸ਼ਾਂਤੀ ਅਤੇ ਸਿਹਤ ਸੰਭਾਲ ਸੰਕਟਕਾਲ ਦੌਰਾਣ ਇਕੱਠੇ ਹੋ ਕੇ ਮਦਦ ਕੀਤੀ ਜਾਂਦੀ ਹੈ।
- ਨੌਜਵਾਨ ਪੀੜ੍ਹੀ ਨੂੰ ਸੰਕਟਕਾਲ ਦੌਰਾਣ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ ਦੀ ਨਿਗਰਾਨੀ, ਹਰ ਪੱਧਰ ’ਤੇ ਪ੍ਰਭਾਵਿਤ ਲੋਕਾਂ ਦੀ ਲੋੜ ਮੁਤਾਬਿਕ ਇੱਕਜੁੱਟ ਹੋ ਕੇ ਮਦਦ ਕਰਨ ਦੀ ਲੋੜ ਹੈ।
- ਸੰਕਟਕਾਲ ਦੌਰਾਨ ਪੀੜਿਤਾਂ ਦੀ ਮਦਦ ਮਨੁੱਖਤਾ, ਨਿਰਪੱਖਤਾ ਅਤੇ ਸੁਤੰਤਰਤਾ ਨੂੰ ਅੱਗੇ ਰੱਖ ਕੇ ਕਰਨ ਦੀ ਲੋੜ ਹੈ। ਸਭ ਤੋਂ ਕਮਜ਼ੋਰ ਲੋਕਾਂ ਲਈ ਹਮੇਸ਼ਾ ਜ਼ਿਆਦਾ ਧਿਆਣ ਦੇਣਾ ਜ਼ਰੂਰੀ ਹੋ ਜਾਂਦਾ ਹੈ।

# ਸਫ਼ਰ ਚੰਬੇ ਤੋਂ ਕਿਲਾਰ ਦਾ


ਅਮਰਬੀਰ ਸਿੰਘ ਚੀਮਾ
ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ (ਪੰਜਾਬ)
ਮੋਬਾ. 98889-40211
(Punjab Mail USA)




ਦੁਨੀਆਂ ਦੇ ਖਤਰਨਾਕ ਰਸਤਿਆਂ ’ਚੋਂ ਇੱਕ ਹੈ ਚੰਬੇ ਤੋਂ ਕਿਲਾਰ ਤੱਕ ਦਾ ਪਹਾੜੀ ਸਫ਼ਰ। 177 ਕਿਲੋਮੀਟਰ ਦਾ ਇਹ ਸਫਰ 12-13 ਘੰਟਿਆਂ ਵਿਚ ਤੈਅ ਹੁੰਦਾ ਹੈ। ਇਹ ਰਸਤਾ ਸਾਲ ’ਚ ਸਿਰਫ 4 ਮਹੀਨੇ ਲਈ ਹੀ ਖੁੱਲ੍ਹਦਾ ਹੈ ਤੇ ਸਿਆਲ ਰੁੱਤੇ ਪਈ ਬਰਫ਼ ਵੀ ਸਾਰਾ ਸਾਲ ਤੱਕ ਪਈ ਰਹਿੰਦੀ ਹੈ। ਚੰਬੇ ਤੋਂ ਪੁਖਾਰੀ, ਕੋਟੀ, ਮਧੂਬੈਡ, ਨਕਰੋਡ, ਟੀਸਾ, ਭੰਗਰਾਰੂ, ਬੈਰਗੜ੍ਹ, ਸਤਰੂੰਡੀ ਹੁੰਦੇ ਹੋਏ ਸਾਚਪਾਸ ਨਾਮਕ ਮੁੱਖ ਪੜਾਅ ਆਉਂਦਾ ਹੈ। ਚੰਬਾ ਦੇ ਬਾਹਰਵਾਰ ਰਾਵੀ ਨਦੀ ’ਤੇ ਸ਼ੀਤਲਾ ਪੁਲ ਲੰਘ ਕੇ ਇਹ ਰੋਮਾਂਚਿਕ ਯਾਤਰਾ ਸ਼ੁਰੂ ਹੁੰਦੀ ਹੈ। ਰਾਵੀ ਨਦੀ ਦੇ ਨਾਲ-ਨਾਲ ਜਾਂਦੀ ਵਲ-ਵਲੇਵੇਂ ਖਾਂਦੀ ਕੱਚੀ-ਪੱਕੀ ਸੜਕ ਦੇ ਦੂਜੇ ਪਾਸੇ ਆਸਮਾਨ ਛੂੰਹਦੇ ਪਹਾੜ ਹਨ। ਇਸ ਰਸਤੇ ਦੌਰਾਨ ਕਦੇ ਚੜ੍ਹਾਈ ’ਤੇ ਕਦੇ ਉਤਰਾਈ ਆ ਜਾਂਦੀ ਹੈ। ਘੰਟੇ ਕੁ ਦੀ ਡਰਾਈਵ ਉਪਰੰਤ ਸਾਹਮਣੇ ਟੀ ਪੁਆਇੰਟ ਤੋਂ ਖੱਬਾ ਰਸਤਾ ਬਾਣੀਖੇਤ ਵੱਲ ਜਾਂਦਾ ਹੈ, ਜਦਕਿ ਸਾਚਪਾਸ ਜਾਂ ਕਿਲਾਰ ਵੱਲ ਜਾਣ ਲਈ ਸੱਜੇ ਪਾਸੇ ਬੈਰਗੜ੍ਹ ਵੱਲ ਟਰਨ ਕਰਨੀ ਹੈ। ਕੱਚੇ ਪੱਕੇ ਤੇ ਉੱਬੜ-ਖੁੱਬੜ ਰਸਤੇ ’ਤੇ ਚਲਦੇ ਹੋਏ ਮਧੂਬਾਲਾ ਪਹੁੰਚ ਕੇ ਨਾਸ਼ਤਾ ਕੀਤਾ। ਰਾਹ ਵਿਚ ਛੋਟ-ਛੋਟੇ ਕਈ ਮੰਦਰ ਵੀ ਦੇਖਦੇ ਗਏ।

ਰਸਤਾ ਇੰਨਾ ਤੰਗ ਹੈ ਕਿ ਕਈ ਵਾਰ ਸਾਹਮਣੇ ਤੋਂ ਆ ਰਿਹਾ ਵਾਹਨ ਆਪਣੀ ਗੱਡੀ ਅੱਗੇ-ਪਿੱਛੇ ਕਰਕੇ ਲੰਘਾਉਣਾ ਪੈਂਦਾ ਹੈ। ਇਸ ਰਸਤੇ ਜਾਣ ਲਈ ਚੰਡੀਗੜ੍ਹ ਤੋਂ ਪਠਾਨਕੋਟ ਹੁੰਦੇ ਹੋਏ ਡਲਹੌਜ਼ੀ ਥਾਣੀ ਚੰਬੇ ਪਹੁੰਚਿਆ ਜਾ ਸਕਦਾ ਹੈ। ਚੰਬੇ ਤੋਂ ਸਵੇਰੇ 5 ਵਜੇ ਕਿਲਾਰ ਲਈ ਪਹਿਲੀ ਬੱਸ ਚੱਲਦੀ ਹੈ, ਜੋ ਕਿ 12-13 ਘੰਟਿਆਂ ’ਚ ਕਿਲਾਰ ਅੱਪੜਦੀ ਹੈ। ਜੇਕਰ ਕਿਲਾਰ ਆਪਣੀ ਗੱਡੀ ’ਚ ਜਾਣਾ ਹੈ, ਤਾਂ ਗੱਡੀ ਦੀ ਹਾਲਤ ਵਧੀਆ ਹੋਣੀ ਚਾਹੀਦੀ ਹੈ ਤੇ ਕਾਰ ਬਹੁਤ ਹੀ ਸਾਵਧਾਨੀ ਨਾਲ ਚਲਾਉਣ ਦੀ ਲੋੜ ਹੈ। ਇਸ ਤੋਂ ਇਲਾਵਾ ਗੱਡੀ ’ਚ ਪੈਟਰੋਲ ਤੇ ਡੀਜਲ ਵੀ ਪਹਿਲਾਂ ਹੀ ਫੁੱਲ ਕਰਵਾ ਲੈਣਾ ਚਾਹੀਦਾ ਹੈ ਤਾਂ ਕਿ ਰਸਤੇ ’ਚ ਕੋਈ ਦਿੱਕਤ ਨਾ ਆਵੇ। ਇਸ ਤੋਂ ਅੱਗੇ ਨਕਰੋਡ ਨਾਮਕ ਕਸਬਾ ਹੈ, ਜਿੱਥੇ ਛੋਟਾ ਜਿਹਾ ਬਾਜ਼ਾਰ ਹੈ। ਇੱਥੋਂ ਹੇਠਲੇ ਪਾਸੇ ਬੈਰਾ ਡੈਮ ਨੂੰ ਰਸਤਾ ਜਾਂਦਾ ਹੈ। ਚੰਬਾ ਤੋਂ 3.30 ਘੰਟੇ ਦੀ ਡਰਾਈਵ ਉਪਰੰਤ ਟੀਸਾ ਪਹੁੰਚੇ, ਇੱਥੋਂ ਸਾਚਪਾਸ 60 ਕਿਲੋਮੀਟਰ ਦੇ ਕਰੀਬ ਰਹਿ ਜਾਂਦਾ ਹੈ, ਜਦਕਿ ਕਿਲਾਰ 100, ਕੀਲੌਂਗ 140 ਤੇ ਲੇਹ 600 ਕਿਲੋਮੀਟਰ ਦੇ ਕਰੀਬ ਹੈ। ਸਾਰੇ ਰਸਤੇ ਬੱਦਲ ਤੇ ਧੁੰਦ ਛਾਏ ਰਹੇ। ਟੀਸਾ ਤੋਂ ਅੱਗੇ ਭੰਜਰਾਰੂ ਤੇ ਉਸ ਉਪਰੰਤ 11 ਕੁ ਵਜੇ ਅਸੀਂ ਬੈਰਾਗੜ੍ਹ ਪਹੁੰਚੇ, ਜਿੱਥੋਂ ਥੋੜ੍ਹਾ ਅੱਗੇ ਜਾ ਕੇ ਪੁਲਿਸ ਚੈਕਪੋਸਟ ਆਉਂਦੀ ਹੈ, ਜਿੱਥੇ ਸਾਰੇ ਯਾਤਰੀਆਂ ਜਾਂ ਮੁਸਾਫਰਾਂ ਦੀ ਡਿਟੇਲ ਚੈੱਕ ਕੀਤੀ ਜਾਂਦੀ ਹੈ। ਇਸ ਤੋਂ ਅੱਗੇ ਪੂਰਾ ਰਸਤਾ ਸੁੰਨਸਾਨ ਹੈ, ਬਸ ਇੱਕਾ-ਦੁੱਕਾ ਆਰਜ਼ੀ ਦੁਕਾਨਾਂ ਹਨ। ਪਾਣੀ ਦੇ ਝਰਨੇ ਵਗਦੇ ਦੁੱਧ ਦਾ ਭੁਲੇਖਾ ਪਾਉਂਦੇ ਹਨ। ਸਫਰ ਦੌਰਾਨ ਉੱਪਰ ਵੱਲ ਜਾਂਦੇ-ਜਾਂਦੇ ਠੰਢ ਵੀ ਵਧਦੀ ਗਈ। ਇਸ ਲਈ ਆਪਣੇ ਨਾਲ ਗਰਮ ਕੱਪੜੇ ਲਿਜਾਣਾ ਕਦੇ ਨਾ ਭੁੱਲੋ। ਦੁਪਹਿਰੇ 1 ਵਜੇ ਸਤਰੂੰਡੀ ਪਹੁੰਚ ਕੇ ਗੱਡੀ ਦੀਆਂ ਬਰੇਕਾਂ ਲਾਈਆਂ, ਜਿੱਥੇ ਇੱਕ ਛੋਟੇ ਜਿਹੇ ਢਾਬੇ ’ਤੇ ਬੈਠ ਕੇ ਰੋਟੀ ਖਾਧੀ।

ਰੋਟੀ ਖਾਣ ਉਪਰੰਤ ਅੱਗੇ ਚੱਲੇ, ਤਾਂ ਸੜਕ ਦੋਵੇਂ ਪਾਸਿਓਂ ਬਰਫ਼ ਨਾਲ ਭਰੀ ਪਈ ਸੀ। ਗਰਮੀਆਂ ਦੇ ਮੌਸਮ ਦੌਰਾਨ ਇਸ ਖੇਤਰ ’ਚ ਕਈ ਕੀਮਤੀ ਜੜੀ-ਬੂਟੀਆਂ ਵੀ ਮਿਲਦੀਆਂ ਹਨ। ਸਾਚਪਾਸ ਦੀ ਸਮੁੰਦਰੀ ਤਲ ਤੋਂ ਉਚਾਈ 4500 ਮੀਟਰ ਦੇ ਕਰੀਬ ਹੈ। 6-6.30 ਘੰਟੇ ਦੀ ਡਰਾਈਵ ਕਰਨ ਤੋਂ ਬਾਅਦ ਸਾਚਪਾਸ ਪਹੁੰਚੇ। ਇੱਥੇ ਆਕਸੀਜਨ ਦੀ ਬਹੁਤ ਘਾਟ ਹੋ ਜਾਂਦੀ ਹੈ ਤੇ ਲੋੜੀਂਦੀਆਂ ਦਵਾਈਆਂ ਵਗੈਰਾ ਕੋਲ ਹੋਣੀਆਂ ਜ਼ਰੂਰੀ ਹਨ, ਕਿਉਂਕਿ ਇੱਥੇ ਮੈਡੀਕਲ ਸੇਵਾਵਾਂ ਦੀ ਘਾਟ ਹੈ ਜਾਂ ਬਹੁਤ ਦੂਰ ਉਪਲੱਬਧ ਹਨ। ਕੁਝ ਅੱਗੇ ਜਾ ਕੇ ਸੜਕ ਦੇ ਖੱਬੇ ਅਤੇ ਹੇਠਲੇ ਪਾਸੇ ਬਰਫ ਨਾਲ ਜੰਮੀ ਹੋਈ ਝੀਲ ਆ ਜਾਂਦੀ ਹੈ, ਜੋ ਕਿ ਦੇਖਣ ਨੂੰ ਇੱਕ ਰੜਾ ਮੈਦਾਨ ਦਾ ਭੁਲੇਖਾ ਪਾਉਂਦੀ ਹੈ। ਰਸਤੇ ’ਚ ਬਹੁਤ ਸਾਰੀਆਂ ਜੰਗਲੀ ਬੱਕਰੀਆਂ ਅਤੇ ਭੇਡਾਂ ਦਾ ਝੁੰਡ ਦੇਖਣ ਨੂੰ ਮਿਲੇ, ਜਿਨ੍ਹਾਂ ਨੂੰ ਸਥਾਨਕ ਚਰਵਾਹੇ ਸੜਕ ’ਤੇ ਚਰਾ ਕੇ ਲੈ ਜਾ ਰਹੇ ਸਨ। ਦੁਪਹਿਰ 2.30 ਕੁ ਵਜੇ ਭਗੋਟੂ ਪਹੁੰਚੇ, ਜਿੱਥੇ ਕੁਝ ਸੈਲਾਨੀ ਨਜ਼ਰੀਂ ਪਏ। ਇੱਥੇ ਟੈਂਟ ਲੱਗੇ ਆਰਜ਼ੀ ਢਾਬੇ ’ਤੇ ਚਾਹ ਪੀਤੀ ਤੇ ਕੁਦਰਤ ਨਾਲ ਇੱਕ-ਮਿੱਕ ਹੋ ਕੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਿਆ। ਇਸ ਤੋਂ ਅਗਲਾ ਰਸਤਾ ਹੋਰ ਜ਼ਿਆਦਾ ਤੰਗ ਤੇ ਭੀੜਾ ਹੋ ਜਾਂਦਾ ਹੈ, ਜਿੱਥੇ ਸਕੂਨ ਦੇ ਨਾਲ-ਨਾਲ ਡਰ ਲੱਗਣਾ ਵੀ ਸੁਭਾਵਿਕ ਹੈ। ਭੋਰਾ ਕੁ ਲਾਪ੍ਰਵਾਹੀ ਵੀ ਜਾਨਲੇਵਾ ਸਾਬਤ ਹੋ ਸਕਦੀ ਹੈ, ਇਸ ਲਈ ਸਾਵਧਾਨੀ ਅਤਿ ਜ਼ਰੂਰੀ ਹੈ। ਇਸ ਰਸਤੇ ’ਚ ਪਹਾੜੀ ਉੱਪਰੋਂ ਇੱਕ ਝਰਨਾ ਵਹਿੰਦਾ ਹੈ, ਜਿਹੜਾ ਕਿ ਸੜਕ ਦੇ ਦੂਜੇ ਪਾਸੇ ਡਿੱਗਦਾ ਹੈ, ਉਸ ਵਿਚੋਂ ਪਾਰ ਲੰਘਣਾ ਵੀ ਬਹੁਤ ਔਖਾ ਤੇ ਰਿਸਕੀ ਸੀ। ਇਸ ਸੜਕ ਦੇ ਦੋਵੇਂ ਪਾਸੇ ਚੱਟਾਨਾਂ ਵਾਲੇ ਉੱਚੇ-ਉੱਚੇ ਪੱਕੇ ਪਹਾੜ ਸਨ, ਜਿੱਥੇ ਹਰਿਆਲੀ ਬਿਲਕੁਲ ਵੀ ਨਹੀਂ ਸੀ। ਚੰਬੇ ਤੋਂ ਸਾਚਪਾਸ ਤੱਕ 125 ਕਿਲੋਮੀਟਰ ਦੀ ਡਰਾਈਵ ਮੌਕੇ ਚੜ੍ਹਾਈ ਹੀ ਚੜ੍ਹਾਈ ਸੀ। ਸਾਚਪਾਸ ਲੰਘਣ ਉਪਰੰਤ 40 ਕਿਲੋਮੀਟਰ ਦੇ ਕਰੀਬ ਹੇਠਾਂ ਨੂੰ ਆਏ।

ਦੁਨੀਆਂ ਦੇ ਖਤਰਨਾਕ ਰਸਤਿਆਂ ’ਚੋਂ ਇੱਕ ਪਾਂਗੀ ਘਾਟੀ ਦੇ ਖੇਤਰ ’ਚ ਆਲੇ-ਦੁਆਲੇ ਨਾ ਕਿਤੇ ਹਰਿਆਲੀ ਤੇ ਨਾ ਹੀ ਕੋਈ ਪਿੰਡ ਦੇਖਣ ਨੂੰ ਮਿਲਿਆ। ਅੱਗੇ ਚੰਦਰਭਾਗਾ (ਚਿਨਾਗ) ਨਦੀ ਦਾ ਅਦਭੁੱਤ ਨਜ਼ਾਰਾ ਤੱਕਿਆ। ਇਸ ਨਦੀ ’ਤੇ ਬਣਿਆ ਹੋਇਆ ਇਕਹਿਰਾ ਜਿਹਾ ਪੁਰਾਣਾ, ਲਟਕਦਾ ਅਤੇ ਹਿੱਲਦਾ ਹੋਇਆ ਪੁਲ ਪਾਰ ਕਰਨਾ ਵੀ ਜਾਣ ਦਾ ਖੌਅ ਸੀ। ਇੱਥੋਂ ਚਿਨਾਬ ਨਦੀ ਦੇ ਨਾਲ-ਨਾਲ 12 ਕਿਲੋਮੀਟਰ ਤੱਕ ਫੇਰ ਲਗਾਤਾਰ ਚੜ੍ਹਾਈ ਹੈ। ਇੱਥੋਂ ਇੱਕ ਰਸਤਾ ਕਿਸ਼ਤਵਾਰ (113 ਕਿਲੋਮੀਟਰ), ਉਦੈਪੁਰ, ਕਿਲਾਂਗ ਤੇ ਮਨਾਲੀ ਵੱਲ ਨਿਕਲਦਾ ਹੈ। ਆਖਿਰਕਾਰ 12 ਘੰਟੇ ਦੀ ਪਹਾੜੀ ਡਰਾਈਵ ਉਪਰੰਤ ਪਾਂਗੀ ਘਾਟੀ ਦੇ ਕਿਲਾਰ ਪਿੰਡ ਪਹੁੰਚ ਹੀ ਗਏ। ਕਿਲਾਰ ਪਹੁੰਚ ਕੇ ਦੇਖਿਆ ਕਿਵੇਂ ਕੁਦਰਤ ਨੇ ਇਥੇ ਆਪਣਾ ਸੁਹੱਪਣ ਅਰਪਿੱਤ ਕੀਤਾ ਹੋਇਐ। ਇਹ ਬਹੁਤ ਹੀ ਵਧੀਆ ਤਰੀਕੇ ਨਾਲ ਵੱਸਿਆ ਹੋਇਆ ਪਿੰਡ ਹੈ, ਜਿੱਥੇ ਹਰੇਕ ਬਜਟ ਦੇ ਹੋਟਲ ਤੇ ਪੀਜੀ ਉਪਲੱਬਧ ਹਨ। ਟਰੈਕਿੰਗ ਪਸੰਦ ਲੋਕਾਂ ਲਈ ਇਹ ਥਾਂ ਖਾਸ ਹੋ ਨਿਬੜਦੀ ਹੈ। ਕਿਸੇ ਨੂੰ ਕਿਤੇ ਪਹੁੰਚਣ ਦੀ ਕੋਈ ਕਾਹਲ ਨਹੀਂ। ਕੱਚਿਆਂ ਢਾਬਿਆਂ ’ਤੇ ਬੈਠੇ ਸੱਚੇ ਲੋਕਾਂ ਨੂੰ ਮਿਲ ਕੇ ਰੂਹ ਖੁਸ਼ ਹੋ ਗਈ। ਕਿਲਾਰ ਦੇ ਕੁਦਰਤੀ ਨਜਾਰੇ ਮਾਣਦਿਆਂ ਸਫ਼ਰ ਦੀ ਥਕਾਵਟ ਕਿਧਰੇ ਦੂਰ ਦੌੜ ਗਈ। ਇੱਥੇ ਖਾਣ-ਪੀਣ ਦੀ ਹਰੇਕ ਚੀਜ਼ ਉਪਲੱਬਧ ਹੈ। ਆਪਣੀਆਂ ਪਹਾੜੀ ਯਾਤਰਾਵਾਂ ਦੇ ਤਜ਼ਰਬੇ ਅਨੁਸਾਰ ਆਮ ਤੌਰ ’ਤੇ ਵਾਪਸੀ ਸਮੇਂ ਪਹਾੜੀ ਰਸਤੇ ਬੜੇ ਅਕਾਊ ਕੇ ਬੋਝਲ ਜਿਹੇ ਲੱਗਦੇ ਹਨ। ਇਸ ਲਈ ਇਥੇ ਉੱਚ-ਉੱਚੇ ਪਹਾੜਾਂ, ਨਦੀਆਂ-ਨਾਲਿਆਂ, ਝਰਨਿਆਂ ਤੇ ਡੂੰਘੀਆਂ ਖਾਈਆਂ ਦੇ ਦੀਦਾਰ ਕਰਦਿਆਂ ਹੋਟਲ ’ਚ ਰਾਤ ਕੱਟ ਅਗਲੀ ਸਵੇਰ ਕਿਲਾਂਗ ਦੇ ਰਸਤੇ ਮਨਾਲੀ ਦੀਆਂ ਵਾਦੀਆਂ ਦਾ ਵੀ ਚੌਥੀ ਵਾਰ ਅਨੰਦ ਮਾਣਿਆ। ਉਥੇ ਇੱਕ ਰਾਤ ਕੱਟ ਅਗਲੇ ਦਿਨ ਵਾਪਸ ਪੰਜਾਬ ਨੂੰ ਚਾਲੇ ਪਾ ਦਿੱਤੇ। ਕੁੱਲ ਮਿਲਾ ਕੇ ਇਹ ਰਸਤਾ ਬਹੁਤ ਔਖਾ ਹੈ। ਇਨ੍ਹਾਂ ਰਸਤਿਆਂ ਸਾਹਮਣੇ ਸ਼ਿਮਲਾ, ਕਸੌਲੀ, ਮੰਸੂਰੀ, ਪਾਲਮਪੁਰ ਆਦਿ ਰਸਤਿਆਂ ਵਾਲੇ ਪਹਾੜ ਜਿਵੇਂ ਬੌਣੇ ਜਿਹੇ ਲੱਗਦੇ ਹਨ। ਇਸ ਲਈ ਪਹਿਲੀ ਵਾਰ ਜਾ ਰਹੇ ਜਾਂ ਪਹਾੜੀ ਰਸਤਿਆਂ ਤੋਂ ਅਣਜਾਨ ਸੈਲਾਨੀਆਂ ਲਈ ਇਧਰ ਆਉਣਾ ਸਿਆਣਪ ਨਹੀਂ ਹੈ।

# ਨਾਕਸ ਸਿੱਖਿਆ ਨੀਤੀ ਵਿਦਿਆਰਥੀਆਂ ਦੀਆਂ ਖ਼ੁਦਕਸ਼ੀਆਂ ਲਈ ਜ਼ਿੰਮੇਵਾਰ?



-ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-9217997445
001-403-285-4208
Email-jagdishchohka@gmail.com
(Punjab Mail USA)



ਨਵਉਦਾਰਵਾਦੀ ਆਰਥਿਕ ਨੀਤੀਆਂ ਨੇ ਸਮਾਜ ਦੇ ਹਰ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਨੀਤੀਆਂ ਦੇ ਸਿੱਟੇ ਵਜੋਂ ਅੱਜ ਦੇਸ਼ ਅੰਦਰ ਬੇਰੁਜ਼ਗਾਰੀ, ਮਹਿੰਗਾਈ ਅਤੇ ਆਰਥਿਕ ਅਸਮਾਨਤਾ ਦਾ ਹਰ ਪਾਸੇ ਬੋਲਬਾਲਾ ਹੈ। ਵਿਕਾਸ ਦੀ ਮੰਦੀ ਪ੍ਰਤੀਕਿਰਿਆ ਨੇ ਆਮਦਨ ਅਤੇ ਦੌਲਤ ਵਿਚਕਾਰ ਪੈਦਾ ਹੋਈਆਂ ਅਸਮਾਨਤਾਵਾਂ ਨੇ ਸਾਰੇ ਢਾਂਚੇ ਨੂੰ ਹੀ ਹਿਲਾਅ ਕੇ ਰੱਖ ਦਿਤਾ ਹੋਇਆ ਹੈ। ਸਮਾਜ ਅੰਦਰ ਹੋਰ ਆਰਥਿਕ ਪਾੜੇ ਵੱਧਣਗੇ। ਅਜਿਹੇ ਆਰਥਿਕ ਹਲਾਤਾਂ ਅੰਦਰ ਜਨ-ਸਾਧਾਰਨ ਪਰਿਵਾਰ ਵਿਚੋਂ ਉਠਕੇ ਪਹਿਲਾਂ ਤਾਂ ਮੁਕਾਬਲੇ ਵਾਲੀ ਸਿੱਖਿਆ ਅਤੇ ਕੋਰਸਾਂ ਤੱਕ ਬੱਚੇ ਦਾ ਉਪਰ ਆਉਣਾ ਹੀ ਬਹੁਤ ਮੁਸ਼ਕਲ ਹੈ। ਪਰ ਇਕ ਅੱਧ-ਕਰੋੜ ਵਿਚੋਂ ਕੋਈ ਕੇਸ ਤਾਂ ਮਿਲ ਜਾਵੇਗਾ, ਪਰ ਸਭ ਲਈ ਸਿੱਖਿਆ ਸਭ ਲਈ ਰੁਜ਼ਗਾਰ ਇਸ ਪੂੰਜੀਵਾਦੀ ਸਿਸਟਮ ਅੰਦਰ ਨਾ-ਮੁਮਕਿਨ ਹੈ ਤੇ ਨਾ ਹੀ ਮਿਲ ਸਕੇਗਾ? ਮੁਕਾਬਲੇ, ਕਿੱਤਾ ਅਤੇ ਸਿਵਲ ਸੇਵਾਵਾਂ ਵਾਲੇ ਅਦਾਰਿਆਂ ਅਤੇ ਆਸਾਮੀਆਂ ਲਈ ਹੁੰਦੇ ਕੰਪੀਟੇਸ਼ਨਾਂ ਅੰਦਰ ਜਿਥੇ ਇਕ ਵਿਸ਼ੇਸ਼ ਵਰਗ ਦੇ ਬੱਚੇ ਪਹਿਲਾਂ ਹੀ ਖਾਸ ਕਿਸਮ ਦੇ ਸਕੂਲਾਂ 'ਚ ਪੜ੍ਹਦੇ ਹਨ ਤੇ ਅੱਗੋਂ ਮੁਕਾਬਲੇ ਲਈ ਲੱਖਾਂ ਰੁਪਏ ਖਰਚ ਕੇ ਕੋਚਿੰਗ ਪ੍ਰਾਪਤ ਕਰਦੇ ਹਨ। ਅਜਿਹੇ ਬੱਚਿਆਂ ਦਾ ਮੁਕਾਬਲਾ ਜਨ-ਸਾਧਾਰਨ 'ਚ ਆਇਆ ਬੱਚਾ ਕਿਵੇਂ ਮੁਕਾਬਲੇ ਵਾਲੇ ਇਮਤਿਹਾਨਾਂ 'ਚ ਚੁਣਿਆ ਜਾਵੇਗਾ?

ਦੇਸ਼ ਦਾ ਵਿਤਕਰੇ ਭਰਪੂਰ ਸਿੱਖਿਆ ਢਾਂਚਾ, ਨੁਕਸਾਦਾਰ ਚੋਣ ਢੰਗ ਹਨ। ਫਿਰ ਚੁਣਿਆਂ ਜਾਣਾ ਵੀ ਸਭ ਇਕ ਖਾਸ ਜਮਾਤ ਦੀ ਸੇਵਾ ਵਿਚ ਹੀ ਬਣਾਏ ਸਿਸਟਮ ਲਈ ਉਹ ਇਕ ਹਿੱਸਾ ਹੋਵੇਗਾ। ਪਰ ਰਾਜਸੱਤਾ 'ਤੇ ਕਾਬਜ਼ ਜਮਾਤ ਨੇ ਆਪਣੀ ਲੰਬੀ ਉਮਰ ਲਈ ਅਜਿਹੇ ਢੰਗ ਤਰੀਕੇ ਆਜ਼ਾਦ ਕੀਤੇ ਹਨ, ਜੋ ਉਨ੍ਹਾਂ ਦੇ ਸੇਵਾਦਾਰ ਬਣ ਕੇ ਸੇਵਾ ਕਰਦੇ ਰਹਿਣ। ਕਾਬਜ਼ ਜਮਾਤ ਨੇ ਕਈ ਢੰਗ-ਤਰੀਕਿਆਂ ਨਾਲ ਮੌਜੂਦਾ ਸਿਸਟਮ ਨੂੰ ਇਸ ਤਰ੍ਹਾਂ ਕਾਇਮ ਕਰਕੇ ਇਹ ਦੱਸਣ ਲਈ ਕੋਸ਼ਿਸ਼ ਤੇ ਦਿਖਾਵਾ ਵੀ ਕੀਤਾ ਹੋਇਆ ਹੈ ਕਿ ਅਸੀਂ ਅੱਗੇ ਵੱਧਣ ਲਈ ਹਰ ਇਕ ਨੂੰ ਮੌਕਾ ਦੇ ਰਹੇ ਹਨ। ਬੇਰੁਜ਼ਗਾਰੀ ਅਤੇ ਆਰਥਿਕ ਅਸਮਾਨਤਾ ਵਾਲੇ ਸਿਸਟਮ ਅੰਦਰ ਹਰ ਇਕ ਇਸ ਮੌਕੇ ਦੀ ਦੌੜ ਵਿਚ ਖੜ੍ਹਾ ਤਾਂ ਹੋ ਜਾਂਦਾ ਹੈ। ਸਿਵਲ ਸੇਵਵਾਂ ਦੀ ਦੌੜ 'ਚ ਹਰ ਸਾਲ 20 ਤੋਂ 30 ਲੱਖ ਵਿਦਿਆਰਥੀ ਦੌੜ 'ਚ ਲੱਗ ਜਾਂਦੇ ਹਨ, ਜਦਕਿ ਚੋਣ ਕੇਵਲ 700-800 ਦੀ ਹੀ ਹੁੰਦੀ ਹੈ। ਪਰ ਤਾਂਘ ਅਤੇ ਲਾਲਸਾ ਆਪਣੇ ਉਜਲ ਭਵਿੱਖ ਲਈ ਸਾਰੇ ਬੱਚਿਆਂ ਤੇ ਮਾਪਿਆਂ ਨੂੰ ਹਜ਼ਾਰਾਂ ਨਹੀਂ, ਲੱਖਾਂ ਨੂੰ ਮਾਨਸਿਕ ਤੌਰ 'ਤੇ ਮੂਰਖ ਬਣਾ ਕੇ ਜਨ-ਸਮੂਹ ਨੂੰ ਸਭ ਲਈ ਸਿੱਖਿਆ, ਸਭ ਲਈ ਰੁਜ਼ਗਾਰ ਤੋਂ ਦੂਰ ਰੱਖਦੀ ਹੈ। ਇਹ ਹੈ ਸਾਰੇ ਬੱਚਿਆਂ ਦੇ ਉਜੱਲ-ਭਵਿੱਖ ਲਈ ਪੂੰਜੀਵਾਦੀ ਮ੍ਰਿਗ-ਤ੍ਰਿਸ਼ਨਾ ਦਾ ਭਰਮ ਜਾਲ ਹੈ ਕਿ ਰੁਜ਼ਗਾਰ ਨਹੀਂ ਮਿਲੇਗਾ, ਪਰ ਦੌੜੋ?

ਭਾਰਤੀ ਗਣਰਾਜ ਦੇ ਸੰਵਿਧਾਨ ਦੇ ਨਿਸ਼ਚਿਤ ਨਿਰਦੇਸ਼ਕ ਸਿਧਾਂਤਾਂ ਅੰਦਰ ਦਿੱਤੇ ਹੱਕਾਂ ਨੂੰ ਹਰ ਨਾਗਰਿਕ ਲਈ ਅਮਲ ਵਿਚ ਰਾਜ ਨੇ ਲਾਗੂ ਕਰਾਉਣਾ ਹੁੰਦਾ ਹੈ। ਵਿਦਿਆ ਦਾ ਹੱਕ ਅਤੇ ਬੱਚਿਆਂ ਲਈ ਲਾਜ਼ਮੀ ਅਤੇ ਵਿਦਿਆ ਦੀ ਵਿਵਸਥਾ ਤੇ ਜੀਵਨ ਦੀ ਲੋੜ ਮੁਤਾਬਕ ਉਜ਼ਰਤ ਦਾ ਪ੍ਰਬੰਧ ਕਰਨਾ ਹੁੰਦਾ ਹੈ। ਪਰ ਅਮਲ ਵਿਚ ਇਨ੍ਹਾਂ ਨਿਰਦੇਸ਼ਕ ਸਿਧਾਂਤਾਂ ਨੂੰ ਕਦੀ ਵੀ ਵਰਤੋਂ ਵਿਚ ਨਹੀਂ ਲਿਆਂਦਾ ਗਿਆ। ਸਗੋਂ ਸੰਵਿਧਾਨਕ ਵਿਵਸਥਾਵਾਂ ਅਤੇ ਸਰਮਾਏਦਾਰੀ ਪੂੰਜੀਵਾਦੀ ਹਾਕਮ ਜਮਾਤਾਂ ਦੇ ਅਮਲ ਵਿਚ ਇਹ ਪ੍ਰਤੱਖ ਖੱਪਾ ਆਜ਼ਾਦੀ ਤੋਂ ਬਾਅਦ ਸਰਮਾਏਦਾਰੀ-ਸਾਮੰਤਵਾਦੀ ਤੇ ਹੁਣ ਕਾਰਪੋਰੇਟੀ-ਫਿਰਕੂ ਪ੍ਰਬੰਧ ਨੂੰ ਖਤਮ ਕਰਨ ਦੀ ਥਾਂ ਇਸ ਨੇ ਹੋਰ ਵਧਾਇਆ ਹੈ। ਮੂਲਭੂਤ ਵਿਦਿਆ ਦੀ ਵਿਵਸਥਾ ਅਤੇ ਰੁਜ਼ਗਾਰ ਜਿਹੀ ਮੌਲਿਕ ਸਹੂਲਤ ਤੋਂ ਅੱਜ ਵੀ ਆਮ ਜਨਤਾ ਸੱਖਣੀ ਹੈ। ਬੀਤੇ ਸਾਲਾਂ 2000 ਤੋਂ ਕੇਂਦਰੀ ਸਾਬਕਾ ਮੰਤਰੀ ਅਰਜਨ ਸਿੰਘ ਮਨੁੱਖੀ ਸੋਮਿਆਂ ਦੇ ਸਿੱਖਿਆ ਮੰਤਰੀ ਤੋਂ ਲੈ ਕੇ ਅੱਜ ਤੱਕ ਹੁਣ ਮੋਦੀ ਸਰਕਾਰ ਦੀ ਕੌਮੀ ਸਿੱਖਿਆ ਨੀਤੀ-2020 ਵੱਲੋਂ ਵੀ ਸਿੱਖਿਆ ਨੂੰ ਵਪਾਰੀਕਰਨ, ਕੇਂਦਰੀਕਰਨ ਅਤੇ ਫਿਰਕੂਕਰਨ ਦੀ ਪੁੱਠ ਹੀ ਚਾੜ੍ਹੀ ਗਈ ਹੈ।

ਮੌਜੂਦਾ ਸਿੱਖਿਆ ਨੀਤੀ ਨੇ ਯੂਨੀਵਰਸਿਟੀਆਂ, ਸੂਬਾ ਸਰਕਾਰਾਂ ਅਤੇ ਖੁਦਮੁਖਤਿਆਰ ਸੰਸਥਾਵਾਂ ਦੀ ਭੂਮਿਕਾ ਨੂੰ ਕਮਜ਼ੋਰ ਕਰਦੇ ਹੋਏ ਕੇਂਦਰ ਸਰਕਾਰ ਸਿੱਧੇ ਤੌਰ 'ਤੇ ਸੰਸਥਾਵਾਂ ਨੂੰ ਆਪਣੇ ਕਬਜ਼ਿਆਂ ਹੇਠ ਲਿਆ ਰਹੀ ਹੈ। ਇਸ ਨੀਤੀ ਅਧੀਨ ਤਰਕਸ਼ੀਲਤਾ ਅਤੇ ਤਰਕ 'ਤੇ ਆਧਾਰਿਤ ਗਿਆਨ ਦੀ ਇੱਛਾ ਨੂੰ ਜਾਣਬੁੱਝ ਕੇ ਘਟਾਇਆ ਜਾ ਰਿਹਾ ਹੈ। ਤਰਕ ਤੇ ਵਿਗਿਆਨਕ ਗਿਆਨ ਨੂੰ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ। ਸਿੱਟੇ ਵਜੋਂ ਦੇਸ਼ ਦੀ ਸਿੱਖਿਆ ਵਿਚ ਮਾਤਰਾ, ਗੁਣਵੰਤਾ ਅਤੇ ਬਰਾਬਰੀ ਦਾ ਸੰਤੁਲਨ ਜੋ ਕਿ ਸਦਾ ਨਾਜ਼ੁਕ ਸੀ, ਹੁਣ ਅਮਲ 'ਚ ਤਬਾਹ ਹੋ ਗਿਆ ਹੈ। ਪਰ ਹਾਕਮ ਦੇਸ਼ ਅੰਦਰ ਇਕ ਅਜਿਹੀ ਬੌਧਿਕ ਮਾਨਸਿਕਤਾ ਵਾਲੀ ਵਿਦਿਆਰਥੀਆਂ ਦੀ ਇਕ ਜਮਾਤ ਪੈਦਾ ਕਰਨਾ ਚਾਹੁੰਦੇ ਹਨ, ਜਿਹੜੀ ਪੂੰਜੀਪਤੀ ਜਮਾਤ ਦੇ ਰਾਜਤੰਤਰ ਨੂੰ ਚਲਾਉਣ ਦੇ ਯੋਗ ਹੋਵੇ! ਅਜਿਹੇ ਚੋਣਵੇਂ ਵਿਸ਼ੇਸ਼ ਵਰਗ ਦੀ ਚੋਣ ਕਰਨੀ ਆਸਾਨ ਹੁੰਦੀ ਹੈ, ਨਾ ਕਿ ਸਾਰਵਜਨਿਕ ਸਮੂਹ ਨੂੰ ਸਿੱਖਿਅਤ ਕਰਕੇ ਸਮੁੱਚੇ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ। ਸਮੁੱਚੇ ਦੇਸ਼ ਦੀ ਥਾਂ ਇਕ ਛੋਟੇ ਜਿਹੇ ਵਰਗ ਨੂੰ ਉੱਪਰ ਲਿਆਉਣਾ ਆਸਾਨ ਵੀ ਹੁੰਦਾ ਹੈ ਅਤੇ ਉਨ੍ਹਾਂ ਦੀ ਚੋਣ ਲਈ ਵੀ ਉਨ੍ਹਾਂ ਨੂੰ ਮੁਕਾਬਲੇ ਵਿਚ ਪਾ ਕੇ ਨਤੀਜਾ ਵਧੀਆ ਕੱਢਿਆ ਜਾ ਸਕਦਾ ਹੈ।

ਭਾਰਤ ਅੰਦਰ ਉੱਚ ਪ੍ਰਸ਼ਾਸਨਿਕ ਸਿਵਲ ਸੇਵਾਵਾਂ, ਉੱਚ ਆਸਾਮੀਆਂ ਅਤੇ ਅਰਾਮਦਾਇਕ ਪਦਵੀਆਂ ਲਈ ਚੋਣ ਤੇ ਸਲੈਕਸ਼ਨ ਅੰਦਰ ਦਰਵਾਜ਼ਾ ਕੇਵਲ ਸਮਾਜ ਦੇ ਇਕ ਖਾਸ ਉੱਚ ਕਲੀਨ ਵਰਗ ਦੇ ਬੱਚਿਆਂ ਲਈ ਹੀ ਖੁੱਲ੍ਹਿਆ ਹੋਇਆ ਹੈ! ਕਿਉਂਕਿ ਹੇਠੋਂ ਤੋਂ ਲੈ ਕੇ ਮੁਕਾਬਲੇ ਵਾਲੀਆਂ ਕੋਚਿੰਗ ਸੰਸਥਾਵਾਂ ਤੋਂ ਮਹਿੰਗੇ ਭਾਅ ਟ੍ਰੇਨਿੰਗ ਲੈ ਕੇ ਉਹ ਉਪਰੋਕਤ ਮੁਕਾਬਲੇ ਵਾਲੇ ਇਮਤਿਹਾਨਾਂ 'ਚ ਪਾਸ ਹੋ ਜਾਂਦੇ ਹਨ। ਮੌਜੂਦਾ ਸਿੱਖਿਆ ਨਾਂ ਵਾਲੀ ਪੂੰਜੀ ਨੇ ਕੇਵਲ ਜਨ-ਸਾਧਾਰਨ ਲੋਕਾਂ ਦੇ ਬੱਚਿਆਂ ਨੂੰ ਉਚ-ਆਸਾਮੀਆਂ ਵਾਲੀਆਂ ਪੋਸਟਾਂ ਤੋਂ ਵੰਚਿਤ ਹੀ ਨਹੀਂ ਰੱਖਿਆ ਹੋਇਆ, ਸਗੋਂ ਮਾਨਸਿਕ ਤੌਰ 'ਤੇ ਹੱਕ ਲਈ ਲੜਨ ਤੋਂ ਵੀ ਪਹਿਲਾ ਹੀ ਹਾਰ ਮੰਨਣ ਲਈ ਕਿਸਮਤ ਦੇ ਰਾਹ ਪਾ ਕੇ ਨਿਰਾਸ਼ ਕਰ ਦਿੱਤਾ ਹੋਇਆ ਹੈ। ਪੂੰਜੀਵਾਦੀ ਸਿਸਟਮ ਅੰਦਰ ਮੌਜੂਦਾ ਸਿੱਖਿਆ ਆਮ ਵਰਗ ਲਈ ਇਕ ਭਰਮ, ਵਿਰੋਧਭਾਸ ਅਤੇ ਸਗੋਂ ਦੁਵਿਧਾ ਪੈਦਾ ਕਰਨ ਵਾਲੀ ਬਣ ਗਈ ਹੈ। ਸਮਾਜਿਕ ਪ੍ਰੀਵਰਤਨ ਤੋਂ ਬਿਨਾਂ ਆਮ ਵਰਗ ਦਾ ਵਿਦਿਆਰਥੀ ਇਸ ਵਿੱਦਿਆ ਅੰਦਰ ਨਹੀਂ ਉਭਰ ਸਕਦਾ ਹੈ। ਸਗੋਂ ਨਵੀਂ ਸਿੱਖਿਆ ਨੀਤੀ 2020 ਰਾਹੀ ਸੁਧਾਰ ਦੀਆਂ ਗਲਾਂ ਤਾਂ ਕੀਤੀਆਂ ਹਨ ਪਰ ਅਮਲ ਵਿਚ ਪ੍ਰਨਾਲਾ ਉੱਥੇ ਦਾ ਉੱਥੇ ਹੀ ਹੈ।

ਵਿਡੰਬਨਾ ਇਹ ਹੈ ਕਿ ਇਸ ਪੂੰਜੀਵਾਦੀ ਸਿਸਟਮ ਅਤੇ ਸਿੱਖਿਆ ਨੀਤੀ ਕਰਕੇ ਵਿਦਿਆਰਥੀ ਪੜ੍ਹਾਈ ਦੌਰਾਨ ਹੀ ਖੁਦਕਸ਼ੀਆ ਕਰ ਰਹੇ ਹਨ। ਰਾਜ ਸਭਾ ਅੰਦਰ ਇਕ ਸਵਾਲ ਦੇ ਦੌਰਾਨ ਜਵਾਬ 'ਚ ਦੱਸਿਆ ਗਿਆ ਕਿ 2019 ਤੋਂ ਅੱਜ ਤਕ 32-ਹਜ਼ਾਰ ਵਿਦਿਆਰਥੀ ਉਚ ਸਿਖਿਆ-ਸੰਸਥਾਨਾਂ 'ਚ ਵਿਦਿਆਰਥੀ ਪੜ੍ਹਾਈ ਵਿਚੋਂ ਹੀ ਛੱਡ ਕੇ ਚਲੇ ਗਏ। ਪਿਛਲੇ 5 ਸਾਲਾਂ 'ਚ 98 ਵਿਦਿਆਰਥੀਆਂ ਨੇ ਖੁਦਕਸ਼ੀਆਂ ਕੀਤੀਆਂ। ਇਸੇ ਤਰ੍ਹਾਂ 2023 ਦੌਰਾਨ 20 ਘਟਨਾਵਾਂ ਹੋਰ ਖੁਦਕਸ਼ੀਆਂ ਕਰਨ ਦੀਆਂ ਸਾਹਮਣੇ ਆਈਆਂ। 'ਕੋਟਾ' ਵਿਖੇ ਕੋਚਿੰਗ ਦੇ ਰਹੀਆਂ ਸੈਂਕੜੇ ਨਿੱਜੀ ਸੰਸਥਾਵਾਂ ਅੰਦਰ ਨਿਰੰਤਰ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਵਿਦਿਆਰਥੀਆਂ ਵਲੋਂ ਭਾਵਾਤਮਕ ਆਪਣੀ ਇੱਛਾ ਦੇ ਅਨੁਕੂਲ ਵੱਡੇ ਬਣਨ ਦੀ ਮ੍ਰਿਗ-ਤ੍ਰਿਸ਼ਨਾਂ ਲਈ ਦੌੜ ਲਾਈ। ਜਿਵੇਂ ਹੁੰਦਾ ਹੈ ਕਿ ਇਸ ਦੌੜ ਅੰਦਰ ਸਾਰਿਆਂ ਨੇ ਪਹਿਲੀ ਲਾਈਨ 'ਚ ਨਹੀਂ ਆਉਣਾ ਹੁੰਦਾ ਹੈ, ਜਿਹੜੇ ਰਹਿ ਗਏ ਨਿਰਾਸ਼ਾ ਦੇ ਆਲਮ 'ਚ ਜਾ ਕੇ ਖੁਦਕਸ਼ੀਆਂ ਕਰ ਲੈਂਦੇ ਹਨ। ਮ੍ਰਿਗ-ਤ੍ਰਿਸ਼ਨਾਂ ਵਾਲਾ ਸੁਪਨਾ ਨੌਜਵਾਨਾਂ ਨੂੰ ਮਹਾਨ ਅਤੇ ਵੱਡਾ ਬਣਨ ਦਾ ਦਿਖਾ ਦਿਉ, ਰਾਜਸੱਤਾ 'ਤੇ ਕਾਬਜ਼ ਸ਼ਕਤੀਆਂ ਦੀ ਹੀ ਦੇਣ ਹੈ, ਜੋ ਕਦੀ ਪੂਰਾ ਨਹੀਂ ਹੁੰਦਾ।

ਸਿੱਖਿਆ ਦਾ ਨਿੱਜੀਕਰਨ ਅਤੇ ਕੋਚਿੰਗ ਸੈਂਟਰਾਂ ਦੇ ਖੋਲ੍ਹੇ ਹੱਬਾਂ ਦਾ ਜਾਲ ਸਭ ਹਾਕਮਾਂ ਦੀ ਖੇਡ ਹੈ। ਵਿਦਿਆਰਥੀਆਂ ਨੂੰ ਦੌੜ 'ਚ ਪਾ ਦਿਉ, ਨੌਕਰੀਆਂ ਅਤੇ ਆਸਾਮੀਆਂ ਤਾਂ ਨਾ-ਮਾਤਰ ਹੀ ਹਨ। ਪਰ ਇਨ੍ਹਾਂ ਦੀ ਪ੍ਰਾਪਤੀ ਲਈ ਸਭ ਨੂੰ ਵੱਖ-ਵੱਖ ਰਾਹ ਦਿਖਾ ਕੇ ਦੁੜਕੀ ਪਾਈ ਜਾਵੇ? ਪਹਿਲਾਂ ਵਿਦਿਆਰਥੀਆਂ ਦੀ ਸਿੱਖਿਆ ਸੰਸਥਾਵਾਂ ਰਾਹੀਂ ਲੁੱਟ ਕਰੋ, ਫਿਰ ਕੋਚਿਗ ਸੈਂਟਰਾਂ ਰਾਹੀਂ। ਇਹ ਪੈਦਾ ਕੀਤੀਆਂ ਨਿੱਜੀ ਹੱਬਾ ਹਾਕਮਾਂ ਨੇ ਆਪਣੇ ਭਾਈਵਾਲਾਂ ਨੂੰ ਲੁੱਟਣ ਲਈ ਖੋਲ੍ਹ ਕੇ ਦਿੱਤੀਆਂ ਹਨ। ਸਭ ਲਈ ਸਿੱਖਿਆ, ਸਭ ਲਈ ਰੁਜ਼ਗਾਰ ਦੀ ਮੰਗ ਨੂੰ ਬੁਨਿਆਦੀ ਤੌਰ 'ਤੇ ਖਤਮ ਕਰਨ ਲਈ ਇਹ ਨਿੱਜੀਕਰਨ ਦਾ ਇਕ ਅਹਿਮ ਹਥਿਆਰ ਹੈ। ਇਸ ਦੇ ਨਾਲ ਹੀ ਲੁੱਟਣ ਦਾ ਇਕ ਨਵਾਂ ਰਾਹ ਪੈਦਾ ਕਰ ਦਿੱਤਾ ਹੈ। ਵਿਦਿਆਰਥੀ ਆਪਣੇ ਸਥਾਨਕ ਸ਼ਹਿਰਾਂ ਦੇ ਸਕੂਲਾਂ ਅਤੇ ਕਾਲਜਾਂ 'ਚ ਦਾਖਲ ਹਨ। ਪਰ ਉਹ ਕੋਚਿੰਗ ਸਾਰਾ ਸਾਲ ਉਨ੍ਹਾਂ ਸ਼ਹਿਰਾਂ 'ਚ ਖੁੱਲ੍ਹੇ ਇਨ੍ਹਾਂ ਕੋਚਿੰਗ ਸੈਂਟਰਾਂ ਤੋਂ ਲੈ ਰਹੇ ਹਨ। ਸਿੱਖਿਆ ਮਹਿਕਮੇ, ਸਰਕਾਰਾਂ ਅਤੇ ਨਿੱਜੀ ਕੋਚਿੰਗ ਸੈਂਟਰਾਂ ਦੀ ਆਪਸੀ ਮਿਲੀ-ਭਗਤ ਦੀ ਲੁੱਟਣ ਲਈ ਇਕ ਵਚਿੱਤਰ ਲੀਲਾ ਹੈ। ਕੋਈ ਨਹੀਂ ਪੁੱਛਦਾ! ਪਰ ਸ਼ੋਸ਼ਣ ਵਿਦਿਆਰਥੀਆਂ ਦਾ ਹੀ ਹੋ ਰਿਹਾ ਹੈ। ਨਿੱਜੀਕਰਨ ਹੋਣ ਕਾਰਨ ਇਹ ਕਿਸੇ ਨੂੰ ਕੋਈ ਪਤਾ ਨਹੀਂ ਕਿ ਕਿਹੜਾ ਵਿਦਿਆਰਥੀ ਕਿਹੜੇ ਕਾਲਜ ਵਿਚ ਪੜ੍ਹਦਾ ਹੈ ਤੇ ਕਿਥੋਂ ਕੋਚਿੰਗ ਲੈ ਰਿਹਾ ਹੈ? ਕੌਣ ਪੜ੍ਹਾ ਰਿਹਾ ਹੈ, ਕੀ ਪੜ੍ਹਾਇਆ ਜਾ ਰਿਹਾ ਹੈ? ਇਸ ਕਾਰਨ ਹੀ ਅਧਿਆਪਕ ਆਪਣੇ ਵਿਦਿਆਰਥੀ ਨੂੰ ਪਾਰਦਰਸ਼ੀ ਸਿੱਖਿਆ ਦੇਣ ਤੋਂ ਅਸਮਰਥ ਹੈ। ਨਿਸ਼ਾਨਾਂ ਇਕ ਹੀ ਕਿ ਕਿਵੇਂ ਮੁਕਾਬਲਾ ਜਿੱਤਿਆ ਜਾਵੇ, ਸੀਟ ਮਿਲ ਜਾਵੇ? ਸਿੱਖਿਆ ਦਾ ਮਿਆਰ ਡਿੱਗੀ ਜਾਂਦਾ ਹੈ।

ਭਾਰਤ ਅੰਦਰ ਜਿਥੇ ਹਾਕਮਾਂ ਨੇ ਖੁਦ ਬੇਰੁਜ਼ਗਾਰੀ ਦੇ ਅੰਬਾਰ ਲਾ ਦਿੱਤੇ ਹਨ, ਇਸ ਕਰਕੇ 21ਵੀਂ ਸਦੀ ਦੇ ਵਿਦਿਆਰਥੀਆਂ ਲਈ ਸਿੱਖਿਆ ਦੀ ਪ੍ਰਾਪਤੀ ਹੁਣ ਉਸਾਰੂ, ਪਾਰਦਰਸ਼ੀ ਅਤੇ ਤੰਦਰੁਸਤ ਵਿਚਾਰਾਂ ਵਾਲੀ ਨਹੀਂ ਹੈ। ਉਦਾਰੀਵਾਦੀ ਨੀਤੀਆ ਦੇ ਪ੍ਰਭਾਵ ਅਧੀਨ ਵਿਦਿਆਰਥੀ ਅਤੇ ਮਾਪਿਆਂ ਦੀ ਮਾਨਸਿਕਤਾ ਇਸ ਗੱਲ 'ਤੇ ਖੜ੍ਹ ਗਈ ਹੈ ਕਿ ਕਿਵੇਂ ਨਾ ਕਿਵੇਂ ਸਾਹਮਣੇ ਖੜ੍ਹੇ ਕੰਪੀਟੀਸ਼ਨ 'ਚ ਚੰਗੇ ਨੰਬਰ ਲੈ ਕੇ ਪਾਸ ਹੋਣਾ ਹੈ ਤੇ ਨੌਕਰੀ ਪ੍ਰਾਪਤ ਕਰਨੀ ਹੈ। ਉਸ ਨੂੰ ਸਾਹਿਤ, ਸੱਭਿਆਚਾਰ ਅਤੇ ਦੇਸ਼ ਦੀ ਰਾਜਨੀਤਿਕ ਦਸ਼ਾ ਤੇ ਦਿਸ਼ਾ ਕੀ ਹੈ, ਨੂੰ ਸਮਝਣ ਦੀ ਨਾ ਲੋੜ ਹੈ ਤੇ ਨਾ ਹੀ ਪੜ੍ਹਾਈ ਜਾ ਰਹੀ ਹੈ? ਉਸ ਦਾ ਨਿਸ਼ਾਨਾ ਸਿਰਫ ਇਕ ਹੀ ਹੈ ਕਿ ਕਿਵੇਂ ਸਲੈਕਟ ਹੋਣਾ ਹੈ। ਇਹੀ ਕਾਰਨ ਹੈ ਕਿ ਹਾਕਮਾਂ ਨੇ ਵੀ ਦੇਸ਼ ਦੀ ਸਿੱਖਿਆ ਨੂੰ ਉਸਾਰੂ ਬਣਾਉਣ ਦੀ ਥਾਂ ਬੁਤਾ-ਸਾਰੂ ਬਣਾ ਕੇ ਨਿੱਜੀ ਖਾਤੇ 'ਚ ਪਾ ਕੇ ਪਿੱਛਾ ਛੁੜਾਇਆ ਤੇ ਜ਼ਿੰਮੇਵਾਰੀ ਤੋਂ ਮੁਕਤੀ ਪਾ ਲਈ ਹੈ। ਉੱਚ ਸਿੱਖਿਆ ਸੰਸਥਾਵਾਂ 'ਚ ਵੱਧ ਰਹੀਆਂ ਖੁਦਕੁਸ਼ੀਆਂ ਅਤੇ ਵਿਚੋਂ ਹੀ ਪੜ੍ਹਾਈ ਛੱਡ ਦੇਣੀ ਦੇ ਅੰਕੜੇ ਦਿਨੋਂ-ਦਿਨ ਵੱਧ ਰਹੇ ਹਨ। ਇਹ ਸਾਨੂੰ ਹਾਕਮਾਂ ਨੇ ਨਿੱਜੀਕਰਨ ਰਾਹੀਂ ਤੋਹਫਾ ਦਿੱਤਾ ਹੈ। ਉੱਚ-ਸਿਖਿਆ ਲਈ ਹੁਣ ਕਿਉਂ ਨਹੀਂ ਵਿਦੇਸ਼ੀ ਵਿਦਿਆਰਥੀ ਭਾਰਤ ਆ ਰਹੇ ਹਨ, ਸਾਡੀਆਂ ਯੂਨੀਵਰਸਿਟੀਆਂ ਦੁਨੀਆਂ ਅੰਦਰ ਕਿਉਂ ਨਹੀਂ ਮੁਕਾਬਲੇ ਵਿਚ ਹਨ? ਸਗੋਂ ਵਿਦਿਆਰਥੀ ਧੜਾਧੜ ਬਾਹਰ ਜਾ ਰਹੇ ਹਨ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ 2020 ਤੱਕ ਦੇਸ਼ ਅੰਦਰ 12526 ਵਿਦਿਆਰਥੀਆਂ ਨੇ ਖੁਦਕੁਸ਼ੀਆ ਕੀਤੀਆਂ। ਸਾਲ 2021 ਤੱਕ ਇਹ ਗਿਣਤੀ 13089 ਹੋ ਗਈ, ਜਿਨ੍ਹਾਂ 'ਚ ਲੜਕੇ 56.54 ਫੀਸਦੀ ਅਤੇ ਲੜਕੀਆਂ 43.49 ਫੀਸਦੀ ਸਨ। 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਦੀ ਉਮਰ ਵਿਚ 10732 ਕਿਸ਼ੋਰ ਜਿਨ੍ਹਾਂ 'ਚ 864 ਨੇ ਇਮਤਿਹਾਨਾਂ 'ਚ ਫੇਲ੍ਹ ਹੋਣ ਕਾਰਨ ਖੁਦਕਸ਼ੀ ਕੀਤੀ। ਸਾਲ 2021 ਦੀ ਇਹ ਰਿਪੋਰਟ ਸਮਾਜ ਨੂੰ ਝੰਜੋੜਨ ਵਾਲੀ ਸੀ। ਇਸ ਤਰ੍ਹਾਂ ਹਰ ਸਾਲ ਇਸ ਵਿਚ ਵਾਧਾ ਨੋਟ ਕੀਤਾ ਗਿਆ, ਜੋ ਸਾਡੇ ਸਾਰਿਆਂ ਲਈ ਗੰਭੀਰ ਤੇ ਚਿੰਤਾਜਨਕ ਸਮੱਸਿਆ ਹੈ। ਸੰਸਾਰ ਸਿਹਤ ਸੰਸਥਾ ਦੇ ਮੁਤਾਬਿਕ ਖੁਦਕੁਸ਼ੀ ਇਕ ਹਿਰਦੇਵੇਦਕ ਕਦਮ ਹੈ। ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਖੁਦਕੁਸ਼ੀ ਕਰਨੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਜਦੋਂ ਵਿਦਿਆਰਥੀ ਗਹਿਰੇ ਮਾਨਸਿਕ ਤਨਾਅ ਵਿਚ ਚਲਾ ਜਾਂਦਾ ਹੈ, ਤਾਂ ਉਹ ਅਜਿਹਾ ਕਦਮ ਚੁੱਕਦਾ ਹੈ। ਇਸ ਦੁਖਾਂਤ ਲਈ ਸਿਸਟਮ ਤੋਂ ਬਿਨਾਂ ਮਾਂ-ਬਾਪ ਅਤੇ ਅਧਿਆਪਕ ਵੀ ਦੋਸ਼ੀ ਹਨ। ਜਦੋਂ ਬਾਹਰੀ ਦਬਾਅ ਬੱਚੇ 'ਤੇ ਉਸ ਦੀ ਸਮਰੱਥਾ, ਰੁੱਚੀ ਅਤੇ ਭਾਵਨਾਵਾਂ ਤੋਂ ਵੱਧ ਭਾਰ ਪਾ ਦਿੱਤਾ ਜਾਂਦਾ ਹੈ, ਤਾਂ ਉਹ ਇਸ ਨੂੰ ਚੁੱਕਣ ਦੇ ਕਾਬਲ ਨਾ ਹੋਵੇ, ਤਾਂ ਫਿਰ ਵਿਦਿਆਰਥੀ ਅਜਿਹਾ ਕਦਮ ਚੁੱਕਦਾ ਹੈ। ਭਾਵੇਂ ਬਾਹਰੀ ਅਤੇ ਅੰਦਰੂਨੀ ਦੋਨੋਂ ਹਾਲਾਤਾਂ ਲਈ ਮੌਜੂਦਾ ਸਿਸਟਮ ਹੀ ਜ਼ਿੰਮੇਵਾਰ ਹੈ। ਪਰ ਸਮਾਜ ਨੂੰ ਵੀ ਚੁੱਪ ਨਹੀਂ ਬੈਠਣਾ ਚਾਹੀਦਾ ਹੈ।

ਵਿਦਿਆਰਥੀਆਂ ਵਲੋਂ ਖੁਦਕੁਸ਼ੀ ਕਰਨੀ ਜਿਨ੍ਹਾਂ ਨੇ ਜ਼ਿੰਦਗੀ ਦੇ ਇਕ ਲੰਬੇ ਸਫ਼ਰ ਲਈ ਅੱਗੇ ਵੱਧਣਾ ਸੀ, ਜਿਸ ਲਈ ਉਸ ਨੇ, ਉਸਦੇ ਪਰਿਵਾਰ ਅਤੇ ਕੌਮ ਦੀ ਉਸਾਰੀ ਦਾ ਇਕ ਮੁੱਢ ਬੱਝਣ ਦੇ ਸੁਨਹਿਰੀ ਰਾਹ ਵਾਲੇ ਭਵਿੱਖ ਦੀ ਆਸ ਰੱਖੀ ਸੀ, ਦਾ ਚਲੇ ਜਾਣਾ ਕਿੰਨਾ ਮੰਦਭਾਗਾ ਹੋਵੇਗਾ? ਇਹ ਹਾਕਮਾਂ 'ਤੇ ਵੀ ਇਕ ਨਾ ਮਿਟਣ ਵਾਲਾ ਕਾਲਾ ਧੱਬਾ ਹੈ, ਜੋ ਦੇਸ਼ ਦੀ ਜਵਾਨੀ ਨੂੰ ਨਾ ਸਿੱਖਿਆ ਅਤੇ ਨਾ ਹੀ ਰੁਜ਼ਗਾਰ ਦੇ ਸਕੇ? ਇਸ ਸਮੱਸਿਆ ਦੇ ਹੱਲ ਲਈ ਵਿਦਿਆਰਥੀਆਂ, ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਸਮਾਜ ਵਿਚ ਅਜਿਹੇ ਪ੍ਰੀਵਰਤਨ ਲਈ ਮਿਲਕੇ ਇਕ ਸੰਘਰਸ਼ ਵਿੱਢਣ ਲਈ ਤੱਤਪਰ ਹੋ ਕੇ ਅੱਗੇ ਆਉਣਾ ਚਾਹੀਦਾ ਹੈ। ਜਿਥੇ ਸਭ ਲਈ ਸਿੱਖਿਆ ਅਤੇ ਸਭ ਲਈ ਰੁਜ਼ਗਾਰ ਦਾ ਮੁੱਢਲਾ ਅਧਿਕਾਰ ਅਤੇ ਹੱਕ ਹੋਵੇ! ਜਿਸ ਦੀ ਪੂਰਤੀ ਲਈ ਹਾਕਮਾਂ ਨੂੰ ਸੰਵਿਧਾਨ ਅੰਦਰ ਸਿੱਖਿਆ ਅਤੇ ਰੁਜ਼ਗਾਰ ਲਈ ਲਾਜ਼ਮੀ ਅਤੇ ਗਾਰੰਟੀ ਵਾਲਾ ਕਾਨੂੰਨ ਬਣਾਉਣ ਲਈ ਮਜਬੂਰ ਕੀਤਾ ਜਾਵੇ। ਮਰਨ ਦੀ ਥਾਂ ਉਹ ਸੰਘਰਸ਼ ਸਭ ਦੇ ਭਲੇ ਲਈ ਹੋਵੇਗਾ, ਹੱਕ ਲਈ ਲੜਨਾ ਮਰਨ ਨਾਲੋਂ ਬਿਹਤਰ ਰਾਹ ਹੈ।

# ਜ਼ਿੰਦਗੀ ਦੇ ਅਨਮੋਲ ਪ੍ਰਵਚਨ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"

"ਸ਼ੁਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਜਾਤਿ ਕਿਸੇ ਪੁਛਣੀ ਨਹੀਂ ॥"

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੱਕਾ-ਮਦੀਨਾ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ: "ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ ॥"

ਮਨੁੱਖ ਦੇਖਣ ਨੂੰ ਤਾਂ ਮਨੁੱਖ ਲੱਗਦਾ ਹੈ, ਪਰ ਕੰਮ ਬੰਦੇ ਦੇ ਪਸ਼ੂਆਂ ਨਾਲੋਂ ਵੀ ਭੈੜੇ ਹਨ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸ਼ੂ ਕੀ ਮਾਨਸ ਜਾਤਿ ॥" ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ: "ਗਲਤ ਕੰਮ ਨਾ ਕਰੋ, ਜਿਵੇਂ ਆਨੰਦੁ ਸਾਹਿਬ ਵਿਚ ਉਨ੍ਹਾਂ ਉਚਾਰਿਆ ਹੈ, "ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ ॥"

1. ਕਿਸੇ ਦਾ ਬੁਰਾ ਨਾ ਕਰੋ, ਜਿੰਨਾ ਹੋ ਸਕੇ, ਭਲਾ ਕਰੋ। ਕਰ ਭਲਾ, ਹੋ ਭਲਾ, ਅੰਤਿ ਭਲੇ ਦਾ ਭਲਾ।
2. ਭੈੜੀ ਸੰਗਤਿ ਤੋਂ ਬਚੋ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ: "ਸਤਸੰਗਤਿ ਮਿਲੇ ਸੁ ਤਰਿਆ ॥"
3. ਕਿਸੇ ਦਾ ਦਿਲ ਨਾ ਦੁਖਾਉ।
4. ਕਿਸੇ ਨਾਲ ਧੋਖਾ ਨਾ ਕਰੋ।
5. ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: "ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥"
6. ਵਿਖਾਵਾ ਨਾ ਕਰੋ, ਜੋ ਹੋ ਸੋਈ ਦਿਸੋ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:
"ਸੀਸ ਨਵਾਇਐ ਕਿਆ ਥੀਐ ਜਾ ਰਿਦੈ ਕੁਸੁਧੈ ਜਾਹਿ ॥"
7. ਅੱਜ ਦਾ ਕੰਮ ਕੱਲ੍ਹ 'ਤੇ ਨਾ ਛੱਡੋ। ਜਿਹੜਾ ਕੱਲ੍ਹ ਕਰਨਾ, ਉਹ ਅੱਜ ਕਰੋ, ਜਿਹੜਾ ਅੱਜ ਕਰਨਾ, ਉਹ ਹੁਣੇ ਕਰੋ।
8. ਚਰਿੱਤਰ ਆਚਾਰੁ ਬਾਰੇ ਅੰਗਰੇਜ਼ ਕਵੀ ਕੈਂਸਰ ਆਖਦੇ ਹਨ:

If Wealth is lost, nothing is lost.

If Health is lost, something is lost.

If Character is lost, everything is lost.

# ਆਰਗੈਨਿਕ ਖੇਤੀ ਦਾ ਬਿਰਤਾਂਤ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000
(Punjab Mail USA)



ਇਸ ਵੇਲੇ ਦੁਨੀਆਂ ਭਰ ਵਿਚ ਅਮੀਰ ਲੋਕਾਂ ਅਤੇ ਹੁਕਮਰਾਨਾਂ ਵੱਲੋਂ ਆਰਗੈਨਿਕ ਖੇਤੀ ਦਾ ਰਾਗ ਅਲਾਪਿਆ ਜਾਂਦਾ ਹੈ। ਇਸ ਵਿਚ ਦੁਹਾਈ ਦਿੱਤੀ ਜਾਂਦੀ ਹੈ ਕਿ ਖੇਤੀ ਲਈ ਵਰਤੇ ਜਾਣ ਵਾਲੇ ਰਸਾਇਣ ਵਾਤਾਵਰਣ, ਜ਼ਮੀਨ ਦੀ ਸਿਹਤ ਦੇ ਨਾਲ-ਨਾਲ ਲੋਕਾਂ ਦੀ ਸਿਹਤ 'ਤੇ ਵੀ ਅਸਰ ਪਾ ਰਹੇ ਹਨ। ਵਿਕਸਤ ਦੇਸ਼ਾਂ ਵਲੋਂ ਵੀ ਆਰਗੈਨਿਕ ਖੇਤੀ ਦੇ ਹੱਕ ਵਿਚ ਪ੍ਰਚਾਰ ਕੀਤਾ ਜਾ ਰਿਹਾ ਹੈ, ਅਸਲ ਵਿਚ ਇਨ੍ਹਾਂ ਦੇਸ਼ਾਂ ਦਾ ਇਸ ਵਿਚ ਫਾਇਦਾ ਹੈ ਕਿਉਂਕਿ ਕਈ ਵਿਕਸਿਤ ਦੇਸ਼ਾਂ ਕੋਲ ਆਪਣੀ ਪੈਦਾਵਾਰ ਜ਼ਿਆਦਾ ਹੈ ਅਤੇ ਆਬਾਦੀ ਘੱਟ ਹੈ। ਉਨ੍ਹਾਂ ਨੂੰ ਆਪਣੀ ਪੈਦਾਵਾਰ ਵੇਚਣ ਲਈ ਭਾਰਤ ਵਰਗੇ ਦੇਸ਼ਾਂ ਦੀ ਮਾਰਕਿਟ ਚਾਹੀਦੀ ਹੈ। ਭਾਰਤ ਵਰਗੇ ਵੱਡੇ ਦੇਸ਼ਾਂ ਨੇ ਆਪਣੀ ਪੈਦਾਵਾਰ ਐਨੀ ਵਧਾ ਲਈ ਕਿ ਉਹ ਆਤਮ ਨਿਰਭਰ ਨਹੀਂ, ਸਗੋਂ ਨਿਰਯਾਤ ਵੀ ਕਰਨ ਲੱਗੇ। ਜਿਸ ਕਰਕੇ ਇਨ੍ਹਾਂ ਦੇਸ਼ਾਂ ਨੂੰ ਫਿਕਰ ਪੈ ਗਿਆ ਕਿ ਉਨ੍ਹਾਂ ਦੀ ਪੈਦਾਵਾਰ ਦੀ ਲਾਗਤ ਕਿਥੇ ਹੋਊਗੀ। ਇਸ ਵਿਚ ਕਰਪੋਰੇਟ, ਐੱਨ.ਜੀ.ਓ. ਅਤੇ ਸਰਕਾਰਾਂ ਵੀ ਇਨ੍ਹਾਂ ਦਾ ਸਾਥ ਦਿੰਦੀਆਂ ਨਜ਼ਰ ਆਉਂਦੀਆਂ ਹਨ। ਹਾਲ ਹੀ ਵਿਚ ਨੀਤੀ ਆਯੋਗ ਨੇ ਵੀ ਇਸਨੂੰ ਵਧਾਉਣ ਲਈ ਇੱਕ ਨੀਤੀ ਬਣਾਈ ਹੈ।

ਅੱਜ ਵੀ ਨਾ ਤਾਂ ਨੀਤੀ ਆਯੋਗ, ਨਾ ਹੀ ਲੋਕ ਕੁਦਰਤੀ ਤੇ ਆਰਗੈਨਿਕ ਖੇਤੀ ਵਿਚ ਫਰਕ ਸਮਝਦੇ ਹਨ। ਸਭ ਤੋਂ ਪਹਿਲਾਂ ਤਾਂ ਇਹ ਸਮਝਣ ਦੀ ਲੋੜ ਹੈ ਕਿ ਇਨ੍ਹਾਂ ਦੋਨਾਂ ਵਿਚ ਫਰਕ ਕੀ ਹੈ। ਅਸਲ ਵਿਚ ਕੁਦਰਤੀ ਖੇਤੀ ਯਾਨੀ ਕੋਈ ਛੇੜ-ਛਾੜ ਨਹੀਂ ਪਰ ਆਰਗੈਨਿਕ ਖੇਤੀ ਵਿਚ ਜ਼ਮੀਨ ਵੀ ਵਾਹੀ ਜਾਂਦੀ ਹੈ, ਖਾਦਾਂ ਵੀ ਪਾਈਆਂ ਜਾਂਦੀਆਂ ਹਨ, ਇਹ ਬਾਹਰੋਂ ਲਿਆ ਕੇ ਵੀ ਪਾਈਆਂ ਜਾਂਦੀਆਂ ਹਨ। ਚਾਹੇ ਉਹ ਗੋਬਰ ਹੋਵੇ, ਕੁਕੜੀਆਂ ਦੀਆਂ ਬਿੱਠਾਂ ਹੋਣ ਆਦਿ। ਆਰਗੈਨਿਕ ਕੀਟਨਾਸ਼ਕ ਵੀ ਪਾਏ ਜਾਂਦੇ ਹਨ।

**ਆਰਗੈਨਿਕ ਖੇਤੀ:-** ਖੇਤੀ ਕਰਨ ਦਾ ਇਕ ਢੰਗ ਇਹ ਵੀ ਹੈ, ਜਿਸ ਵਿਚ ਰਸਾਇਣਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਮਿਸਾਲ ਦੇ ਤੌਰ 'ਤੇ ਹਰੀ ਕ੍ਰਾਂਤੀ ਤੋਂ ਪਹਿਲਾਂ ਪੰਜਾਬ ਵਿਚ ਆਰਗੈਨਿਕ ਖੇਤੀ ਹੀ ਕੀਤੀ ਜਾਂਦੀ ਸੀ। ਪਹਿਲਾਂ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹਿਆ ਜਾਂਦਾ ਸੀ, ਤਾਂ ਕਿ ਜ਼ਮੀਨ ਵਿਚ ਫਸਲ ਬੀਜਣ ਤੋਂ ਪਹਿਲਾਂ ਉੱਗੇ ਨਦੀਨ ਸੁੱਕ ਜਾਣ। ਜਿੰਨੀ ਘਰ ਦੇ ਪਸ਼ੂਆਂ ਦੀ ਰੂੜੀ ਹੁੰਦੀ ਸੀ, ਉਸ ਦੀ ਵਰਤੋਂ ਖਾਦ ਦੇ ਤੌਰ 'ਤੇ ਕੀਤੀ ਜਾਂਦੀ ਸੀ। ਜਿਹੜੇ ਨਦੀਨ ਫਸਲ ਬੀਜਣ ਤੋਂ ਬਾਅਦ ਉੱਗਦੇ ਸਨ, ਉਨ੍ਹਾਂ ਨੂੰ ਗੋਡੀ ਕਰਕੇ ਕੱਢ ਦਿੱਤਾ ਜਾਂਦਾ ਸੀ ਜਾਂ ਖੇਤ ਵਿਚ ਹੀ ਪੁੱਟ ਦਿੱਤਾ ਜਾਂਦਾ ਸੀ ਅਤੇ ਉਹ ਸੁੱਕ ਜਾਂਦੇ ਸਨ। ਭਾਵ ਕੋਈ ਨਦੀਨ ਨਾਸ਼ਕ ਨਹੀਂ ਵਰਤਿਆ ਜਾਂਦਾ ਸੀ। ਇਸੇ ਤਰ੍ਹਾਂ ਜੇ ਕੋਈ ਕੀੜਾ ਜਾਂ ਬੀਮਾਰੀ ਲੱਗਦੀ ਸੀ, ਉਸ ਦੀ ਰੋਕਥਾਮ ਲਈ ਵੀ ਕੋਈ ਰਸਾਇਣ ਨਹੀਂ ਸੀ ਵਰਤਿਆ ਜਾਂਦਾ। ਇਹ ਸੀ ਆਰਗੈਨਿਕ ਖੇਤੀ ਜਿਸ ਤੋਂ ਅਸੀਂ ਹਰੀ ਕ੍ਰਾਂਤੀ ਵੇਲੇ ਤਕਨੀਕੀ ਖੇਤੀ ਵੱਲ ਵਧੇ ਅਤੇ ਦੇਸ਼ ਵਿਚ ਰਿਕਾਰਡ ਅੰਨ ਪੈਦਾ ਕੀਤਾ, ਜਿਸ ਨਾਲ ਅਸੀਂ ਖੁਰਾਕ ਵਿਚ ਆਤਮ ਨਿਰਭਰ ਹੋ ਗਏ। ਪਰ ਹੁਣ ਦੁਬਾਰਾ ਫਿਰ ਤਕਨੀਕੀ ਖੇਤੀ ਤੋਂ ਮੁੜ ਕੇ ਕੁਝ ਕਿਸਾਨ ਲੋਕਾਂ ਦੀ ਮੰਗ ਅਨੁਸਾਰ ਆਰਗੈਨਿਕ ਖੇਤੀ ਵੱਲ ਮੁੜ ਰਹੇ ਹਨ, ਜਿਸ ਵਿਚ ਰਸਾਇਣਕ ਖਾਦਾਂ, ਨਦੀਨ ਨਾਸ਼ਿਕ ਅਤੇ ਪੇਸਟੀਸਾਈਡ ਦੀ ਵਰਤੋਂ ਨਹੀਂ ਕੀਤੀ ਜਾਂਦੀ, ਬਲਕਿ ਇਨ੍ਹਾਂ ਚੀਜ਼ਾਂ ਦੀ ਪੂਰਤੀ ਜੀਵਾਂ ਵਿਚੋਂ ਪੈਦਾ ਹੋਏ ਰਸਾਇਣਾਂ ਨਾਲ ਕੀਤੀ ਜਾਂਦੀ ਹੈ। ਇਸ ਸਾਰੇ ਸੰਦਰਭ ਵਿਚ ਇਕ ਗੱਲ ਹਾਸੋਹੀਣੀ ਲੱਗਦੀ ਹੈ ਕਿ ਜਦੋਂ ਅਸੀਂ ਇਨਸਾਨ ਜਾਂ ਪਸ਼ੂ ਦੇ ਅੰਦਰ ਕਿਸੇ ਬੀਮਾਰੀ ਦੇ ਕੀਟਾਣੂ ਮਾਰਨ ਲਈ ਕਿਸੇ ਰਸਾਇਣ (ਗੋਲੀ, ਕੈਪਸੂਲ ਜਾਂ ਟੀਕੇ) ਦੀ ਵਰਤੋਂ ਕਰਦੇ ਹਾਂ, ਤਾਂ ਉਸ ਨੂੰ ਦਵਾਈ ਕਿਹਾ ਜਾਂਦਾ ਹੈ ਪਰ ਜਦੋਂ ਬੂਟੇ ਨੂੰ ਲੱਗੇ ਕੀੜੇ ਜਾਂ ਬੀਮਾਰੀ ਰੋਕਣ ਲਈ ਕੋਈ ਸਪਰੇਅ ਕਰਦੇ ਹਾਂ, ਤਾਂ ਉਸ ਨੂੰ ਜ਼ਹਿਰ ਕਿਹਾ ਜਾਂਦਾ ਹੈ। ਜਦਕਿ ਦੋਨਾਂ ਦਾ ਅਸਰ ਇਕੋ ਜਿਹਾ ਹੈ, ਉਧਰ ਬੰਦਾ ਬੱਚ ਜਾਂਦਾ ਹੈ, ਇਧਰ ਬੂਟਾ ਬੱਚ ਜਾਂਦਾ ਹੈ, ਜੋ ਸਾਡੀ ਖੁਰਾਕ ਦਾ ਸਾਧਨ ਹੈ।

**ਆਰਗੈਨਿਕ ਖੇਤੀ ਦੀਆਂ ਸ਼ਰਤਾਂ:-** ਜ਼ਮੀਨ ਜਾਂ ਖੇਤ ਜਿਸ ਵਿਚ ਸਰਟੀਫਾਈਡ ਆਰਗੈਨਿਕ ਫਸਲ ਉਗਾਉਣੀ ਹੈ, ਤਾਂ ਉਸ ਖੇਤ ਵਿਚ ਪਿਛਲੇ ਤਿੰਨ ਸਾਲ ਤੋਂ ਕਿਸੇ ਕਿਸਮ ਦਾ ਇਨਆਰਗੈਨਿਕ ਕੈਮੀਕਲ (ਫਰਟੀਲਾਈਜ਼ਰ, ਨਦੀਨ ਨਾਸ਼ਕ ਕੀਟਨਾਸ਼ਕ ਜਾਂ ਬੀਮਾਰੀ ਕੰਟਰੋਲ) ਲਈ ਨਾ ਵਰਤਿਆ ਗਿਆ ਹੋਵੇ। ਉਸ ਖੇਤ ਦੁਆਲੇ ਵੀ ਜਗ੍ਹਾ ਛੱਡੀ ਗਈ ਹੋਵੇ, ਤਾਂ ਕਿ ਸਪਰੇਅ ਦਾ ਬੀਜੀ ਫਸਲ ਉਪਰ ਅਸਰ ਨਾ ਆਵੇ। ਜੋ ਬੀਜ ਖੇਤ ਵਿਚ ਬੀਜਣਾ ਹੈ, ਉਹ ਪਿਛੋਂ ਆਰਗੈਨਿਕ ਢੰਗ ਤਰੀਕਿਆਂ ਨਾਲ ਪੈਦਾ ਕੀਤਾ ਹੋਣਾ ਚਾਹੀਦਾ ਹੈ, ਤਕਨੀਕੀ ਖੇਤੀ ਨਾਲ ਪੈਦਾ ਕੀਤੀ ਗਈ ਫਸਲ ਦਾ ਬੀਜ ਨਹੀਂ ਬੀਜਿਆ ਜਾ ਸਕਦਾ।

**ਖਾਦਾਂ:-** ਫਸਲ ਦੀ ਖੁਰਾਕੀ ਤੱਤਾਂ ਦੀ ਪੂਰਤੀ ਲਈ ਹਰੀ ਖਾਦ, ਰੂੜੀ ਕੰਪੋਸਟ, ਫਲੀਦਾਰ ਫਸਲਾਂ ਜਾਂ ਅਜੋਟੋਬੈਕਟਰ ਵਰਗੇ ਬੈਕਟੀਰੀਆ ਦੀ ਮਦਦ ਲਈ ਜਾਵੇ ਰਸਾਇਣਕ ਖਾਦਾਂ ਦੀ ਪੱਕੇ ਤੌਰ 'ਤੇ ਮਨਾਹੀ ਹੈ, ਹਾਲਾਂਕਿ ਬੂਟਾ ਇਹ ਨਹੀਂ ਪਹਿਚਾਣਦਾ ਕਿ ਖੁਰਾਕੀ ਤੱਤ ਕੰਪੋਸਟ ਵਿਚੋਂ ਆਇਆ ਹੈ ਜਾਂ ਰਸਾਇਣਕ ਖਾਦ ਵਿਚੋਂ। ਕੋਈ ਢੰਗ ਤਰੀਕਾ ਨਹੀਂ ਜਿਹੜਾ ਇਹ ਦੱਸ ਸਕੇ ਕਿ ਬੂਟੇ ਦੀ ਖੁਰਾਕੀ ਲੋੜ ਪੂਰੀ ਕਰਨ ਲਈ ਦੇਸੀ ਖਾਦ ਦੇ ਨਾਲ ਰਸਾਇਣਕ ਖਾਦ ਵੀ ਵਰਤੀ ਗਈ ਹੈ।

**ਨਦੀਨ ਕੰਟਰੋਲ:-** ਨਦੀਨਾਂ ਦੀ ਰੋਕਥਾਮ ਲਈ ਫਸਲੀ ਚੱਕਰ, ਫਸਲਾਂ ਉਗਾਉਣ ਦੀਆਂ ਤਕਨੀਕਾਂ ਜਿਵੇਂ ਲਾਈਨਾਂ ਵਿਚ ਬੀਜ ਕੇ ਲਾਈਨਾਂ ਵਿਚ ਹੈਰੋ ਜਾਂ ਹੱਲ ਫੇਰਨਾ, ਝੋਨੇ ਵਿਚ ਪਾਣੀ ਖੜ੍ਹਾ ਕਰਨਾ ਅਤੇ ਰਹਿੰਦੇ ਨਦੀਨ ਨੂੰ ਗੋਡੀ ਕਰਕੇ ਕੱਢਣਾ ਕੋਈ ਵੀ ਨਦੀਨ ਨਾਸ਼ਕ ਖਾਲੀ ਖੇਤ ਵਿਚ ਜਾਂ ਖੜ੍ਹੀ ਫਸਲ ਵਿਚ ਨਹੀਂ ਵਰਤਿਆ ਜਾਂਦਾ।

**ਪੈਸਟੀਸਾਈਡ:** ਕੀੜਿਆਂ ਦੇ ਕੰਟਰੋਲ ਲਈ ਕੋਈ ਇੰਨਸੈਕਟੀਸਾਈਡ ਸਪਰੇਅ ਨਹੀਂ ਕਰਨੀ ਮਕੈਨੀਕਲ (ਜਿਵੇਂ ਧਾਨ ਵਿਚ ਲੀਫ ਫੋਲਡਰ ਲਈ ਰੱਸੀ ਫੇਰਨਾ ਤਾਂ ਕਿ ਕੀੜੇ ਖੜ੍ਹੇ ਪਾਣੀ ਵਿਚ ਡਿੱਗ ਪੈਣ। ਇਸੇ ਤਰ੍ਹਾਂ ਬਾਕੀ ਫਸਲਾਂ ਦੇ ਕੀੜਿਆਂ ਲਈ ਫੀਰੋਮੋਨ ਟਰੈਪ, ਟਰਾਈਕੋ ਕਾਰਡ ਵਗੈਰਾ ਵਰਤ ਕੇ ਕੀੜੇ ਕਾਬੂ ਕੀਤੇ ਜਾ ਸਕਦੇ ਹਨ। ਨਿੰਮ ਦਾ ਨਿਚੋੜ ਵੀ ਵਰਤਿਆ ਜਾ ਸਕਦਾ ਹੈ।

ਇਸ ਵੇਲੇ ਜਿਹੜੇ ਦੇਸ਼ ਇਸ ਦੀ ਹਮਾਇਤ ਕਰਦੇ ਹਨ, ਉਨ੍ਹਾਂ ਦੇ ਕੀ ਹਾਲਤ ਹਨ, ਉਸ ਬਾਰੇ ਚਰਚਾ ਕਰਦੇ ਹਾਂ।



**ਜਾਪਾਨ:-** ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਜਾਪਾਨ ਦੀ, ਜਿਸ ਦੀ ਕੁਦਰਤੀ ਖੇਤੀ ਦੇ ਤਰਕ ਦੁਨੀਆਂ ਭਰ ਵਿਚ ਸਲਾਹੇ ਜਾ ਰਹੇ ਹਨ। ਜਾਪਾਨ ਵਿਚ ਕੁੱਲ ਜ਼ਮੀਨ ਦਾ 20 ਫੀਸਦੀ ਵਾਹੀ ਯੋਗ ਹੈ, ਜਿਸ ਵਿਚ ਆਰਗੈਨਿਕ ਖੇਤੀ ਸਿਰਫ 0.5 ਫੀਸਦੀ ਹੈ, ਇਹ ਅੰਕੜੇ 2021 ਤੱਕ ਦੇ ਹਨ। ਇਸ ਵਿਚ ਗੌਰਤਲਬ ਗੱਲ ਹੈ ਕਿ ਜਾਪਾਨ ਆਪਣੀ 20 ਫੀਸ਼ਦੀ ਜ਼ਮੀਨ ਵਿਚੋਂ 40 ਫੀਸਦੀ ਖੁਰਾਕੀ ਜ਼ਰੂਰਤ ਪੂਰੀ ਕਰਦਾ ਹੈ, ਬਾਕੀ ਇਹ ਬਾਹਰੋਂ ਮੰਗਵਾਉਂਦਾ ਹੈ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜਾਪਾਨ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਦੀ ਵਰਤੋਂ ਵਿਚ ਦੁਨੀਆਂ ਦਾ ਨੰਬਰ ਇਕ ਦੇਸ਼ ਹੈ।

**ਆਸਟਰੇਲੀਆ:-** ਆਸਟਰੇਲੀਆ ਦੁਨੀਆਂ ਦਾ ਸਭ ਤੋਂ ਪਹਿਲਾ ਦੇਸ਼ ਹੈ, ਜੋ ਦੁਨੀਆਂ ਦੇ ਮੁਕਾਬਲੇ ਜ਼ਿਆਦਾ ਰਕਬੇ 'ਤੇ ਆਰਗੈਨਿਕ ਖੇਤੀ ਕਰਦਾ ਹੈ (2-8 ਫੀਸਦੀ)। ਹਾਲਾਂਕਿ ਇਸਦੀ ਆਰਗੈਨਿਕ ਪੈਦਾਵਾਰ ਦੁਨੀਆਂ ਦੀ ਕੁੱਲ ਆਰਗੈਨਿਕ ਪੈਦਾਵਾਰ ਦਾ 32 ਫੀਸਦੀ ਹੈ।

**ਯੂਰਪੀਅਨ ਯੂਨੀਅਨ:-** ਯੂਰਪੀਅਨ ਯੂਨੀਅਨ ਦੇ ਨਿਯਮ ਲੇਬਲ ਪੱਖੋਂ ਕਾਫੀ ਸਖਤ ਹਨ। ਇਥੇ ਵੀ ਜ਼ਮੀਨ ਦੇ ਸਿਰਫ 9.1 ਫੀਸਦੀ ਹਿੱਸੇ ਵਿਚ ਆਰਗੈਨਿਕ ਖੇਤੀ ਹੁੰਦੀ ਹੈ। ਇਸ ਵਿਚ ਚਾਰ ਦੇਸ਼ ਜੋ ਸਭ ਤੋਂ ਜ਼ਿਆਦਾ ਆਰਗੈਨਿਕ ਖੇਤੀ ਕਰਦੇ ਹਨ, ਉਹ ਹਨ ਫਰਾਂਸ, ਸਪੇਨ, ਇਟਲੀ ਅਤੇ ਜਰਮਨੀ। ਪਰ ਫਰਾਂਸ ਹੁਣ ਆਰਗੈਨਿਕ ਖੇਤੀ ਤੋਂ ਮੁੜ ਤਕਨੀਕੀ ਖੇਤੀ ਵਲ ਵੱਧ ਰਿਹਾ ਹੈ ਕਿਉਂਕਿ ਆਰਗੈਨਿਕ ਵਿਚ ਉਪਜ ਘੱਟ ਹੋਣ ਕਰਕੇ ਮਹਿੰਗੀ ਪੈਂਦੀ ਹੈ ਅਤੇ ਉਚਿਤ ਮੁੱਲ ਮਿਲਦਾ ਨਹੀਂ।

**ਅਮਰੀਕਾ:** ਅਮਰੀਕਾ ਵਿਚ ਵੀ ਇਸ ਤਰ੍ਹਾਂ ਦੇ ਹਾਲਾਤ ਹਨ 2016 ਤੱਕ 24 ਲੱਖ ਫਾਰਮਾਂ ਵਿਚੋਂ ਸਿਰਫ 14000 ਸਰਟੀਫਾਈਡ ਆਰਗੈਨਿਕ ਫਾਰਮ ਸਨ। ਜਦਕਿ ਅਮਰੀਕਾ ਵਿਚ ਭਾਰੀ ਮਾਤਰਾ ਵਿਚ ਜਨੈਟੀਕਲੀ ਮੋਡੀਫਾਈਡ ਬੀਜ ਵਰਤ ਕੇ ਫਸਲਾਂ ਤਿਆਰ ਕੀਤੀਆਂ ਜਾਂਦੀਆਂ ਹਨ।

ਅੱਜ ਭਾਰਤ ਨੂੰ ਇਸ ਰਾਹ 'ਤੇ ਤੁਰਨ ਲਈ ਜਿਥੇ ਅੰਤਰਰਾਸ਼ਟਰੀ ਏਜੰਸੀਆਂ ਧੱਕ ਰਹੀਆਂ ਹਨ, ਉਥੇ ਪੂੰਜੀਪਤੀਆਂ ਦੀ ਚਲਾਈ ਮੁਹਿੰਮ ਦਾ ਸ਼ਿਕਾਰ ਆਮ ਲੋਕ ਵੀ ਹੋ ਰਹੇ ਹਨ। ਜਿਨ੍ਹਾਂ ਦੇ ਮਨ ਵਿਚ ਬੈਠ ਗਿਆ ਹੈ ਕਿ ਪੰਜਾਬ ਵਿਚ ਜ਼ਹਿਰਾਂ ਦੀ ਖੇਤੀ ਹੋ ਰਹੀ ਹੈ। ਹਾਲਾਂਕਿ ਜਿੰਨੀਆਂ ਵੀ ਪੈਸਟੀਸਾਈਡ ਵਰਤੀਆਂ ਜਾਂਦੀਆਂ, ਉਹ ਸਾਰੀਆਂ ਬਾਇਓਡੀਗਰੇਡੇਬਲ ਹਨ ਅਤੇ ਸਮੇਂ ਨਾਲ ਅਸਰ ਘਟਦਾ ਜਾਂਦਾ ਹੈ। ਬਾਕੀ ਖਾਣਾ ਪਕਾਉਣ ਵੇਲੇ (ਵਧੇ ਤਾਪਮਾਨ 'ਤੇ) ਇਨ੍ਹਾਂ ਦੇ ਮਾਲੀਕਿਊਲ ਟੁੱਟ ਜਾਂਦੇ ਹਨ ਅਤੇ ਅਸਰ ਬਿਲਕੁੱਲ ਖਤਮ ਹੋ ਜਾਂਦਾ ਹੈ।

ਇਸ ਵੇਲੇ ਸਾਡੇ ਦੇਸ਼ ਵਿਚ ਵੀ ਅਨਾਜ ਪੂਰਾ ਨਹੀਂ ਆ ਰਿਹਾ ਇਸ ਦਾ ਸਬੂਤ ਹੈ ਕਿ ਸਾਲ 2022 ਤੋਂ ਪਹਿਲਾਂ ਕਣਕ ਤੇ ਫੇਰ ਚੌਲਾਂ ਦੀ ਐਕਸਪੋਰਟ 'ਤੇ ਰੋਕ ਲਗਾਈ। ਹਾਲਾਂਕਿ ਸਾਲ 2023 ਦੇ ਦੂਜੇ ਕਵਾਟਰ ਵਿਚ ਚੌਲਾਂ 'ਤੇ ਰੋਕ ਹਟਾਈ ਗਈ, ਜੋ ਜੁਲਾਈ ਵਿਚ ਦੁਬਾਰਾ ਫਿਰ ਲਗਾ ਦਿੱਤੀ ਗਈ। ਉਧਰ ਲੋਕ ਭੁੱਖਮਰੀ ਨਾਲ ਘੁੱਲ ਰਹੇ ਹਨ। ਸਾਲ 2020 ਤੋਂ ਭਾਰਤ ਸਰਕਾਰ 80 ਕਰੋੜ ਲੋਕਾਂ ਨੂੰ ਸਸਤਾ ਅਨਾਜ ਮੁਹੱਈਆ ਕਰਵਾ ਰਹੀ ਹੈ। ਇਸ ਵਿਚ ਦੱਸੋ ਜਿਸ ਨੂੰ ਦੋ ਵੇਲੇ ਦੀ ਰੋਟੀ ਦੇ ਲਾਲੇ ਪਏ ਹੋਣ ਉਸਨੂੰ ਆਰਗੈਨਿਕ ਕਿਥੋਂ ਸੁਝੂ। ਪਰ ਜੇ ਪੈਦਾਵਾਰ ਘੱਟ ਗਈ, ਤਾਂ ਇੰਨਾ ਜ਼ਰੂਰ ਹੈ ਕਿ ਰੋਟੀ ਕਈ ਕਰੋੜ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਊਗੀ।

**ਨਿਚੋੜ:** ਕੁਦਰਤੀ ਖੇਤੀ ਦਾ ਕੋਈ ਜ਼ਮਾਨਾ ਨਹੀਂ, ਜੇ ਕਿਤੇ ਅਤਿਅੰਤ ਪਛੜੇ ਇਲਾਕੇ ਵਿਚ ਕੋਈ ਆਦਿਵਾਸੀ ਕਬੀਲਾ ਕਰਦਾ ਵੀ ਹੈ, ਤਾਂ ਉਸ ਨੂੰ ਆਰਗੈਨਿਕ ਖੇਤੀ ਵੱਲ ਲਿਜਾਣ ਦੀ ਲੋੜ ਹੈ। ਆਰਗੈਨਿਕ ਖੇਤੀ ਅਮੀਰ ਬੰਦਿਆਂ ਦੀ ਮੰਗ ਅਨੁਸਾਰ ਅਤੇ ਆਮਦਨ ਦੇ ਲਿਹਾਜ਼ ਨਾਲ ਅਪਨਾਅ ਲੈਣੀ ਚਾਹੀਦੀ ਹੈ। ਬਹੁਤਾ ਜ਼ੋਰ ਤਕਨੀਕੀ ਖੇਤੀ 'ਤੇ ਹੀ ਦੇਣਾ ਚਾਹੀਦਾ ਹੈ। ਰਸਾਇਣਾ ਦੀ ਵਰਤੋਂ ਲੋੜ ਅਨੁਸਾਰ ਮਾਹਿਰਾਂ ਦੀ ਸਿਫਾਰਿਸ਼ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ। ਕੈਂਸਰ ਜਾਂ ਹੋਰ ਬੀਮਾਰੀਆਂ ਦੀ ਜੜ੍ਹ ਇੰਡਸਟਰੀਅਲ ਪ੍ਰਦੂਸ਼ਣ ਹੈ ਖੇਤੀ ਨਹੀਂ। ਕਾਰਖਾਨਿਆਂ ਦਾ ਰਸਾਇਣਾਂ ਮਿਲਿਆਂ ਪਾਣੀ ਬੋਰ ਕਰਕੇ ਧਰਤੀ ਹੇਠ ਵੀ ਪਾਇਆ ਜਾਂਦਾ ਹੈ ਅਤੇ ਦਰਿਆਵਾਂ ਵਿਚ ਵੀ ਸੁੱਟਿਆ ਜਾਂਦਾ ਹੈ। ਇਸੇ ਤਰ੍ਹਾਂ ਸ਼ਹਿਰਾਂ ਦਾ ਸੀਵਰ ਵੀ ਪਾਣੀ ਦੇ ਸਰੋਤਾਂ ਵਿਚ ਮਿਲਾਇਆ ਜਾਂਦਾ ਹੈ, ਜਿਸ ਵਿਚ ਕਈ ਤਰ੍ਹਾਂ ਦੇ ਜੀਵਾਣੂ ਬੀਮਾਰੀਆਂ ਦਾ ਕਾਰਨ ਬਣਦੇ ਹਨ।

# ਪੁਸਤਕ ਸਮੀਖਿਆ "ਆਜ਼ਾਦੀ ਦੇ ਪਰਵਾਨੇ"

**ਲੇਖਕ: ਸ. ਕ੍ਰਿਪਾਲ ਸਿੰਘ ਸੰਧੂ**
**ਪ੍ਰਕਾਸ਼ਕ: ਕੈਫੇ ਵਰਲਡ ਵੱਲੋਂ 'ਅੱਪੂ ਆਰਟ ਪ੍ਰੈੱਸ, ਸ਼ਾਹਕੋਟ' ਰਾਹੀ ਪ੍ਰਕਾਸਤ ਕੀਤਾ ਗਿਆ।**
**ਪੰਨੇ: 168 ਅਤੇ ਹੋਰ ਤਸਵੀਰਾਂ ਵਾਲੇ ਪੰਨੇ**
**ਸਮੀਖਿਆਕਾਰ: ਕੁਲਵੰਤ ਉੱਭੀ ਧਾਲੀਆਂ**
**ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ)**
**ਫੋਨ: (559) 473-9264**

ਜਦ ਭਾਰਤ ਦੇ ਇਤਿਹਾਸਕ ਪਿਛੋਕੜ 'ਤੇ ਨਿਗਾਹ ਮਾਰਦੇ ਹਾਂ, ਤਾਂ ਇਹ ਗੱਲ ਸਾਫ ਸਾਹਮਣੇ ਆਉਂਦੀ ਹੈ ਕਿ ਭਾਰਤ ਲੰਮਾ ਸਮਾਂ ਗੁਲਾਮ ਰਿਹਾ ਹੈ, ਜਿਸ ਦਾ ਸੰਤਾਪ ਸਮੂਹ ਭਾਰਤ ਵਾਸੀਆਂ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਇਸ ਗੁਲਾਮੀ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਮੁੱਚੇ ਭਾਰਤ ਨੇ ਆਪਣਾ ਯੋਗਦਾਨ ਪਾਇਆ। ਜਿਸ ਸੰਬੰਧੀ ਵੱਖ-ਵੱਖ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਾਂਝ ਵੀ ਪਾਈ ਹੈ। ਉਨ੍ਹਾਂ ਹੀ ਇਤਿਹਾਸਕ ਪੁਸਤਕਾਂ ਦੀ ਲੜੀ ਵਿਚ ਹਾਲ ਹੀ ਵਿਚ ਇੱਕ ਨਵੀਂ ਪੁਸਤਕ "ਆਜ਼ਾਦੀ ਦੇ ਪਰਵਾਨੇ" ਸ਼ਾਮਲ ਹੋਈ ਹੈ। ਇਸ ਪੁਸਤਕ ਦੀ ਬਾਕੀ ਪੁਸਤਕਾਂ ਨਾਲੋਂ ਇਹ ਵਖਰੇਵਾ ਹੈ ਕਿ ਲੇਖਕ ਸ. ਕ੍ਰਿਪਾਲ ਸਿੰਘ ਸੰਧੂ ਆਪ ਖੁਦ ਸ਼ਹੀਦਾਂ ਦੇ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਖਾਸ ਤੌਰ 'ਤੇ ਰਿਸ਼ਤੇਦਾਰੀ ਵਜੋਂ ਇਨ੍ਹਾਂ ਦੇ ਪਰਿਵਾਰ ਦਾ ਸੰਬੰਧ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਆਪਣੀ ਸਹਿਕਾਰੀ ਵਿਭਾਗ ਵਿਚ ਨੌਕਰੀ ਦੌਰਾਨ ਭਾਰਤੀ ਸਿਸਟਮ ਅਤੇ ਆਜ਼ਾਦੀ ਤੋਂ ਬਾਅਦ ਦੀ ਆਪਸੀ ਅੰਦਰੂਨੀ ਸਮਾਜਿਕ ਨੌਕਰਸ਼ਾਹੀ, ਭ੍ਰਿਸ਼ਟ, ਲੋਕਾਂ ਦੇ ਸ਼ੋਸ਼ਣ ਵਾਲੀ ਗੁਲਾਮ ਸੋਚ ਅਤੇ ਆਜ਼ਾਦੀ ਤੋਂ ਬਾਅਦ ਦੀ ਭਾਰਤ ਵਿਚਲੀ ਅੰਦਰੂਨੀ ਆਪਣਿਆਂ ਦੀ ਗੁਲਾਮੀ ਨੂੰ ਵੀ ਵੇਖਿਆ ਅਤੇ ਹੰਢਾਇਆ ਹੈ। ਇਸ ਤੋਂ ਇਲਾਵਾ ਸਮੂਹ ਸ਼ਹੀਦਾਂ ਦੀ ਯਾਦ ਵਿਚ ਬਣੇ ਦੇਸ਼ ਭਗਤ ਯਾਦਗਰ ਜਲੰਧਰ ਵਿਚ ਲੱਗੀਆਂ ਸ਼ਹੀਦਾਂ ਦੀਆਂ ਤਸਵੀਰਾਂ ਅਤੇ ਸ਼ਹੀਦਾਂ ਦੇ ਸਿਰੜੀ ਇਤਿਹਾਸ ਨੇ ਲੇਖਕ ਨੂੰ ਇਸ ਪਾਸੇ ਵੱਲ ਪ੍ਰੇਰਿਆ ਹੈ। ਸ. ਕ੍ਰਿਪਾਲ ਸਿੰਘ ਸੰਧੂ ਨੇ ਆਪਣੀ ਬਹੁਤੀ ਜ਼ਿੰਦਗੀ ਪੰਜਾਬ ਵਿਚ ਬਿਤਾਈ ਅਤੇ ਅੱਜਕੱਲ੍ਹ ਫਰਿਜ਼ਨੋ, ਕੈਲੀਫੋਰਨੀਆ ਵਿਚ ਰਹਿ ਰਹੇ ਹਨ। ਇੱਥੋਂ ਦੀ ਸਥਾਨਕ ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸੰਸਥਾਂ ਨਾਲ ਜੁੜੇ ਹੋਣ ਕਰਕੇ ਸਮੇਂ-ਸਮੇਂ ਸਥਾਨਕ ਅਖਬਾਰਾਂ ਲਈ ਲੇਖ ਲਿਖਦੇ ਰਹੇ ਹਨ। ਉਨ੍ਹਾਂ ਹੀ ਲੇਖਾਂ ਨੂੰ ਸੰਗਠਿਤ ਕਰਕੇ ਇਸ ਪੁਸਤਕ ਦਾ ਪ੍ਰਕਾਸ਼ਨ ਕੀਤਾ ਗਿਆ ਹੈ। ਉਨ੍ਹਾਂ ਦੇ ਲਿਖੇ ਸਾਰੇ ਹੀ 30 ਦੇ ਕਰੀਬ ਸਾਰੇ ਲੇਖ ਬਹੁਤ ਸਰਲ ਭਾਸ਼ਾ ਵਿਚ ਲਿਖੇ ਗਏ ਹਨ। ਜੋ ਹਰ ਪਾਠਕ ਨੂੰ ਆਪਣੇ ਨਾਲ ਜੋੜੇ ਰੱਖਣ ਦੀ ਇਕਸਾਰਤਾ ਰੱਖਦੇ ਹਨ। ਲੇਖਾਂ ਵਿਚ ਆਜ਼ਾਦੀ ਲਈ ਚੱਲ ਰਹੀਆਂ ਲਹਿਰਾਂ, ਆਜ਼ਾਦੀ ਦੇ ਸਮੁੱਚੇ ਸੰਘਰਸ਼ ਦਾ ਦੌਰ, ਗਦਰ ਲਹਿਰ ਅਤੇ ਗਦਰੀ ਬਾਬਿਆਂ ਦੀ ਗੱਲ ਹੁੰਦੀ ਹੈ। ਇਸ ਪੁਸਤਕ ਰਾਹੀਂ ਬਹੁਤ ਸਾਰੇ ਸ਼ਹੀਦਾਂ ਦੇ ਸੰਘਰਸ਼ ਵਾਲੇ ਜੀਵਨ ਅਤੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਸਿੱਖਾਂ ਦੇ ਬਹਾਦਰ ਸੂਰਬੀਰ ਯੋਧੇ ਬੰਦਾ ਸਿੰਘ ਬਹਾਦਰ ਦੇ ਜੀਵਨ, ਸਤਿਗੁਰੂ ਰਾਮ ਸਿੰਘ ਕੂਕਾ ਲਹਿਰ ਅਤੇ ਬੱਬਰ ਅਕਾਲੀ ਲਹਿਰ ਬਾਰੇ ਵੀ ਲਿਖਿਆ। ਇਨ੍ਹਾਂ ਲੇਖਾਂ ਵਿਚ ਜਿੱਥੇ ਬਹੁਤ ਸਾਰੇ ਆਜ਼ਾਦੀ ਦੇ ਪ੍ਰਵਾਨੇ ਸ਼ਹੀਦਾਂ ਦੇ ਜੀਵਨ ਬਾਰੇ ਲਿਖਿਆ ਗਿਆ ਹੈ, ਉੱਥੇ ਕਈ ਲੇਖਾਂ ਰਾਹੀਂ ਪਰਿਵਾਰਕ ਜ਼ਿੰਦਗੀ ਦੀਆਂ ਘਟਨਾਵਾਂ ਦਾ ਵੀ ਜ਼ਿਕਰ ਸਹਿਜੇ ਕੀਤਾ ਹੈ। ਇਸੇ ਤਰ੍ਹਾਂ ਇਨ੍ਹਾਂ ਦੇ ਲਿਖਤਾਂ ਵਿਚ ਸਮਾਜਿਕ ਹਾਲਾਤਾਂ ਦਾ ਜ਼ਿਕਰ ਅਤੇ ਉਸ ਸਮੇਂ ਦੀ ਨੌਕਰਸ਼ਾਹੀ ਦਾ ਪਤਾ ਲੱਗਦਾ ਹੈ। ਸਮੁੱਚੇ ਤੌਰ 'ਤੇ ਇਹ ਕਹਿ ਸਕਦੇ ਹਾਂ ਕਿ ਇਸ ਪੁਸਤਕ ਦਾ ਪ੍ਰਕਾਸ਼ਨ ਆਪਣੀ ਉਮਰ ਦੇ ਚੁਰੰਨਵੇ ਵਰ੍ਹਿਆਂ ਦੀ ਖੋਜ, ਲਿਆਕਤ ਅਤੇ ਲਿਖਣ ਪ੍ਰਤੀ ਤਜ਼ਰਬੇ ਦੀ ਚੰਗੀ ਦੇਣ ਹੈ।






ਪਹਿਲੀ ਜਿਲਦ ਦੀ ਤਸਵੀਰ ਅਤੇ ਦੂਸਰੀ ਤਸਵੀਰ ਵਿਚ ਲੇਖਕ ਕ੍ਰਿਪਾਲ ਸਿੰਘ ਸੰਧੂ।

ਇਸ ਪੁਸਤਕ ਵਿਚਲੇ ਸਾਰੇ ਲੇਖ ਪੜ੍ਹਨਯੋਗ ਹਨ, ਜੋ ਸਮੇਂ ਅਤੇ ਹਾਲਾਤਾਂ ਵਿਚੋਂ ਗੁਜ਼ਰਨ ਵਾਲੀਆਂ ਘਟਨਾਵਾਂ ਨਾਲ ਜੁੜੇ ਹੋਏ ਹਨ। ਇਹ ਪੁਸਤਕ ਲੇਖਕ ਕ੍ਰਿਪਾਲ ਸਿੰਘ ਸੰਧੂ ਦੁਆਰਾ ਆਪਣੀ ਸਵ. ਮਾਤਾ ਪ੍ਰੀਤਮ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਕੀਤੀ ਗਈ ਹੈ। ਭਵਿੱਖ ਦੇ ਵਿਚ ਇਹ ਪੁਸਤਕ ਇਤਿਹਾਸਕ ਘਟਨਾਵਾਂ ਨਾਲ ਜੁੜੀ ਹੋਣ ਕਰਕੇ ਆਉਣ ਵਾਲੇ ਸਮੇਂ ਦੇ ਪਾਠਕਾਂ ਅਤੇ ਖੋਜਕਾਰੀਆਂ ਲਈ ਮਾਰਗ ਦਰਸ਼ਕ ਬਣੇਗੀ। ਇਸ ਸਮੁੱਚੇ ਕਾਰਜ ਲਈ ਲੇਖਕ ਕ੍ਰਿਪਾਲ ਸਿੰਘ ਸੰਧੂ ਅਤੇ ਸਮੂਹ ਸਹਿਯੋਗੀ ਵਧਾਈ ਦੇ ਪਾਤਰ ਹਨ।

# ਅਜੋਕੇ ਸਮੇਂ ਸਾਡੇ ਸਮਾਜ ਔਰਤ ਵੱਲੋਂ ਧੀ, ਨੂੰਹ ਅਤੇ ਸੱਸ ਦਾ ਸਫਰ..

ਸ਼ਿੰਦਰ ਸਿੰਘ ਮੀਰਪੁਰੀ
ਕੈਲੀਫੋਰਨੀਆ (ਅਮਰੀਕਾ)
559-285-0841
(Punjab Mail USA)





ਅਜੋਕੇ ਸਮੇਂ ਸਾਡੇ ਸਮਾਜ ਅੰਦਰ ਜੇਕਰ ਔਰਤ ਦੀ ਸਥਿਤੀ ਪ੍ਰਤੀ ਚਿੰਤਨ ਕਰਨ ਲੱਗੀਏ, ਤਾਂ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਬਿਨਾਂ ਸ਼ੱਕ ਔਰਤ ਨੂੰ ਗੁਰਬਾਣੀ ਅੰਦਰ ਵੱਡਾ ਸਤਿਕਾਰ ਦਿੱਤਾ ਗਿਆ ਹੈ ਪਰ ਅੱਜ ਦੀ ਘੜੀ ਔਰਤ ਦੇ ਸਥਿਤੀ ਸਾਡੇ ਸਮਾਜ ਅੰਦਰ ਕੀ ਬਣ ਚੁੱਕੀ ਹੈ, ਇਹ ਵੀ ਸੋਚਣ ਦਾ ਵਿਸ਼ਾ ਹੈ। ਲੰਘੇ ਸਮੇਂ ਔਰਤ ਵੱਲੋਂ ਸਮਾਜ ਨੂੰ ਇੱਕ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕਰਦਿਆਂ ਵੱਡੇ ਪੱਧਰ 'ਤੇ ਫੇਰ ਬਦਲ ਨੂੰ ਅੰਜਾਮ ਦਿੱਤਾ ਹੈ। ਗੁਰੂ ਨਾਨਕ ਸਾਹਿਬ ਨੇ ਔਰਤ ਦੀ ਉਸਤਤਿ ਕਰਦਿਆਂ ਆਖਿਆ ਕਿ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਸੋ ਇਸੇ ਤਰ੍ਹਾਂ ਹੋਰ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਅੰਦਰ ਔਰਤ ਨੂੰ ਵਡਿਆਈ ਦੇ ਨਾਲ ਨਿਵਾਜਿਆ ਗਿਆ ਹੈ। ਇਹ ਵੀ ਸੱਚ ਹੈ ਕਿ ਜਿੱਥੇ ਔਰਤ ਅੱਜ ਤਕੜੀ ਹੋ ਕੇ ਸਮਾਜ ਨੂੰ ਅੱਗੇ ਲਿਜਾਣ ਵਿਚ ਸਹਾਈ ਹੁੰਦੀ ਹੈ, ਉੱਥੇ ਹੀ ਬਹੁਤ ਸਾਰੇ ਖੇਤਰ ਅੰਦਰ ਔਰਤ ਦੀ ਦੁਰਦਸ਼ਾ ਕਿਸੇ ਤੋਂ ਲੁਕੀ ਨਹੀਂ ਹੈ। ਕਿਉਂਕਿ ਕਈ ਖੇਤਰ ਅੰਦਰ ਜਿੱਥੇ ਵੱਡੇ ਪੱਧਰ 'ਤੇ ਕੰਮ ਕੀਤਾ ਹੈ, ਉਥੇ ਔਰਤ ਨੂੰ ਅਪਮਾਨ ਵੀ ਸਹਿਣਾ ਪਿਆ ਹੈ। ਕੁਝ ਵੀ ਹੋਵੇ, ਜਿੱਥੇ ਅੱਜ ਔਰਤ ਸਾਡੇ ਸਮਾਜ ਦਾ ਧੁਰਾ ਮੰਨੀ ਜਾਂਦੀ ਹੈ, ਜਿਸ ਨੇ ਵੱਡੇ-ਵੱਡੇ ਰਾਜਿਆਂ ਮਹਾਰਾਜਿਆਂ ਨੂੰ ਜਨਮ ਦਿੱਤਾ, ਉਥੇ ਹੀ ਸਮਾਜ ਨੂੰ ਸਿਰਜ ਕੇ ਇੱਕ ਨਵਾਂ ਰੂਪ ਦੇਣ ਵਿਚ ਸਿਰਫ ਔਰਤ ਦਾ ਹੀ ਅਹਿਮ ਯੋਗਦਾਨ ਹੈ।

ਔਰਤ ਪਹਿਲਾਂ ਕਿਸੇ ਪਰਿਵਾਰ ਦੀ ਧੀ ਹੁੰਦੀ ਹੈ। ਉਸਦੇ ਆਪਣੇ ਹੱਕ ਹੁੰਦੇ ਹਨ। ਉਹ ਛੋਟੀ ਹੁੰਦੀ, ਜਿਸ ਘਰ ਵਿਚ ਖੇਡ ਕੇ ਜਵਾਨ ਹੁੰਦੀ ਹੈ, ਉੱਥੇ ਹੀ ਉਸਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਆਪਣੇ ਬਾਬਲ ਦੀ ਪੱਗ ਨੂੰ ਦਾਗ਼ ਨਹੀਂ ਲੱਗਣ ਦੇਣਾ ਹੁੰਦਾ ਹੈ। ਉਸ ਤੋਂ ਜਵਾਨ ਹੁੰਦੀ ਹੈ, ਤਾਂ ਆਪਣੇ ਸਹੁਰੇ ਘਰ ਜਾ ਕੇ ਆਪਣੇ ਪਰਿਵਾਰ ਦੀ ਇੱਜ਼ਤ ਨੂੰ ਬਰਕਰਾਰ ਰੱਖ ਕੇ ਆਪਣੀ ਸੱਸ-ਸਹੁਰੇ ਦੀ ਸੇਵਾ ਕਰਦੀ ਹੈ ਅਤੇ ਚੰਗਾ-ਮਾੜਾ ਸਹਿ ਕੇ ਅਗਲੇ ਸਮੇਂ ਨੂੰ ਕਤਾਰਬੱਧ ਕਰਨ ਦੇ ਲਈ ਸਿਰਫ ਪਰਿਵਾਰ ਅੰਦਰ ਨੂੰਹ ਦਾ ਹੀ ਯੋਗਦਾਨ ਮੰਨਿਆ ਜਾਂਦਾ ਹੈ। ਇੱਕ ਨੂੰਹ ਦੀ ਜ਼ਿੰਦਗੀ ਅੰਦਰ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ, ਉਸ ਦੇ ਪਤੀ ਨਾਲ ਲੜਾਈ-ਝਗੜੇ ਤੋਂ ਬਾਅਦ ਜੋ ਅੱਤਿਆਚਾਰ ਨੂੰ ਸਹਿਣਾ ਪੈਂਦਾ ਹੈ, ਉਸਨੂੰ ਸੁਣ ਕੇ ਕਿਸੇ ਵੀ ਇਨਸਾਨ ਦਾ ਕਾਲਜਾ ਮੂੰਹ ਨੂੰ ਆ ਜਾਂਦਾ ਹੈ। ਜਦ ਉਹ ਮਾਂ ਬਣਦੀ ਹੈ, ਤਾਂ ਉਸ ਪੁੱਤਰ ਦੀਆਂ ਹਰਕਤਾਂ ਦਾ ਸਭ ਤੋਂ ਵੱਧ ਭਾਰ ਇੱਕ ਮਾਂ 'ਤੇ ਹੁੰਦਾ ਹੈ। ਕਿਉਂਕਿ ਮਾਂ ਵੱਲੋਂ ਆਪਣੇ ਪੇਟ ਅੰਦਰ ਆਪਣੀ ਔਲਾਦ ਨੂੰ 9 ਮਹੀਨੇ ਰੱਖ ਕੇ ਬਾਅਦ ਵਿਚ ਉਸ ਦੀ ਪਰਵਰਿਸ਼ ਕਰਨੀ ਹੀ ਹੁੰਦੀ ਹੈ। ਇਹ ਸਾਰਾ ਕੁਝ ਮਾਂ ਦੇ ਹਿੱਸੇ ਆਉਂਦਾ ਹੈ। ਉਸ ਤੋਂ ਬਾਅਦ ਫਿਰ ਮਾਂ ਦੀ ਜ਼ਿੰਦਗੀ ਦਾ ਅਗਲਾ ਸਫਰ ਸ਼ੁਰੂ ਹੁੰਦਾ ਹੈ। ਕਿਸੇ ਮਾਂ ਦੀ ਔਲਾਦ ਚੰਗੀ ਨਿਕਲੇ ਜਾਂ ਮਾੜੀ ਇਹ ਬਾਅਦ ਦੀ ਗੱਲ ਹੁੰਦੀ ਹੈ ਪਰ ਮਾਂ ਦੀ ਜ਼ਿੰਮੇਵਾਰੀ ਪਹਿਲਾਂ ਤੈਅ ਕੀਤੀ ਜਾਂਦੀ ਹੈ। ਸਿਆਣਿਆਂ ਨੇ ਸੱਚ ਆਖਿਆ ਹੈ ਕਿ ਮਾਂ ਦਾ ਦੇਣ ਕਿਤੇ ਵੀ ਨਹੀਂ ਦਿੱਤਾ ਜਾ ਸਕਦਾ ।

ਫਿਰ ਇੱਕ ਮਾਂ 'ਤੇ ਜ਼ਿੰਮੇਵਾਰੀ ਪੈ ਜਾਂਦੀ ਹੈ ਉਸ ਦੀ ਔਲਾਦ ਦੀ। ਜਦੋਂ ਉਸ ਦੀ ਔਲਾਦ ਦੇ ਵਿਆਹ-ਸ਼ਾਦੀਆਂ ਹੁੰਦੇ ਹਨ, ਤਾਂ ਇੱਕ ਮਾਂ ਹੀ ਹੁੰਦੀ ਹੈ, ਜੋ ਆਪਣੀ ਔਲਾਦ ਦਾ ਖਿਆਲ ਰੱਖ ਕੇ ਉਸ ਦੀ ਅਗਲੀ ਜ਼ਿੰਦਗੀ ਨੂੰ ਤੈਅ ਕਰਦੀ ਹੈ। ਇਹ ਭਾਵੇਂ ਅਸੀਂ ਪਹਿਲਾਂ ਆਖ ਚੁੱਕੇ ਹਾਂ ਕਿ ਬਾਅਦ ਦੀ ਗੱਲ ਹੈ ਔਲਾਦ ਚੰਗੀ ਨਿਕਲੇ ਜਾਂ ਮਾੜੀ, ਪਰ ਇੱਕ ਮਾਂ ਨੂੰ ਆਪਣੀ ਔਲਾਦ ਦਾ ਖਿਆਲ ਸਦਾ ਹੀ ਹੁੰਦਾ ਹੈ। ਜਦ ਉਸ ਦੀ ਔਲਾਦ ਘਰ ਵਿਆਹ ਕਰਵਾ ਕੇ ਆਉਂਦੀ ਹੈ, ਤਾਂ ਮਾਂ ਦਾ ਦਿਲ ਖ਼ੁਸ਼ੀ ਵਿਚ ਉੱਛਲ ਜਾਂਦਾ ਹੈ। ਇਹ ਗੱਲ ਅਲੱਗ ਹੈ ਕਿ ਉਸ ਦੀ ਨੂੰਹ ਘਰ ਵਿਚ ਆਈ ਉਸ ਦਾ ਖਿਆਲ ਰੱਖੇ ਜਾਂ ਨਾ, ਇਹ ਗੱਲ ਕਿਤੇ ਵੀ ਨਹੀਂ ਤੈਅ ਕੀਤੀ ਜਾ ਸਕਦੀ ਪਰ ਇੱਕ ਮਾਂ ਆਪਣੇ ਪੁੱਤਰ ਧੀ ਨੂੰ ਆਪਣੀ ਜੇਬ ਵਿਚੋਂ ਪੈਸੇ ਦੇ ਕੇ ਸਕੂਲ ਤੋਰਦੀ ਹੈ। ਸਹੁਰੀ ਤੋਰਦੀ ਹੈ ਅਤੇ ਸ਼ਹਿਰ ਭੇਜਦੀ ਹੈ ਕਿ ਪੁੱਤਰ ਘਰ ਦੇ ਸੌਦੇ ਆਦਿ ਲੈ ਕੇ ਆ। ਇਹ ਸਭ ਕੁੱਝ ਇੱਕ ਮਾਂ ਦੇ ਹਿੱਸੇ ਹੀ ਆਉਂਦਾ ਹੈ। ਇਹ ਵੀ ਅੱਜ ਦੀ ਜ਼ਿੰਦਗੀ ਦਾ ਕੌੜਾ ਸੱਚ ਹੈ ਕਿ ਆਪਣੇ ਸਹੁਰਿਆਂ ਤੋਂ ਬਾਅਦ ਉਸ ਦਾ ਪੁੱਤਰ ਆਪਣੀ ਮਾਂ ਨੂੰ ਵਿਸਾਰ ਦਿੰਦਾ ਹੈ। ਇਹ ਅਕਸਰ ਸਾਡੇ ਸਮਾਜ ਦਾ ਹਿੱਸਾ ਹੈ। ਇੱਥੇ ਸਮਾਜ ਵਿਚ ਇਹ ਗੱਲਾਂ ਆਮ ਹੁੰਦੀਆਂ ਹਨ। ਅੱਜਕੱਲ੍ਹ ਸਾਡੇ ਸਮਾਜ ਵਿਚ ਆਮ ਗੱਲ ਹੋ ਚੁੱਕੀ ਹੈ, ਜੋ ਨਹੀਂ ਹੋਣੀ ਚਾਹੀਦੀ। ਇੱਥੇ ਇਹ ਗੱਲ ਸਾਰੇ ਧੀਆਂ ਪੁੱਤਰਾਂ 'ਤੇ ਵੀ ਲਾਗੂ ਨਹੀਂ ਕੀਤੀ ਜਾ ਸਕਦੀ। ਕੁਝ ਧੀ ਪੁੱਤਰ ਆਪਣੀ ਮਾਂ ਦਾ ਪੂਰਾ ਖਿਆਲ ਰੱਖਦੇ ਹਨ।

ਸਿੱਖ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਇੱਕ ਗੱਲ ਵੱਡੇ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਉਥੇ ਵੀ ਮਾਵਾਂ ਨੇ ਆਪਣੇ ਪੁੱਤਰਾਂ ਦਾ ਖ਼ਿਆਲ ਕਰਦਿਆਂ ਆਪਣੇ ਸ਼ਹੀਦ ਹੋ ਜਾਣ ਨੂੰ ਪਹਿਲ ਦਿੱਤੀ। ਉਹ ਵੀ ਸਾਡੇ ਸਮਾਜ ਦੀਆਂ ਮਾਵਾਂ ਹੀ ਸਨ, ਜਿਨ੍ਹਾਂ ਵੱਲੋਂ ਆਪਣੇ ਪੁੱਤਰਾਂ ਦੇ ਟੋਟੇ ਕਰਵਾ ਕੇ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਗਲਾਂ ਵਿਚ ਪਾ ਲਏ। ਕੁਝ ਮਾਵਾਂ ਨੂੰ ਬੇਹੱਦ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਕੁਝ ਦੇ ਪੁੱਤਰਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਕੁੱਝ ਦੇ ਪਰਿਵਾਰ ਦੇ ਮੈਂਬਰਾਂ ਨੂੰ ਸਮੇਂ ਦੇ ਹਾਕਮਾਂ ਵੱਲੋਂ ਘੋਰ ਤਸ਼ੱਦਦ ਕਰਦਿਆਂ ਮੌਤ ਦੇ ਹਵਾਲੇ ਕੀਤਾ। ਮਾਵਾਂ ਸਾਡੇ ਸਮਾਜ ਨੂੰ ਵੱਡੀ ਸੇਧ ਦਿੰਦਿਆ ਹਨ ਪਰ ਇਹ ਗੱਲ ਅਲੱਗ ਹੈ ਕਿ ਜੇਕਰ ਅਸੀਂ ਮਾਵਾਂ ਨੂੰ ਵਿਸਾਰਦੇ ਹਾਂ, ਤਾਂ ਉਥੇ ਗਲਤੀ ਸਾਡੀ ਹੁੰਦੀ ਹੈ। ਮਾਵਾਂ ਨੇ ਸਦਾ ਹੀ ਆਪਾ ਵਾਰ ਕੇ ਆਪਣੀ ਔਲਾਦ ਨੂੰ ਪਾਲਿਆ ਹੈ। ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਹੈ ਕਿ ਮਾਂ ਨੇ ਹਮੇਸ਼ਾ ਹੀ ਹਰ ਵਰਗ ਦੀ ਤਰੱਕੀ ਵਿਚ ਡਾਹਢਾ ਯੋਗਦਾਨ ਪਾਇਆ ਹੈ। ਖ਼ਾਸ ਕਰ ਸਿੱਖ ਇਤਿਹਾਸ 'ਤੇ ਝਾਤੀ ਮਾਰੀਏ, ਤਾਂ ਮਾਈ ਭਾਗੋ ਦੀਆ ਵਾਰਸਾਂ ਸਾਡੀਆਂ ਮਾਵਾਂ ਨੇ ਵੱਡੀਆਂ ਕੁਰਬਾਨੀਆਂ ਨਾਲ ਸਿੱਖੀ ਬੂਟੇ ਨੂੰ ਸਿੰਜ ਕੇ ਆਪਣੇ ਖ਼ੂਨ ਰੂਪੀ ਮਿੰਝ ਪਾ ਕੇ ਵੱਡਾ ਕੀਤਾ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮਾਵਾਂ ਦਾ ਯੋਗਦਾਨ ਸਾਡੇ ਸਮਾਜ ਅੰਦਰ ਵੱਡਾ ਹੈ। ਹਰ ਗੱਲ 'ਤੇ ਮਾਂ ਧੀ ਅਤੇ ਦੋਹਤੀ ਦੀਆਂ ਕਹਾਵਤਾਂ ਆਮ ਦਿੱਤੀਆਂ ਜਾਂਦੀਆਂ ਹਨ।

ਅੱਜ ਦੇ ਸਮੇਂ ਅੰਦਰ ਇਹ ਵੀ ਸੱਚ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਬਣ ਚੁੱਕੀ ਹੈ। ਔਰਤ ਵੱਲੋਂ ਔਰਤ ਦਾ ਹੀ ਵੱਡਾ ਨੁਕਸਾਨ ਕੀਤੇ ਜਾਣ ਦੀਆਂ ਘਟਨਾਵਾਂ ਅਕਸਰ ਸਾਡੇ ਸਾਹਮਣੇ ਆਉਂਦੀਆਂ ਹਨ ਕਿਉਂਕਿ ਬਹੁਤ ਜਗ੍ਹਾਵਾਂ ਉੱਪਰ ਅਸੀਂ ਵੇਖਿਆ ਹੈ ਕਿ ਔਰਤ ਨੇ ਹੀ ਔਰਤ ਦਾ ਨੁਕਸਾਨ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ। ਜੇਕਰ ਅਸੀਂ ਪਿਛਲੇ ਘਟਨਾਕ੍ਰਮ 'ਤੇ ਨਿਗ੍ਹਾ ਮਾਰੀਏ, ਤਾਂ ਔਰਤ ਨੇ ਵੱਡਾ ਨੁਕਸਾਨ ਔਰਤ ਦਾ ਕੀਤਾ ਹੈ। ਇਹ ਖਿੱਤਾ ਭਾਵੇਂ ਨੌਕਰੀਪੇਸ਼ਾ ਹੋਵੇ ਜਾਂ ਕੋਈ ਹੋਰ ਵੀ ਹੋਵੇ? ਜਿੱਥੇ ਔਰਤ ਨੇ ਆਪਣੀ ਹੀ ਔਰਤ ਜਾਤ ਨੂੰ ਨੀਵਾਂ ਦਿਖਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ। ਔਰਤ ਦਾ ਭਾਵੇਂ ਸਮਾਜ ਅੰਦਰ ਵੱਡਾ ਯੋਗਦਾਨ ਰਿਹਾ ਹੈ ਪਰ ਉਸਨੂੰ ਆਪਣੇ ਹੀ ਅੰਦਰੋਂ ਵੱਡੀ ਹੀਣ ਭਾਵਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਵੀ ਸੱਚ ਹੈ। ਕਈ ਜਗ੍ਹਾ ਲੜਕੀਆਂ ਨੂੰ ਸਹੁਰੇ ਘਰ ਵੱਲੋਂ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਕਈ ਜਗ੍ਹਾ ਸਹੁਰਿਆਂ ਵੱਲੋਂ ਲੜਕੀਆਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਵੀ ਸਾਹਮਣੇ ਆਇਆ ਹੈ। ਔਰਤ ਤਸ਼ੱਦਦ ਦਾ ਸ਼ਿਕਾਰ ਵੀ ਬਹੁਤ ਹੋਈ ਹੈ। ਹਰ ਜਗ੍ਹਾ ਦਰਿੰਦਿਆਂ ਵੱਲੋਂ ਔਰਤ ਨੂੰ ਨੋਚਿਆ ਜਾਂਦਾ ਹੈ। ਭਾਵੇਂ ਕੋਈ ਵੀ ਖੇਤਰ ਹੋਵੇ, ਉਸ ਦਾ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕੀਤੇ ਜਾਣਾ ਆਮ ਗੱਲ ਹੋ ਚੁੱਕੀ ਹੈ। ਕਾਲਜ ਦੇ ਵਿਚ ਨੌਜਵਾਨ ਮਨਚਲੇ ਲੜਕੀਆਂ ਦਾ ਸ਼ੋਸ਼ਣ ਕਰਦੇ ਹਨ, ਇਹੀ ਕੁਝ ਦਫ਼ਤਰਾਂ ਵਿਚ ਹੁੰਦਾ ਹੈ।

ਜਿੰਨਾ ਕੁਝ ਮਰਜ਼ੀ ਲਿਖੀ ਜਾਈਏ, ਸ਼ਾਇਦ ਸਾਰੇ ਸਫ਼ੇ ਘੱਟ ਜਾਣ ਜਿੰਨਾਂ ਕੁਝ ਮਰਜ਼ੀ ਲਿਖ ਲਈਏ। ਇਹ ਵੀ ਸੱਚ ਹੈ ਕਿ ਇੱਕ ਔਰਤ ਦਾ ਧੀ, ਨੂੰਹ ਅਤੇ ਸੱਸ ਦਾ ਸਫਰ ਜਿੱਥੇ ਸੁਹਾਵਣਾ ਹੁੰਦਾ ਹੈ, ਉਥੇ ਉਸਨੂੰ ਔਕੜ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸੋ ਆਓ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਔਰਤ ਨੂੰ ਸਤਿਕਾਰ ਦੇ ਕੇ ਉਸ ਦਾ ਸਤਿਕਾਰ ਬਣਨ ਦੀ ਕੋਸ਼ਿਸ਼ ਕਰੀਏ। ਇਹ ਸਾਡਾ ਸਾਰਿਆਂ ਦਾ ਫਰਜ਼ ਵੀ ਹੈ ਅਤੇ ਜ਼ਿੰਮੇਵਾਰੀ ਵੀ ਬਣਦੀ ਹੈ ਕਿਉਂਕਿ ਸਾਡੇ ਗੁਰੂ ਸਾਹਿਬਾਨ ਨੇ ਵੀ ਔਰਤ ਨੂੰ ਆਪਣੀ ਗੁਰਬਾਣੀ ਦੇ ਵਿਚ ਖਾਸ ਜਗ੍ਹਾ ਦਿੱਤੀ ਹੈ। ਕੁਝ ਵੀ ਹੋਵੇ, ਬਿਨਾਂ ਸ਼ੱਕ, ਅੱਜ ਹਰ ਖੇਤਰ ਦੇ ਵਿਚ ਔਰਤ ਵੱਲੋਂ ਮੁਕਾਬਲਾ ਕੀਤਾ ਜਾ ਰਿਹਾ ਹੈ। ਉੱਥੇ ਹੀ ਆਪਣੇ ਆਪਣੇ ਖੇਤਰ ਵਿਚ ਉਹ ਕਿਸੇ ਤੋਂ ਘੱਟ ਨਹੀਂ ਹਨ। ਗੱਲ ਭਾਵੇਂ ਖੇਡਾਂ ਦੀ ਹੋਵੇ ਜਾਂ ਹੋਰਨਾਂ ਖੇਤਰਾਂ ਦੀ। ਔਰਤ ਨੇ ਹਮੇਸ਼ਾ ਹੀ ਪੂਰੀਆਂ ਪਾਈਆਂ ਹਨ। ਇਸ ਲਈ ਸਾਡਾ ਸਾਰਿਆਂ ਦਾ ਸੱਚੇ-ਮਨੋਂ ਫਰਜ਼ ਬਣਦਾ ਹੈ ਕਿ ਅਸੀਂ ਔਰਤ ਪ੍ਰਤੀ ਜ਼ਿੰਮੇਵਾਰੀ ਨਿਭਾ ਕੇ ਆਪਦੇ ਫਰਜ਼ਾਂ ਦੀ ਪੂਰਤੀ ਕਰੀਏ ।

# ਕੁਝ ਗੱਲਾਂ ਨੂੰ ਨਜ਼ਰਅੰਦਾਜ਼ ਕਰਕੇ ਬਣਾਓ ਜ਼ਿੰਦਗੀ ਨੂੰ ਖੂਬਸੂਰਤ

ਪਰਮਜੀਤ ਕੌਰ ਸੋਢੀ
ਭਗਤਾ ਭਾਈ ਕਾ
94786-58384
(Punjab Mail USA)



ਜ਼ਿੰਦਗੀ ਖੂਬਸੂਰਤ ਹੈ। ਹਰ ਇਨਸਾਨ ਨੂੰ ਜ਼ਿੰਦਗੀ ਵਿਚ ਸੰਘਰਸ਼ ਕਰਨਾ ਪੈਂਦਾ ਹੈ। ਮੁਕਾਮ ਨੂੰ ਹਾਸਲ ਕਰਨ ਲਈ ਮਿਹਨਤ ਕਰਨੀ ਪੈਂਦੀ ਹੈ। ਕਈ ਵਾਰ ਜ਼ਿੰਦਗੀ ਵਿਚ ਉਤਾਰ-ਚੜ੍ਹਾਅ ਇੰਨੇ ਆਉਂਦੇ ਹਨ ਕਿ ਇਨਸਾਨ ਜ਼ਿੰਦਗੀ ਨੂੰ ਬੋਝ ਸਮਝਣ ਲੱਗ ਜਾਂਦਾ ਹੈ। ਫਿਰ ਅਜਿਹਾ ਇਨਸਾਨ ਜ਼ਿੰਦਗੀ ਨੂੰ ਕੱਟਦਾ ਹੈ। ਰੋ ਕੇ ਜ਼ਿੰਦਗੀ ਨੂੰ ਗੁਜ਼ਾਰਦਾ ਹੈ। ਜ਼ਿੰਦਗੀ ਜਿਊਣ ਦਾ ਮਕਸਦ ਭੁੱਲ ਜਾਂਦਾ ਹੈ। ਖ਼ੂਬਸੂਰਤ ਜ਼ਿੰਦਗੀ ਬਣਾਉਣੀ ਆਪਣੇ ਹੱਥ ਵਿਚ ਹੁੰਦੀ ਹੈ। ਹਰ ਇਨਸਾਨ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੈ। ਸਬਰ, ਸੰਤੋਖ, ਸਹਿਣਸ਼ੀਲ ਹੋ ਕੇ ਹੀ ਜ਼ਿੰਦਗੀ ਨੂੰ ਬਸਰ ਕੀਤਾ ਜਾ ਸਕਦਾ ਹੈ। ਦੇਖੋ ਘਰਾਂ ਵਿਚ ਤਕਰਾਰ ਸਭ ਦੇ ਹੁੰਦੇ ਹਨ। ਘਰ ਵਿਚ ਵੱਡੇ ਬਜ਼ੁਰਗ ਕਈ ਵਾਰ ਆਪਣੀ ਔਲਾਦ ਨੂੰ ਟੋਕ ਵੀ ਦਿੰਦੇ ਹਨ। ਪਰ ਜੋ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਹੈ, ਉਸ ਵਿਚ ਸਬਰ, ਸੰਤੋਖ ਬਿਲਕੁਲ ਵੀ ਨਹੀਂ ਹੈ। ਬਰਦਾਸ਼ਤ ਕਰਨ ਦੀ ਸ਼ਕਤੀ ਖ਼ਤਮ ਹੈ। ਬਜ਼ੁਰਗਾਂ ਦੀਆਂ ਗੱਲਾਂ ਨੂੰ ਬਰਦਾਸ਼ਤ ਨਹੀਂ ਕਰਦੇ, ਉਨ੍ਹਾਂ ਦੇ ਸਾਹਮਣੇ ਬੋਲਦੇ ਹਨ। ਜਿਸ ਕਰਕੇ ਘਰ ਵਿਚ ਕਈ ਵਾਰ ਤਕਰਾਰ ਤੱਕ ਪੈਦਾ ਹੋ ਜਾਂਦੇ ਹਨ। ਇਥੋਂ ਤੱਕ ਕਿ ਕਈ ਵਾਰ ਅਜਿਹਾ ਕਦਮ ਚੁੱਕ ਲਿਆ ਜਾਂਦਾ ਹੈ, ਜੋ



ਪਿੱਛੇ ਸਾਰੀ ਉਮਰ ਲਈ ਮਾਂ-ਬਾਪ ਲਈ ਅਸਹਿਣ ਹੋ ਜਾਂਦਾ ਹੈ। ਸਬਰ, ਸੰਤੋਖ ਰੱਖ ਕੇ ਹੀ ਜ਼ਿੰਦਗੀ ਬਸਰ ਕੀਤੀ ਜਾਂਦੀ ਹੈ। ਜਿਸ ਇਨਸਾਨ ਵਿਚ ਸਬਰ-ਸੰਤੋਖ ਹੈ, ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਉਹ ਇਨਸਾਨ ਜੱਗ ਜਿੱਤ ਲੈਂਦਾ ਹੈ। ਪਰਿਵਾਰਾਂ ਵਿਚ ਰਹਿੰਦੇ ਹੋਏ ਇੱਕ ਦੂਜੇ ਦੀ ਗੱਲ ਨੂੰ ਬਰਦਾਸ਼ਤ ਕਰਨਾ ਆਉਣਾ ਚਾਹੀਦਾ ਹੈ। ਦੇਖਿਆ ਜਾਂਦਾ ਹੈ ਕਿ ਵੱਡੇ ਮੈਂਬਰ ਛੋਟਿਆਂ ਨੂੰ ਟੋਕਾ-ਟੋਕੀ ਕਰਦੇ ਰਹਿੰਦੇ ਹਨ ਕਿ ਤੂੰ ਇੱਥੇ ਨਹੀਂ ਜਾਣਾ ਜਾਂ ਇਹ ਚੀਜ਼ ਨਹੀਂ ਖਾਣੀ। ਉਹ ਚੰਗੇ ਜਾਂ ਮਾੜੇ ਲਈ ਹੀ ਟੋਕਦੇ ਹਨ। ਪਰ ਕਈ ਵਾਰ ਪਰਿਵਾਰ ਦਾ ਇੱਕ ਅਜਿਹਾ ਮੈਂਬਰ ਹੁੰਦਾ ਹੈ, ਜਿਸ ਨੂੰ ਬਿਨਾਂ ਮਤਲਬ ਤੋਂ ਬੋਲਣ ਦੀ ਆਦਤ ਹੁੰਦੀ ਹੈ, ਟੋਕਾ-ਟਾਕੀ ਕਰਨ ਦੀ ਆਦਤ ਹੁੰਦੀ ਹੈ। ਅਜਿਹਾ ਮੈਂਬਰ ਹਰ ਪਰਿਵਾਰ ਵਿਚ ਹੁੰਦਾ ਹੈ। ਕਈ ਵਾਰ ਤਾਂ ਮਾਰ-ਕੁਟਾਈ ਤੱਕ ਦੀ ਨੌਬਤ ਆ ਜਾਂਦੀ ਹੈ। ਜੋ ਅੱਜਕੱਲ੍ਹ ਦੀ ਪੀੜ੍ਹੀ ਹੈ, ਉਸ ਵਿਚ ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਹੈ। ਅੱਜਕੱਲ੍ਹ ਦੇ ਬੱਚੇ ਤਾਂ ਆਪਣੇ ਮਾਂ-ਬਾਪ ਦੀਆਂ ਗੱਲਾਂ ਨਹੀਂ ਸੁਣਦੇ, ਫਿਰ ਆਪਣੇ ਦਾਦੇ-ਦਾਦੀ ਜਾਂ ਵੱਡੇ ਹੋਰ ਬਜ਼ੁਰਗਾਂ ਦੀ ਗੱਲਾਂ ਕਿਵੇਂ ਬਰਦਾਸ਼ਤ ਕਰ ਲੈਣਗੇ। ਪਰਿਵਾਰਾਂ ਵਿਚ ਕਈ ਵਾਰ ਵੱਡੀਆਂ ਔਰਤਾਂ ਨੂੰ ਸੁਣਾਉਣ ਦੀ ਆਦਤ ਹੁੰਦੀ ਹੈ। ਜੋ ਨੂੰਹਾਂ ਪਿੱਛੋਂ ਚੰਗੇ ਘਰਾਂ ਦੀਆਂ ਹੁੰਦੀਆਂ ਹਨ, ਉਹ ਅਜਿਹੀਆਂ ਔਰਤਾਂ ਨੂੰ ਬਹੁਤ ਬਰਦਾਸ਼ਤ ਕਰਦੀਆਂ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜੇ ਮੈਂ ਆਪਣੇ ਘਰ ਦੱਸਾਂਗੀ, ਤਾਂ ਪਿੱਛੇ ਮੇਰੇ ਮਾਂ-ਪਿਓ ਵੀ ਦੁਖੀ ਹੋਣਗੇ। ਠੀਕ ਇਸੇ ਤਰ੍ਹਾਂ ਦਫ਼ਤਰਾਂ ਵਿਚ ਕਈ ਬੰਦਿਆਂ ਨੂੰ ਬਿਨਾਂ ਮਤਲਬ ਤੋਂ ਬੋਲਣ ਦੀ ਆਦਤ ਹੁੰਦੀ ਹੈ। ਉਨ੍ਹਾਂ ਦੇ ਨੀਚੇ ਜੋ ਬੰਦੇ ਕੰਮ ਕਰਦੇ ਹਨ, ਉਹ ਉਨ੍ਹਾਂ ਨੂੰ ਬਰਦਾਸ਼ਤ ਕਰਦੇ ਹਨ। ਜੇ ਕੋਈ ਬਰਾਬਰੀ ਕਰਦਾ ਹੈ, ਤਾਂ ਫਿਰ ਲੜਾਈ-ਝਗੜੇ ਨੂੰ ਜਿੰਨਾ ਮਰਜ਼ੀ ਵਧਾ ਲਓ। ਕਈ ਬੰਦੇ ਫਿਰ ਸ਼ਰਮ ਨਾਲ ਆਪਣੇ ਆਪ ਹੀ ਚੁੱਪ ਕਰ ਜਾਂਦਾ ਹੈ। ਉਹ ਸੋਚਦੇ ਹਨ ਕਿ ਸਾਹਮਣੇ ਵਾਲਾ ਬੰਦਾ ਕੁਝ ਵੀ ਨਹੀਂ ਬੋਲ ਰਿਹਾ, ਮੈਂ ਬਿਨਾਂ ਮਤਲਬ ਬੋਲ ਰਿਹਾ ਹਾਂ। ਸਮਾਜ ਵਿਚ ਰਹਿੰਦੇ ਹੋਏ ਸਾਨੂੰ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਣਾ ਆਪਣੇ ਹੱਥ ਵਿਚ ਹੁੰਦਾ ਹੈ। ਠੀਕ ਇਸੇ ਤਰ੍ਹਾਂ ਪਰਿਵਾਰ ਵਿਚ ਰਹਿੰਦੇ ਹੋਏ ਕੁੱਝ ਗੱਲਾਂ ਨੂੰ ਨਜ਼ਰਅੰਦਾਜ਼ ਕਰਨਾ ਪੈਂਦਾ ਹੈ। ਠੀਕ ਇਸੇ ਤਰ੍ਹਾਂ ਸਹਿਣਸ਼ੀਲਤਾ ਨਾਲ ਜ਼ਿੰਦਗੀ ਬਸਰ ਕੀਤੀ ਜਾ ਸਕਦੀ ਹੈ। ਜ਼ਿੰਦਗੀ ਨੂੰ ਆਸਾਨ ਬਣਾਉਣ ਲਈ ਮਿਹਨਤ ਕਰਨੀ ਪੈਂਦੀ ਹੈ। ਖੁਸ਼ ਰਹਿ ਕੇ ਜ਼ਿੰਦਗੀ ਨੂੰ ਬਸਰ ਕੀਤਾ ਜਾ ਸਕਦਾ ਹੈ। ਮੁਸੀਬਤ ਆਉਣ ਤੇ ਜ਼ਿੰਦਗੀ ਨੂੰ ਕੱਟੋ ਨਾ। ਵਿਚਾਰ ਕਰੋ ਕਿ ਮੁਸੀਬਤ ਵਿਚੋਂ ਕਿਸ ਤਰ੍ਹਾਂ ਨਿਕਲੀਏ। ਇਹੀ ਖ਼ੂਬਸੂਰਤ ਜ਼ਿੰਦਗੀ ਦਾ ਨਿਚੋੜ ਹੈ।

# ਅਮੀਰਾਂ ਨੂੰ ਦੇਖ ਗ਼ਰੀਬ ਵਧਾ ਰਹੇ ਹਨ ਆਪਣੇ ਘਰੇਲੂ ਖਰਚੇ


ਦਿਨੇਸ਼ ਦਮਾਥੀਆ
94177-14390
(Punjab Mail USA)



ਪੂਰੀ ਦੁਨੀਆਂ ਵਿਚ ਅਮੀਰ ਅਤੇ ਗ਼ਰੀਬ ਦੋ ਵਰਗਾਂ ਦੇ ਲੋਕ ਮਿਲਦੇ ਹਨ। ਹਰ ਗ਼ਰੀਬ ਆਪਣੇ ਆਪ ਨੂੰ ਅਮੀਰਾਂ ਦੇ ਬਰਾਬਰ ਦੇਖਣਾ ਚਾਹੁੰਦਾ ਹੈ। ਗ਼ਰੀਬ ਲੋਕਾਂ ਨੇ ਅਮੀਰ ਲੋਕਾਂ ਦੀ ਨਕਲ ਕਰਕੇ ਆਪਣੇ ਘਰੇਲੂ ਖਰਚੇ ਵਧਾਅ ਲਏ ਹਨ। ਅਕਸਰ ਦੇਖਿਆ ਗਿਆ ਹੈ ਕਿ ਗ਼ਰੀਬਾਂ ਦੀ ਆਰਥਿਕ ਹਾਲਤ ਅਮੀਰ ਲੋਕਾਂ ਤੋਂ ਵੱਖ ਹੁੰਦੀ ਹੈ। ਇੱਕ ਗ਼ਰੀਬ ਦੀ ਪਹੁੰਚ ਵਿਚ ਉਹ ਸਭ ਕੁਝ ਨਹੀਂ ਹੁੰਦਾ, ਜੋ ਇੱਕ ਅਮੀਰ ਦੀ ਪਹੁੰਚ ਵਿਚ ਹੁੰਦਾ ਹੈ। ਅਮੀਰੀ ਅਤੇ ਗ਼ਰੀਬੀ ਦੇ ਕਰਕੇ ਹੀ ਇਨਸਾਨ ਚੰਗਿਆਈ ਜਾਂ ਬੁਰਾਈ ਦੇ ਰਾਹ 'ਤੇ ਤੁਰਦਾ ਹੈ। ਕੋਈ ਛੋਟਾ ਕੰਮ ਧੰਦਾ ਕਰਨ ਵਾਲਾ ਇਨਸਾਨ ਗ਼ਰੀਬ ਅਤੇ ਵੱਡਾ ਕਾਰੋਬਾਰ ਕਰਨ ਵਾਲਾ ਇਨਸਾਨ ਅਮੀਰ ਕਹਾਉਂਦਾ ਹੈ। ਇਸੇ ਦੇ ਚੱਲਦੇ ਅਕਸਰ ਅਮੀਰ ਲੋਕ ਗ਼ਰੀਬ ਲੋਕਾਂ ਦਾ ਸ਼ੋਸ਼ਣ ਕਰਦੇ ਦਿਖਾਈ ਦਿੰਦੇ ਹਨ। ਨੌਜਵਾਨਾਂ ਵਿਚ ਅਮੀਰ ਲੋਕਾਂ ਦੀ ਨਕਲ ਕਰਨ ਦਾ ਜ਼ਿਆਦਾ ਚਲਣ ਹੋ ਗਿਆ ਹੈ। ਗ਼ਰੀਬ ਲੋਕ ਅਮੀਰਾਂ ਨੂੰ ਦੇਖ ਕੇ ਜ਼ਿਆਦਾ ਵਧੀਆ ਅਤੇ ਬੇਸ਼ੁਮਾਰ ਮਹਿੰਗੇ ਕਪੜੇ ਅਤੇ ਹੋਰ ਸਮਾਨ ਖਰੀਦਦੇ ਹਨ ਅਤੇ ਆਪਣੀ ਆਰਥਿਕ ਸਥਿਤੀ ਨੂੰ ਕਮਜ਼ੋਰ ਕਰ ਲੈਂਦੇ ਹਨ। ਇੱਕ ਪੁਰਾਣੀ ਕਹਾਵਤ ਹੈ ਕਿ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰਨੇ ਚਾਹੀਦੇ ਹਨ। ਗ਼ਰੀਬ ਪਰਿਵਾਰ ਦੇ ਨੌਜਵਾਨ ਮੁੰਡੇ-ਕੁੜੀਆਂ ਦਾ ਪੈਸੇ ਨੂੰ ਲੈ ਕੇ ਆਪਣੇ ਮਾਪਿਆਂ ਉੱਤੇ ਬੋਝ ਪਾਇਆ ਜਾ ਰਿਹਾ ਹੈ। ਅਮੀਰਾਂ ਨੂੰ ਦੇਖ ਕੇ ਗ਼ਰੀਬ ਵੀ ਘਰੇਲੂ ਸਮਾਗਮਾਂ 'ਚ ਖੁੱਲੇ ਖਰਚੇ ਕਰ ਰਹੇ ਹਨ। ਗ਼ਰੀਬ ਲੋਕ ਅਮੀਰਾਂ ਨੂੰ ਦੇਖ ਕੇ ਹੀ ਆਪਣੇ ਬੱਚਿਆਂ ਨੂੰ ਵੱਡੇ ਅਤੇ ਮਹਿੰਗੇ ਸਕੂਲਾਂ, ਕਾਲਜਾਂ ਵਿਚ ਸਿੱਖਿਆ ਦੇਣ ਲਈ ਜੱਦੋ-ਜਹਿਦ ਕਰ ਰਹੇ ਹਨ। ਕੁਝ ਵਿਦੇਸ਼ਾਂ ਤੋਂ ਪਰਤੇ




ਲੋਕਾਂ ਦੀ ਨਕਲ ਕਰਕੇ ਗ਼ਰੀਬ ਲੋਕ ਆਪਣੇ ਖਰਚੇ ਹੱਦ ਤੋਂ ਜ਼ਿਆਦਾ ਕਰ ਰਹੇ ਹਨ। ਸ਼ਰੀਕੇ ਵਿਚ ਅਮੀਰ ਲੋਕਾਂ ਦੀ ਨਕਲ ਕਰਕੇ ਜ਼ਿਆਦਾ ਅਮੀਰ ਹੋਣ ਦਾ ਘਮੰਡ ਕੀਤਾ ਜਾ ਰਿਹਾ ਹੈ। ਗ਼ਰੀਬ ਲੋਕ ਮਹਿੰਗੀਆਂ ਵਸਤੂਆਂ ਹੀ ਨਹੀਂ, ਸਗੋਂ ਮਹਿੰਗੇ ਨਸ਼ੇ ਵੀ ਕਰਨ ਲੱਗੇ ਹਨ, ਜਿਸ ਨਾਲ ਉਨ੍ਹਾਂ ਦੇ ਖਰਚੇ ਬਹੁਤ ਵੱਧ ਗਏ ਹਨ। ਕੁਝ ਗ਼ਰੀਬ ਲੋਕ ਵੱਡੇ ਕਰਜ਼ੇ ਲੈ ਕੇ ਅਮੀਰ ਲੋਕਾਂ ਦੇ ਨਾਲ ਮੁਕਾਬਲਾ ਕਰਦੇ ਹਨ। ਕੁਝ ਗ਼ਰੀਬ ਲੋਕ ਤਾਂ ਦੂਜਿਆਂ ਕੋਲੋਂ ਪੈਸੈ ਉਧਾਰੇ ਲੈ ਕੇ ਵੀ ਆਪਣੇ ਝੂਠੇ ਸ਼ੌਂਕ ਪੂਰੇ ਕਰਦੇ ਹਨ। ਉਧਾਰ ਲਿਆ ਪੈਸਾ ਵਾਪਸ ਨਾ ਕਰਨ ਦੀ ਹਾਲਤ ਵਿਚ ਲੜਾਈ-ਝਗੜੇ ਜਾਂ ਖੁਦਕੁਸ਼ੀਆਂ ਤੱਕ ਵੀ ਹੁੰਦੀਆਂ ਹਨ। ਅਜਿਹੀ ਸਥਿਤੀ ਵਿਚ ਕਈ ਵਾਰ ਪੂਰੇ ਪਰਿਵਾਰ ਤਬਾਹ ਹੋ ਜਾਂਦੇ ਹਨ। ਉਧਾਰ ਲੈਣ ਵਾਲੇ ਲੋਕਾਂ ਦੇ ਮਰ-ਮੁੱਕ ਜਾਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਦੇ ਹੋਰ ਜੀਆਂ ਨੂੰ ਵੀ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਲਈ ਇਹ ਹਾਲਤ ਪੈਦਾ ਨਾ ਹੋਵੇ ਕਿ ਗ਼ਰੀਬ ਲੋਕਾਂ ਨੂੰ ਅਮੀਰਾਂ ਦੀ ਨਕਲ ਕਰਕੇ ਖਰਚੇ ਕਰਨੇ ਬੰਦ ਕਰਨ ਦੀ ਲੋੜ ਹੈ। ਆਪਣੀ ਹੈਸੀਅਤ ਮੁਤਾਬਕ ਖਰਚਾ ਕੀਤਾ ਜਾਣਾ ਜ਼ਰੂਰੀ ਹੈ। ਉਹੀ ਚੀਜ਼ ਖਰੀਦੀ ਜਾਵੇ, ਜਿਸ ਦਾ ਸਾਡੀ ਰੋਜ਼ਾਨਾ ਵਰਤੋਂ ਵਿਚ ਇਸਤੇਮਾਲ ਹੁੰਦਾ ਹੈ। ਮਹਿੰਗੇ ਕੱਪੜੇ, ਮੋਬਾਇਲ, ਕਾਰਾਂ, ਕੋਠੀਆਂ ਆਦਿ ਦੀ ਜ਼ਰੂਰਤ ਅਨੁਸਾਰ ਹੀ ਖਰੀਦਦਾਰੀ ਕੀਤੀ ਜਾਣੀ ਚਾਹੀਦੀ ਹੈ। ਹਮੇਸ਼ਾਂ ਆਪਣੇ ਤੋਂ ਉੱਚੇ ਨਹੀਂ, ਸਗੋਂ ਆਪਣੇ ਤੋਂ ਨੀਵੇਂ ਲੋਕਾਂ ਵੱਲ ਦੇਖ ਕੇ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਵਿਦੇਸ਼ਾਂ ਵਿਚ ਵਸਦੇ ਲੋਕਾਂ ਨੇ ਵੀ ਇੱਥੋਂ ਦੇ ਗ਼ਰੀਬ ਨੌਜਵਾਨਾਂ ਨੂੰ ਪੈਸੇ ਨਾਲ ਭਰਮਾਇਆ ਹੋਇਆ ਹੈ। ਸਿਆਣੇ ਕਹਿੰਦੇ ਹਨ ਕਿ ਪੈਸਾ ਤਾਂ ਹੱਥਾਂ ਦੀ ਮੈਲ ਹੁੰਦੀ ਹੈ ਅਤੇ ਇਹ ਕਦੇ ਵੀ ਕਿਸੇ ਕੋਲ ਟਿੱਕ ਕੇ ਨਹੀਂ ਰਹਿੰਦਾ। ਪੈਸਾ ਕਮਾਉਣ ਲਈ ਤਾਂ ਬਹੁਤ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਅਮੀਰ ਮੁੰਡੇ-ਕੁੜੀਆਂ ਤਾਂ ਅਕਸਰ ਆਪਣੇ ਮਾਪਿਆਂ ਦੇ ਕਮਾਏ ਪੈਸੇ ਉੱਤੇ ਐਸ਼ ਕਰਦੇ ਹਨ। ਅਮੀਰ ਲੋਕਾਂ ਦੇ ਦਿਲ ਬਹੁਤ ਛੋਟੇ ਹੁੰਦੇ ਹਨ ਪਰ ਗ਼ਰੀਬ ਲੋਕਾਂ ਦੇ ਦਿਲ ਵੱਡੇ ਹੁੰਦੇ ਹਨ, ਇਸ ਲਈ ਅਮੀਰ ਨਹੀਂ, ਸਗੋਂ ਗ਼ਰੀਬ ਬਣ ਕੇ ਆਪਣੀ ਜ਼ਿੰਦਗੀ ਨੂੰ ਜੀਣਾ ਚਾਹੀਦਾ ਹੈ। ਆਪਣੇ ਪੈਸੇ ਨਾਲ ਕਿਸੇ ਗ਼ਰੀਬ ਅਤੇ ਜ਼ਰੂਰਤਮੰਦ ਦੀ ਮਦਦ ਕਰਨ ਨਾਲ ਕੋਈ ਗ਼ਰੀਬ ਇਨਸਾਨ ਤੁਹਾਨੂੰ ਦੁਆਵਾਂ ਦਿੰਦਾ ਹੈ ਅਤੇ ਤੁਸੀਂ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਕਰਦੇ ਹੋ। ਸਭ ਤੋਂ ਵੱਧ ਜ਼ਰੂਰੀ ਹੈ ਕਿ ਪੜ੍ਹਾਈ-ਲਿਖਾਈ ਨਾਲ ਹਰ ਇਨਸਾਨ ਉੱਚਾ ਉੱਠ ਸਕਦਾ ਹੈ। ਅਮੀਰ ਹੋਣਾ ਇੱਕ ਸੁਪਨੇ ਵਾਂਗ ਹੁੰਦਾ ਹੈ ਅਤੇ ਪੈਸਾ ਖਤਮ ਹੁੰਦੇ ਸਾਰ ਹੀ ਸੁਪਨਾ ਟੁੱਟ ਜਾਂਦਾ ਹੈ। ਸਾਨੂੰ ਦਿਖਾਵੇ ਦੀ ਜ਼ਿੰਦਗੀ ਜੀਣ ਦਾ ਕੋਈ ਵੀ ਲਾਭ ਨਹੀਂ ਹੁੰਦਾ। ਹੱਥੀ ਕਿਰਤ ਕਰਨ ਵਾਲੇ ਹਮੇਸ਼ਾਂ ਆਪਣੇ ਪਰਿਵਾਰ ਨੂੰ ਸੱਚੀਆਂ ਖੁਸ਼ੀਆਂ ਦੇ ਸਕਦੇ ਹੋ। ਜ਼ਿੰਦਗੀ ਵਿਚ ਪਰਿਵਾਰ ਦੀ ਸੁੱਖ-ਸ਼ਾਂਤੀ ਦੀ ਲੋੜ ਹੁੰਦੀ ਹੈ, ਨਾ ਕਿ ਜ਼ਿਆਦਾ ਪੈਸੇ ਦੀ। ਪਰਿਵਾਰ ਨੂੰ ਸਮਾਂ ਦੇਣਾ ਕਿਸੇ ਇਨਸਾਨ ਦੀ ਸਭ ਤੋਂ ਵੱਡੀ ਅਮੀਰੀ ਹੈ। ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਨੇਕੀ ਅਤੇ ਇਮਾਨਦਾਰੀ ਦੀ ਕਮਾਈ ਕਰਨ ਲਈ ਪ੍ਰੇਰਿਤ ਕਰਨ ਦੀ ਲੋੜ ਹੈ। ਅਮੀਰ ਵੀ ਕਦੇ ਗ਼ਰੀਬ ਸੀ, ਇਹ ਸੋਚ ਕੇ ਉਨ੍ਹਾਂ ਦੀ ਨਕਲ ਨਾ ਕਰੋ ਅਤੇ ਆਪਣੇ ਘਰੇਲੂ ਖਰਚਿਆਂ ਨੂੰ ਕਾਬੂ ਵਿਚ ਰੱਖ ਕੇ ਹੀ ਪੈਸਾ ਖਰਚ ਕਰੋ।

# ਹਿੰਸਾ ਛੂਤ-ਛਾਤ ਵਾਂਗ ਫੈਲਦੀ ਹੈ


-ਡਾ. ਸਤਿਆਵਾਨ 'ਸੌਰਭ'
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀ.ਵੀ. ਪੈਨਲਿਸਟ, ਹਰਿਆਣਾ
94665-26148, 01255281381
(Punjab Mail USA)



ਸਮਝਦਾਰ ਲੜਾਈ ਤੋਂ ਪਹਿਲਾਂ ਜਿੱਤ ਜਾਂਦੇ ਹਨ, ਜਦਕਿ ਅਗਿਆਨੀ ਜਿੱਤਣ ਲਈ ਲੜਦੇ ਹਨ। ਟਕਰਾਅ ਪ੍ਰਤੀ ਬੁੱਧੀਮਾਨ ਪਹੁੰਚ ਵਿਚ ਲੜਾਈ ਜਾਂ ਹਿੰਸਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਯੋਜਨਾਬੰਦੀ ਅਤੇ ਰਣਨੀਤੀ ਬਣਾਉਣਾ ਸ਼ਾਮਲ ਹੈ, ਜਦੋਂਕਿ ਅਣਜਾਣ ਪਹੁੰਚ ਸਿਰਫ਼ ਨਤੀਜਿਆਂ ਜਾਂ ਸੰਭਾਵੀ ਨਤੀਜਿਆਂ ਨੂੰ ਵਿਚਾਰੇ ਬਿਨਾਂ ਲੜਾਈ ਲੜਨਾ ਜਾਂ ਹਿੰਸਾ ਕਰਨਾ ਹੈ। ਭਾਵ, ਬੌਧਿਕ ਵਿਚਾਰ ਕਿ ਸਥਿਤੀ ਦਾ ਧਿਆਨ ਨਾਲ ਮੁਲਾਂਕਣ ਕਰਕੇ ਅਤੇ ਸੂਝਵਾਨ ਫੈਸਲੇ ਲੈ ਕੇ, ਕੋਈ ਸਰੀਰਕ ਲੜਾਈ ਜਾਂ ਹਿੰਸਾ ਦਾ ਸਹਾਰਾ ਲਏ ਬਿਨਾਂ ਜਿੱਤ ਪ੍ਰਾਪਤ ਕਰ ਸਕਦਾ ਹੈ। ਇਹ ਹਵਾਲਾ ਸਲਾਹ ਦਿੰਦਾ ਹੈ ਕਿ ਅਜਿਹੀ ਸਥਿਤੀ ਦਾ ਅੰਦਾਜ਼ਾ ਲਗਾਉਣਾ ਅਕਲਮੰਦੀ ਦੀ ਗੱਲ ਹੈ, ਜੋ ਹਿੰਸਾ ਵਿਚ ਬਦਲ ਸਕਦੀ ਹੈ ਅਤੇ ਫਿਰ ਇਸ ਤੋਂ ਬਚਣ ਲਈ ਆਪਣੇ ਸਰੋਤਾਂ ਦੀ ਵਰਤੋਂ ਕਰ ਸਕਦੀ ਹੈ।

ਕੀ ਹੁੰਦਾ ਹੈ ਜਦੋਂ ਹਿੰਸਾ ਤੋਂ ਬਚਿਆ ਨਹੀਂ ਜਾ ਸਕਦਾ? ਕੂਟਨੀਤੀ ਦੀਆਂ ਕੋਸ਼ਿਸ਼ਾਂ ਅਸਫਲ ਹੋਣ 'ਤੇ ਵੀ, ਦੂਜੇ ਪਾਸੇ ਤੇਜ਼ੀ ਨਾਲ ਹਾਵੀ ਹੋਣ ਲਈ ਦੁਸ਼ਮਣ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦਾ ਮੁਲਾਂਕਣ ਕਰਕੇ ਹਿੰਸਾ ਤੋਂ ਬਚਿਆ ਜਾ ਸਕਦਾ ਹੈ। ਧੋਖੇ ਅਤੇ ਝੂਠ ਦੀ ਵਰਤੋਂ ਦੁਸ਼ਮਣ ਜਾਂ ਵਿਰੋਧੀ ਨੂੰ ਭਰਮਾਉਣ ਅਤੇ ਉਨ੍ਹਾਂ ਦੇ ਸਰੋਤਾਂ ਨੂੰ ਬਰਬਾਦ ਕਰਨ ਲਈ ਵੀ ਕੀਤੀ ਜਾਂਦੀ ਹੈ। ਹਿੰਸਾ ਨੂੰ ਕਾਨੂੰਨ ਅਤੇ ਵਿਵਸਥਾ ਦੇ ਮੁੱਦੇ ਵਜੋਂ ਵਰਤਣ ਦੀ ਬਜਾਏ, ਇਸ ਨੂੰ ਜਨਤਕ ਸਿਹਤ ਚੁਣੌਤੀ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਹਿੰਸਕ ਵਿਵਹਾਰ ਇੱਕ ਮਹਾਂਮਾਰੀ ਹੈ, ਜੋ ਛੂਤ-ਛਾਤ ਦੀਆਂ ਬਿਮਾਰੀਆਂ ਵਾਂਗ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿਚ ਫੈਲਦੀ ਹੈ। ਜੋ ਲੋਕ ਹਿੰਸਾ ਦਾ ਸ਼ਿਕਾਰ ਹੁੰਦੇ ਹਨ, ਉਹ ਹਿੰਸਾ ਕਰਨ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ। "ਹਿੰਸਾ ਨੂੰ ਉਸੇ ਤਰ੍ਹਾਂ ਰੋਕਿਆ ਜਾ ਸਕਦਾ ਹੈ, ਜਿਵੇਂ ਗਰਭ ਅਵਸਥਾ ਦੀਆਂ ਚੁਣੌਤੀਆਂ, ਕੰਮ ਨਾਲ ਸਬੰਧਤ ਸੱਟਾਂ ਜਾਂ ਛੂਤ ਦੀਆਂ ਬਿਮਾਰੀਆਂ




ਨੂੰ ਰੋਕਿਆ ਜਾ ਸਕਦਾ ਹੈ।" ਸਮੱਸਿਆ ਇਹ ਹੈ ਕਿ ਹਿੰਸਾ ਦੁਨੀਆਂ ਭਰ ਵਿਚ ਇੱਕ ਸਖ਼ਤ-ਲਾਈਨ ਪਹੁੰਚ ਦੁਆਰਾ ਹਾਵੀ ਹੈ। ਇਸੇ ਲਈ ਜਿਵੇਂ ਹੀ ਹਿੰਸਕ ਘਟਨਾਵਾਂ ਨੂੰ ਲੈ ਕੇ ਹੰਗਾਮਾ ਹੁੰਦਾ ਹੈ, ਚਾਹੇ ਉਹ ਨੇਤਾ ਹੋਵੇ ਜਾਂ ਜਨਤਾ, ਉਹ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਨ ਲੱਗ ਪੈਂਦੇ ਹਨ।

ਮਨੁੱਖ ਅਕਸਰ ਜ਼ੋਖਮ ਭਰਿਆ ਵਿਵਹਾਰ ਕਰਦਾ ਹੈ, ਖ਼ਤਰਿਆਂ ਨਾਲ ਖੇਡਦਾ ਹੈ। ਜਿਵੇਂ ਨੁਕਸਾਨ ਜਾਣਨ ਦੇ ਬਾਵਜੂਦ ਸਿਗਰਟ ਪੀਣਾ ਜਾਂ ਪੇਟ ਭਰਨ ਦੇ ਬਾਵਜੂਦ ਜ਼ਿਆਦਾ ਖਾਣਾ। ਬਿਨਾਂ ਸਾਵਧਾਨੀ ਦੇ ਸੈਕਸ ਕਰਨਾ ਡਾਕਟਰ ਹਮੇਸ਼ਾ ਕਹਿੰਦੇ ਹਨ ਕਿ ਇਲਾਜ ਨਾਲੋਂ ਰੋਕਥਾਮ ਬਿਹਤਰ ਹੈ। ਭਾਵ, ਕਿਸੇ ਬਿਮਾਰੀ ਨੂੰ ਹੋਣ ਤੋਂ ਰੋਕਿਆ ਜਾਣਾ ਚਾਹੀਦਾ ਹੈ। ਪਰ ਜਦੋਂ ਹਿੰਸਕ ਵਿਵਹਾਰ ਦੀ ਗੱਲ ਆਉਂਦੀ ਹੈ, ਤਾਂ ਲੋਕ ਕਹਿੰਦੇ ਹਨ ਕਿ ਇਸ ਨਾਲ ਨਜਿੱਠਣ ਦਾ ਇੱਕ ਹੀ ਤਰੀਕਾ ਹੈ, ਕਾਨੂੰਨ ਨੂੰ ਸਖ਼ਤ ਬਣਾਓ। ਜਿਵੇਂ ਕਿ 12 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਬਲਾਤਕਾਰ ਕਰਨ ਲਈ ਮੌਤ ਦੀ ਸਜ਼ਾ ਦੀ ਤਾਜ਼ਾ ਵਿਵਸਥਾ। ਜਾਂ ਸਾਡੇ ਦੇਸ਼ ਵਿਚ ਭੀੜ ਦੀ ਹਿੰਸਾ ਨਾਲ ਨਜਿੱਠਣ ਲਈ ਸਖ਼ਤ ਕਾਨੂੰਨ ਬਣਾਉਣ ਦਾ ਵਿਚਾਰ ਚੱਲ ਰਿਹਾ ਹੈ। ਹਿੰਸਾ ਨੂੰ ਮਨੁੱਖਾਂ ਦੇ ਸੁਭਾਵਿਕ ਵਿਹਾਰ ਵਜੋਂ ਸਵੀਕਾਰ ਕੀਤਾ ਗਿਆ ਹੈ, ਜਿਸ ਨੂੰ ਬਦਲਿਆ ਨਹੀਂ ਜਾ ਸਕਦਾ। ਸੋਚ ਇਹ ਹੈ ਕਿ ਹਿੰਸਾ ਕਰਨ ਵਾਲਿਆਂ ਨੂੰ ਸਹੀ ਰਸਤੇ 'ਤੇ ਨਹੀਂ ਲਿਆਂਦਾ ਜਾ ਸਕਦਾ। ਇਸੇ ਲਈ ਸਖ਼ਤ ਕਾਨੂੰਨਾਂ ਦੀ ਗੱਲ ਹੋ ਰਹੀ ਹੈ। ਪਰ, ਜੇਕਰ ਸਖ਼ਤ ਕਾਨੂੰਨਾਂ ਨਾਲ ਅਜਿਹਾ ਕੀਤਾ ਜਾ ਸਕਦਾ ਸੀ, ਤਾਂ ਇਹ ਬਹੁਤ ਸਮਾਂ ਪਹਿਲਾਂ ਹੋ ਗਿਆ ਸੀ। ਸਾਊਦੀ ਅਰਬ ਅਤੇ ਈਰਾਨ ਵਿਚ ਕਈ ਅਪਰਾਧਾਂ ਲਈ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਪਰ ਫਿਰ ਵੀ ਅਪਰਾਧ ਰੁਕਦੇ ਨਹੀਂ। ਭਾਰਤ ਵਿਚ ਵੀ ਕਈ ਅਪਰਾਧਾਂ ਲਈ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਪਰ ਉਹ ਅਪਰਾਧ ਅਜੇ ਵੀ ਵਾਪਰਦੇ ਹਨ।

ਹਿੰਸਾ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਅੱਜ ਦੇਸ਼ ਦੇ ਜਾਤੀ ਦੰਗਿਆਂ ਦੇ ਸੰਦਰਭ ਵਿਚ, ਇਹ ਹਵਾਲਾ ਦੋ ਭਾਈਚਾਰਿਆਂ ਦਰਮਿਆਨ ਟਕਰਾਅ ਨੂੰ ਸੁਲਝਾਉਣ ਵਿਚ ਕੂਟਨੀਤੀ ਅਤੇ ਸੰਵਾਦ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਹਿੰਸਾ ਦਾ ਸਹਾਰਾ ਲੈਣ ਦੀ ਬਜਾਏ, ਜਿਸ ਦੇ ਸਾਰੇ ਸਬੰਧਤਾਂ ਲਈ ਵਿਨਾਸ਼ਕਾਰੀ ਨਤੀਜੇ ਹੋ ਸਕਦੇ ਹਨ, ਸੂਝਵਾਨ ਆਗੂ ਗੱਲਬਾਤ ਅਤੇ ਸਮਝੌਤੇ ਰਾਹੀਂ ਸ਼ਾਂਤੀਪੂਰਨ ਹੱਲ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਗੁਆਂਢੀ ਰਾਜਾਂ ਜਾਂ ਧਾਰਮਿਕ ਭਾਈਚਾਰਿਆਂ ਵਿਚਕਾਰ ਅਕਸਰ ਝਗੜੇ ਹੁੰਦੇ ਰਹਿੰਦੇ ਹਨ, ਇਸ ਲਈ ਖੇਤਰੀ ਏਕੀਕਰਨ ਹਿੰਸਾ ਦੀਆਂ ਘਟਨਾਵਾਂ ਨੂੰ ਘਟਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਦੰਗੇ ਜਾਂ ਹਿੰਸਾ ਅਕਸਰ ਦੋਵਾਂ ਧਿਰਾਂ ਦੇ ਆਪਸੀ ਲਾਭ ਲਈ ਵਿਵਾਦਾਂ ਨੂੰ ਸ਼ਾਂਤੀਪੂਰਵਕ ਨਿਪਟਾਉਣ ਦੀ ਸੰਭਾਵਨਾ ਬਾਰੇ ਫੈਸਲਾ ਲੈਣ ਵਾਲਿਆਂ ਦੀ ਅਣਦੇਖੀ ਦੇ ਨਤੀਜੇ ਵਜੋਂ ਹੁੰਦੀ ਹੈ। ਇਸ ਤਰ੍ਹਾਂ ਇਹ ਸੰਭਵ ਹੈ ਕਿ ਸਮੁਦਾਇਆਂ ਵਿਵਾਦਾਂ ਦੇ ਨਿਪਟਾਰੇ ਲਈ ਵਿਕਲਪਿਕ, ਸ਼ਾਂਤੀਪੂਰਨ ਤਕਨੀਕਾਂ ਨੂੰ ਵਿਕਸਤ ਅਤੇ ਸੰਸਥਾਗਤ ਬਣਾ ਕੇ ਅਤੇ ਰਾਜਾਂ ਨੂੰ ਉਨ੍ਹਾਂ ਦੀ ਵਰਤੋਂ ਕਰਨ ਲਈ ਮਨਾ ਕੇ ਦੰਗਿਆਂ ਦੀ ਰੋਕਥਾਮ ਵਿਚ ਯੋਗਦਾਨ ਪਾ ਸਕਦੀਆਂ ਹਨ।

ਇਸਨੂੰ ਇੱਕ ਰਾਜਨੀਤਿਕ, ਖੇਤਰੀ ਜਾਂ ਰਾਸ਼ਟਰੀ ਸੁਰੱਖਿਆ ਵਿਵਸਥਾ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ, ਜਿਸ ਵਿਚ ਹਰ ਇਕਾਈ ਇਹ ਮੰਨਦੀ ਹੈ ਕਿ ਇੱਕ ਦੀ ਸੁਰੱਖਿਆ ਵੀ ਸਾਰਿਆਂ ਦੀ ਸਮੂਹਿਕ ਚਿੰਤਾ ਹੈ। ਇਸ ਲਈ ਉਹ ਧਮਕੀਆਂ ਅਤੇ ਸ਼ਾਂਤੀ ਦੀ ਉਲੰਘਣਾ ਲਈ ਸਮੂਹਿਕ ਜਵਾਬ ਦੇਣ ਲਈ ਵਚਨਬੱਧ ਹਨ। ਇਸ ਤਰ੍ਹਾਂ, ਇਹ ਹਵਾਲਾ ਦੇਸ਼ ਵਿਚ ਚੱਲ ਰਹੇ ਜਾਤੀ ਟਕਰਾਅ ਦੇ ਮੱਦੇਨਜ਼ਰ ਸਮਕਾਲੀ ਸਮੇਂ ਲਈ ਢੁੱਕਵਾਂ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਿਆਣਪ ਅਤੇ ਦੂਰਅੰਦੇਸ਼ੀ ਨਾਲ ਝਗੜਿਆਂ ਨਾਲ ਨਜਿੱਠਣ ਅਤੇ ਹਿੰਸਾ ਤੋਂ ਬਚਣ ਵਾਲੇ ਸ਼ਾਂਤੀਪੂਰਨ ਹੱਲ ਲੱਭਣ ਨਾਲ ਸੱਚੀ ਜਿੱਤ ਪ੍ਰਾਪਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਇਹ ਸਿਰਫ਼ ਹਿੰਸਾ 'ਤੇ ਹੀ ਨਹੀਂ, ਸਗੋਂ ਰੋਜ਼ਾਨਾ ਝਗੜਿਆਂ ਅਤੇ ਚੁਣੌਤੀਆਂ 'ਤੇ ਵੀ ਲਾਗੂ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ, ਇਹ ਹਵਾਲਾ ਸਫਲਤਾ ਪ੍ਰਾਪਤ ਕਰਨ ਲਈ ਤਿਆਰੀ, ਗਿਆਨ ਅਤੇ ਦੂਰਦਰਸ਼ੀ ਦੀ ਮਹੱਤਤਾ 'ਤੇ ਵੀ ਜ਼ੋਰ ਦਿੰਦਾ ਹੈ।

ਹਿੰਸਾ ਦੇ ਸ਼ਿਕਾਰ ਲੋਕਾਂ ਨੂੰ ਸਮਝਾਉਣਾ ਜ਼ਰੂਰੀ ਹੈ। ਬਦਲੇ ਦੀ ਮਾਨਸਿਕਤਾ ਨੁਕਸਾਨ ਦਾ ਕਾਰਨ ਬਣਦੀ ਹੈ, ਤਾਂ ਜੋ ਉਹ ਦੁਬਾਰਾ ਉਸੇ ਹਿੰਸਕ ਦੁਸ਼ਟ ਚੱਕਰ ਵਿਚ ਨਾ ਫਸ ਜਾਣ। ਜੇਕਰ ਕੋਈ ਸ਼ਰਾਬੀ ਜਾਂ ਨਸ਼ੇੜੀ ਹੈ, ਤਾਂ ਉਸ ਦਾ ਇਲਾਜ ਕਰਵਾਉਣ ਵਿਚ ਮਦਦ ਕੀਤੀ ਜਾਂਦੀ ਹੈ। ਫਿਰ ਉਸ ਨੂੰ ਰੁਜ਼ਗਾਰ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਤਦ ਹੀ ਕੋਈ ਵੀ ਵਿਅਕਤੀ ਪੂਰੀ ਤਰ੍ਹਾਂ ਬਦਲਿਆ ਹੋਇਆ ਦਿਖਾਈ ਦੇ ਸਕਦਾ ਹੈ। ਲੋਕਾਂ ਦੇ ਵਿਵਹਾਰ ਨੂੰ ਬਦਲ ਕੇ ਅਸੀਂ ਕਈ ਚੁਣੌਤੀਆਂ ਨੂੰ ਜੜ੍ਹੋਂ ਪੁੱਟ ਸਕਦੇ ਹਾਂ। ਉਦਾਹਰਣ ਵਜੋਂ, ਦਸਤ ਵਰਗੀ ਬਿਮਾਰੀ ਨੂੰ ਸਫਾਈ ਦੀ ਆਦਤ ਨਾਲ ਰੋਕਿਆ ਜਾ ਸਕਦਾ ਹੈ। ਇਹ ਕਦਮ ਉਦੋਂ ਵਧੇਰੇ ਪ੍ਰਭਾਵਸ਼ਾਲੀ ਬਣ ਜਾਂਦੇ ਹਨ, ਜਦੋਂ ਇੱਕ ਪੀੜਤ ਦੂਜੇ ਦੀ ਮਦਦ ਕਰਦਾ ਹੈ। ਉਹ ਆਪਣੇ ਤਜ਼ਰਬੇ ਸਾਂਝੇ ਕਰਕੇ ਲੋਕਾਂ ਦਾ ਭਰੋਸਾ ਜਿੱਤ ਸਕਦੇ ਹਨ। ਉਦਾਹਰਨ ਲਈ, ਜੋ ਲੋਕ ਟੀਬੀ-ਹੈਜ਼ੇ ਦੇ ਮਰੀਜ਼ ਹਨ, ਉਨ੍ਹਾਂ ਨੂੰ ਇਸਦੇ ਪੀੜਤਾਂ ਵਿਚ ਕੰਮ ਕਰਨਾ ਚਾਹੀਦਾ ਹੈ।

# ਕੁਦਰਤ ਦੀ ਸੂਖ਼ਮ ਸੰਵੇਦਨਾ ਜਿੱਥੇ ਇਤਿਹਾਸ ਮੰਥਨ ਕਰਦੀ ਹੈ; ਵਿਗਿਆਨ ਅਤੇ ਕੁਦਰਤ ਦਾ ਅਦਭੁੱਤ ਪਹਾੜੀ ਸ਼ਹਿਰ 'ਬੈਂਫ, ਕੈਨੇਡਾ'

-ਬਲਵਿੰਦਰ 'ਬਾਲਮ'
ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ.: 98156-25409
ਐਡਮਿੰਟਨ, ਕੈਨੇਡਾ : 780-807-6007
(Punjab Mail USA)



ਐਲਬਰਟਾ (ਐਡਮਿੰਟਨ, ਕੈਨੇਡਾ) ਦਾ ਇਕ ਵਿਸ਼ਵ ਪ੍ਰਸਿੱਧ ਖ਼ੂਬਸੂਰਤ ਪਹਾੜੀ ਸ਼ਹਿਰ ਹੈ ਬੈਂਫ। ਬੈਂਫ ਵਿਖੇ ਹੀ ਹੈ ਕੈਨੇਡਾ ਦਾ ਸਭ ਤੋਂ ਵੱਡਾ ਖ਼ੂਬਸੂਰਤ ਫਾਈਵ ਸਟਾਰ ਹੋਟਲ, ਜਿਸ ਦਾ ਨਾਮ ਹੈ ਫੇਅਰ ਹੋਟਲ। ਇਹ ਪਹਾੜੀ ਉਪਰ ਸਥਿਤ ਹੈ। ਇਹ ਹੋਟਲ ਦੂਰੋਂ ਨਜ਼ਰ ਆਉਂਦਾ ਹੈ, ਜਿਵੇਂ ਅਸਮਾਨ ਵਿਚ ਖਿਡੌਣੇ ਲਟਕਦੇ ਹੋਣ। ਇਸਦੀ ਸ਼ਿਲਪ-ਸ਼ੈਲੀ ਬਨਾਵਟ, ਸਜਾਵਟ, ਅਦਾਵਟ, ਕਮਲਾ ਦੀ ਹੈ। ਮਨੁੱਖ ਨੇ ਧਰਤੀ 'ਤੇ ਸਵਰਗ ਸਿਰਜ ਦਿੱਤਾ ਹੈ। ਕੁਦਰਤ ਦੀ ਸੂਖਮ ਸੰਵੇਦਨਾ ਜਿੱਥੇ ਇਤਿਹਾਸ ਮੰਥਨ ਕਰਦੀ ਹੈ, ਵਿਗਿਆਨ ਅਤੇ ਕੁਦਰਤ ਦਾ ਤਲਿਸਮੀ ਅਦਭੁੱਤ ਪਹਾੜੀ ਸ਼ਹਿਰ ਬੈਂਫ। ਸਿਫ਼ਤੀ ਦਾ ਭੰਡਾਰ, ਕਲਾ ਦਾ ਸਰਵਉੱਚ ਸਥਾਨ। ਵਿਸ਼ਵ ਦੇ ਪ੍ਰਸਿਧ, ਖ਼ੂਬਸੂਰਤ ਸ਼ਹਿਰਾਂ 'ਚੋਂ ਇਕ ਹੈ ਬੈਂਫ ਦੀ ਲਾਜਵਾਬ ਖ਼ੂਬਸੂਰਤੀ। ਇਥੇ ਪਾਰਦਰਸ਼ੀ ਪਾਣੀ ਦੀਆਂ ਯਥਾਰਥ ਝੀਲਾਂ, ਕਿਸੇ ਮੁਟਿਆਰ ਦੀ ਗਿੱਟੇ ਛੂਹਦੀ ਗੁੰਦਵੀਂ ਗੁੱਤ ਵਾਂਗ ਝਰ-ਝਰ ਕਲ-ਕਲ ਡਿੱਗਦੇ ਮਨਮੋਹਣੇ ਝਰਨੇ, ਚਾਂਦੀ ਰੰਗੇ ਗੋਟੇ ਲੱਗੇ ਦੁਪੱਟੇ ਵਾਂਗ ਲਹਿਰਾਉਂਦੀਆਂ, ਗੁਣਗਣਾਉਂਦੀਆਂ ਪਵਿੱਤਰ ਨਹਿਰਾਂ, ਆਲੌਕਿਕ ਰੂਪ ਵਿਚ ਮਰਮਸਪਰਸ਼ੀ ਤੇ ਵਿਹੰਗਮ ਦ੍ਰਿਸ਼, ਸ਼ੋਖ ਅਦਾਵਾਂ ਵਿਚ ਲਹਿਲਹਾਉਂਦੀ ਕੁਦਰਤੀ ਬਨਸਪਤੀ, ਜਾਨਵਰਾਂ-ਪੰਛੀਆਂ, ਕੀਟ ਪਤੰਗਿਆਂ ਨੂੰ ਗੋਦ ਵਿਚ ਸੰਭਾਲੀ ਹਰੇ-ਭਰੇ, ਲੰਬੇ-ਚੌੜੇ, ਉੱਚੇ ਸੰਘਣੇ ਜੰਗਲ, ਲੱਖਾਂ ਸਾਲ ਪੁਰਾਣੇ ਅਨੇਕਾਂ ਸਵਰੂਪਾਂ ਦੇ ਕਲਾਤਮਕ ਪਹਾੜ, ਫਲਾਂ, ਫੁੱਲਾਂ ਨਾਲ ਲੱਦੇ ਖ਼ੂਬਸੂਰਤ ਰਸੀਲੇ ਬਾਗ-ਬਗ਼ੀਚੇ, ਜ਼ਿੰਦਗੀ ਨੂੰ ਸਕੂਨ, ਅਧਿਆਤਮਿਕਤਾ, ਇਕਾਗਰਤਾ ਅਤੇ ਮਾਨਵਤਾ ਦਾ ਸੰਦੇਸ਼ ਦਿੰਦੀਆਂ ਚੁਲਬੁਲੀਆਂ ਵਾਦੀਆਂ (ਵਾਦੀਆਂ-ਘਾਟੀਆਂ), ਆਪਣੇਪਣ ਦਾ ਅਹਿਸਾਸ ਕਰਵਾਉਂਦੀਆਂ ਆਂਚਲਿਕ ਪਗਡੰਡੀਆਂ, ਚਿਕਨੇ-ਚੁਪੜੇ ਸੁੰਦਰ ਆਧੁਨਿਕ ਸੁਵਿਧਾਪੂਰਵਕ ਹੋਟਲ, ਮਾਨਵੀਂ ਕਦਰਾਂ-ਕੀਮਤਾਂ ਦੇ ਭੂਮੰਡਲੀਕਰਣ ਬਾਜ਼ਾਰ ਅਤੇ ਸਭ ਤੋਂ ਮਹੱਤਵਪੂਰਨ ਖਿੱਚ ਦਾ ਕੇਂਦਰ ਵਿਗਿਆਨਕ ਕਦਰਾਂ-ਕੀਮਤਾਂ ਦਾ ਅਨੋਖਾ ਯਾਤਰਿਕ ਇਲੈਕਟਰਿਕ ਝੂਲਾ ਗੰਡੋਲਾ।

ਦਿੱਲੀ ਤੋਂ ਐਡਮਿੰਟਨ (ਕੈਨੇਡਾ) ਬਾਈ ਏਅਰ ਲਗਭਗ 20 ਘੰਟੇ ਲੱਗ ਹੀ ਜਾਂਦੇ ਹਨ। ਐਡਮਿੰਟਨ ਤੋਂ ਬੈਂਫ ਲਗਭਗ 401 ਕਿਲੋਮੀਟਰ ਹੈ। ਕੈਲਗਰੀ ਤੋਂ ਲਗਭਗ 128 ਕਿਲੋਮੀਟਰ, ਲੇਕ ਲੁਈ ਤੋਂ ਲਗਭਗ 50 ਕਿਲੋਮੀਟਰ ਦੇ ਕਰੀਬ ਹੈ ਬੈਂਫ। ਜਹਾਜ 'ਤੇ ਆਉਣ ਲੱਗਿਆਂ ਇਕ ਮਹੱਤਵਪੂਰਨ ਗੱਲ ਦਾ ਧਿਆਨ ਜ਼ਰੂਰ ਰੱਖੋ ਕਿ ਜੋ 50 ਸਾਲ ਤੋਂ ਉਪਰ ਹੋ, ਤਾਂ 'ਵ੍ਹੀਲ ਚੇਅਰ' ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆਓ। ਹਾਂ ਦੂਸਰੀ ਗੱਲ ਹੋ ਸਕੇ ਤਾਂ ਟਿਕਟ ਉਪਰ 'ਵਿੰਡੋ ਸੀਟ' ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆਓ। ਕਿਉਂਕਿ ਜਹਾਜ਼ 'ਚੋਂ ਬਾਹਰੀ ਦ੍ਰਿਸ਼ ਵੇਖਣ ਦਾ ਬੜਾ ਆਨੰਦ ਆਉਂਦਾ ਹੈ। ਫੋਟੋਗ੍ਰਾਫੀ ਵੀ ਕਮਾਲ ਦੀ ਆਉਂਦੀ ਹੈ।


ਐਡਮਿੰਟਨ ਸ਼ਹਿਰ ਤੋਂ ਬੈਂਫ ਜਾਣ ਲਈ 'ਨਿਸਕੂ ਰੋਡ' ਜਾਣਾ ਪੈਂਦਾ ਹੈ। ਲਗਭਗ ਪੰਜ ਘੰਟਿਆਂ ਦਾ ਸਫ਼ਰ ਹੈ ਕਾਰ ਦਾ। ਨਿਸਕੂ ਇਕ ਪਿੰਡ ਹੈ, ਜਿੱਥੇ ਐਡਮਿੰਟਨ ਦਾ ਇੰਟਰਨੈਸ਼ਨਲ ਏਅਰ ਪੋਰਟ ਹੈ। ਬੈਂਫ ਜਾਣ ਲਈ ਬੱਸਾਂ, ਟੈਕਸੀਆਂ ਵੀ ਮਿਲ ਜਾਂਦੀਆਂ ਹਨ।

ਬੈਂਫ ਤੱਕ ਦੇ ਰਸਤੇ ਵਿਚ ਤਰ੍ਹਾਂ-ਤਰ੍ਹਾਂ ਦੇ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦੇ ਹਨ। ਭੂਗੋਲਿਕ ਸੁੰਦਰਤਾ, ਕੁਦਰਤੀ ਸੁੰਦਰਤਾ, ਵਾਤਵਰਣ ਦੀ ਸੁੰਦਰਤਾ, ਰਸਤੇ ਵਿਚ ਵੇਖਣ ਨੂੰ ਮਿਲਦੀ ਹੈ।

ਪਤਝੜ ਦੇ ਮੌਸਮ ਵਿਚ ਰੰਗ-ਬਿਰੰਗੇ ਸੁੰਦਰ ਦ੍ਰਿਸ਼ ਕਮਾਲ ਦੇ ਹੁੰਦੇ ਹਨ। ਲੈਂਡ ਸਕੇਪਿੰਗ ਵਿਚ ਕੈਨੇਡਾ ਵਿਸ਼ਵ ਦਾ ਇਕ ਨੰਬਰ ਦੇਸ਼ ਹੈ। ਇੱਥੇ ਝੀਲਾਂ, ਸੜਕਾਂ, ਚੌਂਕਾਂ, ਵਾਦੀਆਂ, ਪਹਾੜਾਂ ਆਦਿ 'ਤੇ ਰੁੱਖਾਂ ਤੇ ਫੁੱਲਾਂ ਦੀ ਅਜੀਬ-ਨਿਰਾਲੀ ਦਿਖ ਵਾਲੀ ਲੈਂਡ ਸਕੇਪਿੰਗ ਖੇਚਲ ਭਰਪੂਰ ਹੈ।

ਬੈਂਫ ਨੂੰ ਜਿੱਥੇ ਕੁਦਰਤ ਨੇ ਅਪਣੀ ਕਿਰਪਾ ਨਾਲ ਸੰਵਾਰਿਆ, ਨਿਵਾਜ਼ਿਆ ਹੈ, ਉਥੇ ਵਿਗਿਆਨੀਆਂ ਦਾ ਵੀ ਅਦਭੁੱਤ ਕਮਾਲ ਹੈ।

ਖਾਸ ਕਰਕੇ 'ਗੰਡੋਲਾ ਯਾਤਰਾ', ਜਿੱਥੇ ਗੰਡੋਲਾ ਯਾਤਰਾ ਸ਼ੁਰੂ ਹੁੰਦੀ ਹੈ, ਉਹ ਪਹਾੜੀ ਦੇ ਦ੍ਰਿਸ਼, ਸਹੂਲਤਾਂ ਮਨਮੋਹਣੀਆਂ ਅਤੇ ਦਿਲਚਸਪ ਹਨ। ਯਾਤਰੀਆਂ ਦਾ ਸ਼ਾਨਦਾਰ ਢੰਗ ਨਾਲ ਸਨਮਾਨ-ਕਦਰ ਹੁੰਦੀ ਹੈ।





ਗੰਡੋਲਾ ਬੈਂਫ ਦੇ ਇਕ ਉੱਚੇ ਪਹਾੜ ਤੋਂ ਸ਼ੁਰੂ ਹੋ ਕੇ ਇਸ ਤੋਂ ਵੀ ਉਪਰ ਉੱਚੇ ਪਹਾੜ ਤੱਕ ਜਾਂਦਾ ਹੈ। ਹੇਠਲੀ ਪਹਾੜੀ ਜਿੱਥੋਂ ਗੰਡੋਲਾ ਸ਼ੁਰੂ ਹੁੰਦਾ ਹੈ, ਲਗਭਗ 698 ਮੀਟਰ ਉੱਚੀ ਹੈ ਅਤੇ ਜਿਸ ਪਹਾੜੀ ਦੀ ਟੀਸੀ ਉਪਰ ਜਾ ਕੇ ਰੁੱਕਦਾ ਹੈ, ਉਹ ਪਹਾੜੀ 2281 ਮੀਟਰ ਉੱਚੀ ਹੈ। ਗੰਡੋਲਾ ਵਿਚ ਚਾਰ ਵਿਅਕਤੀ ਹੀ ਬੈਠ ਸਕਦੇ ਹਨ। ਗੰਡੋਲਾ ਯਾਤਰਾ ਦਾ ਖ਼ਤਰਨਾਕ ਪਰ ਦਿਲਚਸਪ ਮੌਕਾ ਹੁੰਦਾ ਹੈ। ਗੰਡੋਲਾ ਤੋਂ ਖ਼ੂਬਸੂਰਤ ਦ੍ਰਿਸ਼ ਨਜ਼ਰ ਆਉਂਦੇ ਹਨ, ਜੋ ਚੰਗੇ ਲੱਗਦੇ ਹਨ।

ਗੰਡੋਲਾ ਜਿਸ ਸਲਫਰ ਪਹਾੜੀ ਉਪਰ ਰੁੱਕਦਾ ਹੈ, ਉਸ ਉੱਚੀ ਪਹਾੜੀ ਦੀ ਟੀਸੀ ਉਪਰ ਕਈ ਮੰਜ਼ਿਲਾ ਆਧੁਨਿਕ ਸ਼ਾਨਦਾਰ ਵਾਲਾ ਹੋਟਲ ਹੈ। ਉਥੇ ਬੀਅਰ ਆਦਿ ਪੀਣ ਦੀ ਕੋਈ ਮਨਾਹੀ ਨਹੀਂ ਹੈ। ਸਾਰਾ ਹੋਟਲ ਪੇਂਟਿੰਗਸ ਨਾਲ ਸੁਸ਼ੋਭਿਤ ਹੈ। ਸੁੰਦਰ ਭਿੱਤੀ ਅਤੇ ਦੀਵਾਰੀ ਅਤੇ ਚਿੱਤਰਕਾਰੀ ਦੇ ਨਾਲ ਲੋਕੀ ਤਸਵੀਰਾਂ ਲੈਂਦੇ ਹਨ। ਹੋਟਲ ਦੇ ਬਾਹਰ ਖੁੱਲ੍ਹਾ-ਡੁੱਲਾ ਬਿਨਾਂ ਛੱਤ ਵਾਲਾ ਲਾਨ (ਬਰਾਮਦਾ) ਹੈ। ਇਸ ਹੋਟਲ ਤੋਂ ਸਾਰਾ ਬੈਂਫ, ਝੀਲਾਂ, ਨਦੀਆਂ, ਬਾਗ-ਬਗੀਚੇ ਆਦਿ ਸਭ ਕੁਝ ਸੁੰਦਰ ਨਜ਼ਾਰੇ ਆਉਂਦੇ ਹਨ। ਲੋਕੀਂ-ਯਾਤਰੀ ਯਾਦਗਾਰੀ ਤਸਵੀਰਾਂ ਪੱਲੇ ਬੰਨ੍ਹਦੇ ਹਨ।

ਜਿਸ ਹੋਟਲ ਦੀ ਪਹਾੜੀ ਉਪਰ 'ਗੰਡੋਲਾ' ਪਹੁੰਚਦਾ ਹੈ, ਉਸ ਦੇ ਖੱਬੇ ਪਾਸੇ ਬਹੁਤ ਵੱਡੀ ਖੱਡ ਤੋਂ ਬਾਅਦ ਇਕ ਬਹੁਤ ਉੱਚੀ ਟਾਵਰ ਵਾਲੀ ਪਹਾੜੀ ਹੈ। ਲਗਭਗ ਇਕ ਮਰਲੇ ਦੀ ਟੀਸੀ ਵਾਲੀ ਪਹਾੜੀ। ਇਸਦੀ ਯਾਤਰਾ ਲਈ ਵਿਗਿਆਨੀਆਂ ਨੇ ਕਮਾਲ ਦੇ ਹੁਰਨ ਵਿਖਾਏ।

ਹੋਟਲ ਵਾਲੀ ਪਹਾੜੀ ਤੋਂ ਸਾਹਮਣੇ ਟਾਵਰ ਵਾਲੀ ਪਹਾੜੀ ਤੱਕ ਜਾਣ ਲਈ ਲਗਭਗ ਦੋ ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਪੈਂਦਾ ਹੈ। ਇਹ ਫਾਸਲਾ ਕਮਾਲ ਦਾ ਹੈ। ਦੋਵਾਂ ਪਹਾੜਾਂ ਦੇ ਵਿਚਕਾਰ ਇਕ ਬਹੁਤ ਡੂੰਘੀ ਖੱਡ ਹੈ। ਕਈ ਮੀਲ ਡੂੰਘੀ। ਇਹ ਖੱਡ ਲਗਭਗ ਦੋ ਕਿਲੋਮੀਟਰ ਦੇ ਕਰੀਬ ਹੈ।

ਇੱਥੋਂ ਦੇ ਵਿਗਿਆਨੀਆਂ ਨੇ ਸਖਤ ਮਿਹਨਤ, ਨਿਵੇਕਲੀ ਯੋਜਨਾ ਰਾਹੀਂ, ਵਿਗਿਆਨਕ ਕਲਾ ਨਾਲ ਦੋ ਪਹਾੜੀਆਂ ਵਿਚ ਪੈਂਦੀ ਖੱਡ ਉਪਰ ਲੱਕੜ ਦਾ ਟੇਢਾ-ਮੇਢਾ ਮੋੜਾਂ-ਕੋੜਾਂ ਵਾਲਾ ਰਸਤਾ ਬਣਾ ਦਿੱਤਾ ਹੈ। ਟੇਢਾ-ਮੇਢਾ, ਉੱਚਾ-ਨੀਵਾਂ ਲੰਬਾ ਲੱਕੜ ਦਾ ਰਸਤਾ ਖੱਡ ਦੇ ਉਪਰ ਦੀ ਜਾਂਦਾ ਹੈ। ਰਸਤੇ ਵਿਚ 'ਰੁਕਣ ਸਥਾਨ' ਬਣਾਏ ਹੋਏ ਹਨ ਕਿਉਂਕਿ ਰਸਤਾ ਚੜ੍ਹਾਈ ਵਾਲਾ ਹੈ। ਰੁਕਣ ਸਥਾਨਾਂ ਉਪਰ ਬੈਂਫ, ਸਫ਼ਾਈ ਢੋਲ ਬਣੇ ਹਨ। ਇਨ੍ਹਾਂ ਸਥਾਨਾਂ ਤੋਂ ਕਈ ਮੀਲ ਥੱਲੇ ਬੈਂਫ ਸ਼ਹਿਰ ਦੇ ਸਾਰੇ ਇਲਾਕੇ ਦਾ ਦ੍ਰਿਸ਼ ਏਦਾਂ ਨਜ਼ਰ ਆਉਂਦਾ ਹੈ, ਜਿਵੇਂ ਦੂਰ ਹੇਠਾਂ ਨਦੀਆਂ, ਝੀਲਾਂ, ਪਹਾੜਾਂ, ਬਾਗ਼ਾਂ, ਘਰਾਂ (ਆਬਾਦੀ) ਆਦਿ ਦਾ ਸਮੂਹਿਕ ਦ੍ਰਿਸ਼ ਕਿਸੇ ਨਕਸ਼ੇ ਦੀ ਤਰ੍ਹਾਂ ਜਾਂ ਪਤੰਗ ਦੀਆਂ ਡੋਰਾਂ ਦੇ ਪੇਚੇ ਵਾਂਗ ਫੈਲਿਆਂ ਨਜ਼ਰ ਆਉਂਦਾ ਹੈ। ਯਥਾਰਥ ਮਨਮੋਹਣਾ। ਇਕ ਜੰਨਤ ਦਾ ਦੂਸਰਾ ਨਾਮ। ਇਕ ਆਲੌਕਿਕਤਾ ਵਿਚ ਵਾਸਤਵਿਕ ਲੌਕਿਕਤਾ ਦਾ ਨਜ਼ਾਰਾ।

ਇਹ ਪਹਾੜੀ ਤੱਕ ਜਾਂਦਿਆਂ ਲੱਕੜ ਦੇ ਰਸਤੇ ਜ਼ਰੀਏ ਲਗਭਗ ਪੈਦਲ ਡੇਢ ਤੋਂ 2 ਘੰਟੇ ਲੱਗ ਜਾਂਦੇ ਹਨ ਪਰ ਨੌਜਵਾਨ ਇਹ ਫਾਸਲਾ ਜਲਦੀ ਵੀ ਤੈਅ ਕਰ ਲੈਂਦੇ ਹਨ। ਇਹ ਯਾਤਰਾ ਕੇਵਲ ਪੈਦਲ ਹੁੰਦੀ ਹੈ।

ਇਨ੍ਹਾਂ ਉੱਚੀਆਂ ਪਹਾੜੀਆਂ ਉਪਰ ਸਭ ਤੋਂ ਪਹਿਲਾਂ ਸਾਨਸਨ ਨਾਂਅ ਦਾ ਵਿਅਕਤੀ 1896 'ਚ ਚੜ੍ਹਿਆ ਸੀ।

ਬੈਂਫ ਵਿਖੇ ਬੋ-ਵੈਲੀ ਦੇ ਦ੍ਰਿਸ਼ ਮਨਮੋਹਣੇ ਹਨ। ਇੱਥੋਂ ਦੀ ਮਸ਼ਹੂਰ ਜਗ੍ਹਾ ਹੈ ਨੈਸ਼ਨਲ ਪਾਰਕ। ਇਸ ਪਾਰਕ ਤੋਂ ਇਲਾਵਾ ਅਨੇਕਾਂ ਹੋਰ ਕਈ ਪ੍ਰਸਿੱਧ ਦਿਲਕਸ਼ ਪਾਰਕ ਹਨ।

ਸੁੰਦਰ ਬੈਂਫ ਸ਼ਹਿਰ ਨੂੰ 'ਨੈਸ਼ਨਲ ਇਤਿਹਾਸਕ' ਸਥਾਨ ਦਾ ਦਰਜਾ ਦਿੱਤਾ ਗਿਆ ਹੈ। ਬੈਂਫ ਕਈ ਉਦਯੋਗ ਹਨ। ਕਈ ਤਰ੍ਹਾਂ ਦੀਆਂ ਖਾਨਾਂ ਅਤੇ ਹੋਰ ਵਪਾਰਕ ਧੰਦੇ ਹੁੰਦੇ ਹਨ।

ਬੈਂਫ ਦੀਆਂ ਦੂਰ ਛੇ ਪਹਾੜੀਆਂ ਦੇ ਆਲੌਕਿਕ ਦ੍ਰਿਸ਼ ਵੇਖਣ ਵਾਲੇ ਹਨ। ਇਹ ਛੇ ਪਹਾੜੀਆਂ ਤਿਕੋਣੀ, ਤੇਜ਼ ਨੁਕਲੀਆਂ ਪਹਾੜੀ ਬਰਫ਼ ਨਾਲ ਢੱਕੀਆਂ ਜੰਨਤ ਦਾ ਮੁਹਾਂਦਰਾ ਪੇਸ਼ ਕਰਦੀਆਂ ਹਨ।

ਜੁਲਾਈ, ਅਗਸਤ ਦੇ ਮਹੀਨੇ ਇੱਥੇ ਸੂਰਜ ਚੜ੍ਹਣ ਤੋਂ ਡੁੱਬਣ ਦੇ ਸਮੇਂ ਦਾ ਮਨਮੋਹਣਾ ਉਤਸਵ ਹੁੰਦਾ ਹੈ। ਸ਼ਾਮ ਦੇ ਵੇਲੇ ਸੂਰਜ ਛਿਪਣ ਦੇ ਮੌਕੇ ਨਜ਼ਾਰਾ ਆਲੌਕਿਕ ਆਗਾਜ਼ ਪੈਦਾ ਕਰਦਾ ਹੈ। ਪਹਾੜਾਂ ਪਿੱਛੋਂ ਨਿਕਲਦਾ ਸੂਰਜ ਜਿਵੇਂ ਕੋਈ ਕੁਦਰਤੀ ਦੇਵਤਾ ਦਾ ਜਨਮ ਹੋ ਰਿਹਾ ਹੋਵੇ। ਰੌਸ਼ਨੀ ਦਾ ਤਲਿਸਮ।

ਇਸ ਇਲਾਕੇ ਵੱਲ ਕੀਮਤੀ ਮੱਛੀ ਪਾਲਣ ਅਤੇ ਖੇਤੀ-ਵਪਾਰਕ ਉਦਯੋਗ ਹਨ। ਕੁੱਲ ਮਿਲਾ ਕੇ ਕੁਦਰਤ ਅਤੇ ਵਿਗਿਆਨ ਦਾ ਸੁੰਦਰ, ਅਦਭੁੱਤ ਸੁਮੇਲ ਹੈ ਬੈਂਫ+ਗੰਡੋਲਾ।




# ਜ਼ਿੰਦਗੀ ਦੀ ਇਸ ਕਾਹਲੀ ਵਿਚ ਅਸੀਂ ਕੀ ਜੀ ਰਹੇ ਹਾਂ?



ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)


ਅੱਜ ਦੇ ਅਸ਼ਾਂਤ ਸਮੇਂ ਵਿਚ ਸ਼ਾਂਤੀ ਜ਼ਰੂਰੀ ਹੈ। ਕੱਲ੍ਹ ਦੇ ਕਾਰਖਾਨਿਆਂ ਦਾ ਰੌਲਾ, ਆਵਾਜਾਈ ਦੇ ਸਾਧਨਾਂ ਦਾ ਰੌਲਾ, ਜੀਵਨ ਦੀ ਸੰਕਟਕਾਲੀਨ ਸਥਿਤੀ ਅੱਜ ਬਾਹਰੀ ਅਤੇ ਅੰਦਰੂਨੀ ਗੜਬੜ ਨੂੰ ਜਨਮ ਦੇ ਰਹੀ ਹੈ। ਇਸ ਤਣਾਅ ਕਾਰਨ ਡਿਪਰੈਸ਼ਨ ਜਨਮ ਲੈ ਰਿਹਾ ਹੈ। ਹਰਿਆਲੀ ਅਤੇ ਕੁਦਰਤ ਦੇ ਸ਼ਾਂਤ ਕੁਦਰਤੀ ਨਜ਼ਾਰਿਆਂ ਦੀ ਘਾਟ ਲੋਕਾਂ ਨੂੰ ਮਹਿਸੂਸ ਹੋਣ ਲੱਗੀ ਹੈ। ਸ਼ਹਿਰਾਂ ਤੋਂ ਦੂਰ ਲੋਕ ਪੇਂਡੂ ਸ਼ਾਂਤ ਵਾਤਾਵਰਨ ਵਿਚ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਮਨ ਦੀ ਇਹ ਅਵਸਥਾ ਸ਼ਾਂਤੀ ਦੀ ਉਪਯੋਗਤਾ ਨੂੰ ਦਰਸਾਉਂਦੀ ਹੈ। ਅੱਜ ਅਸੀਂ ਜਿਸ ਸਮੇਂ ਵਿਚ ਰਹਿੰਦੇ ਹਾਂ, ਉਹ ਕਈ ਤਰੀਕਿਆਂ ਨਾਲ ਵਿਲੱਖਣ ਹੈ। ਜੇਕਰ ਦੇਖਿਆ ਜਾਵੇ ਤਾਂ ਹਰ ਸਮਾਂ ਅਨੋਖਾ ਹੁੰਦਾ ਹੈ। ਪਰ ਅੱਜ ਦਾ ਯੁੱਗ ਖਾਸ ਕਰਕੇ ਉਦਾਸੀ, ਜੀਵਨ ਸੰਘਰਸ਼, ਕੁੜੱਤਣ, ਵਿਚਾਰਧਾਰਕ ਤੰਗੀ, ਨਿਰਾਸ਼ਾ, ਨਿਰਾਸ਼ਾ ਨਾਲ ਭਰਿਆ ਹੋਇਆ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ, ਆਪਣੀ ਜ਼ਮੀਨ ਨੂੰ ਕਾਇਮ ਰੱਖਣਾ ਅਤੇ ਖੜ੍ਹਾ ਹੋਣਾ ਪਹਿਲਾਂ ਨਾਲੋਂ ਕਿਤੇ ਵੱਧ ਚੁਣੌਤੀਪੂਰਨ ਹੋ ਗਿਆ ਹੈ। ਸਾਡੀਆਂ ਉਮੀਦਾਂ ਅਤੇ ਇੱਛਾਵਾਂ ਅਤੇ ਲੋੜਾਂ ਸਾਨੂੰ ਦਿਨ-ਰਾਤ ਪਰੇਸ਼ਾਨ ਕਰਦੀਆਂ ਰਹਿੰਦੀਆਂ ਹਨ, ਸਮੇਂ ਦੇ ਨਾਲ ਵਧਦੀਆਂ ਰਹਿੰਦੀਆਂ ਹਨ। ਜੋ ਵੀ ਸੋਹਣਾ ਹੈ, ਇਹ ਅਸੀਂ ਕਦੋਂ ਸੋਚਿਆ? ਸਾਦਗੀ ਦੇ ਸੰਕਲਪ ਹੁਣ ਕੂੜੇਦਾਨ ਵਿਚ ਕਿਤੇ ਚਲੇ ਗਏ ਹਨ। ਸਾਡੇ ਕੋਲ ਜਿੰਨੀ ਲੋੜ ਹੈ, ਓਨੀ ਹੈ, ਫਿਰ ਵੀ ਅਸੀਂ ਸੰਤੁਸ਼ਟੀ ਦੀ ਜ਼ਿੰਦਗੀ ਜੀਣ ਦੇ ਯੋਗ ਨਹੀਂ ਹਾਂ ਅਤੇ ਇਹ ਅਸੰਤੁਸ਼ਟੀ ਹੀ ਸਾਨੂੰ ਲਗਾਤਾਰ ਦੌੜਨ ਲਈ ਮਜਬੂਰ ਕਰਦੀ ਹੈ। ਅਸੀਂ ਇਹ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ ਕਿ ਕੋਈ ਸਾਡੇ ਤੋਂ ਅੱਗੇ ਨਿਕਲ ਜਾਵੇ ਅਤੇ ਇਸ ਦੌੜ ਵਿਚ ਅਸੀਂ ਉਸ ਖੁਸ਼ੀ ਨੂੰ ਜੀਣਾ ਭੁੱਲ ਜਾਂਦੇ ਹਾਂ, ਜੋ ਰੱਬ ਨੇ ਸਾਨੂੰ ਦਿੱਤਾ ਹੈ। ਇਹੀ ਕਾਰਨ ਹੈ ਕਿ ਸਾਡਾ ਤਣਾਅ ਵਧਦਾ ਹੈ ਅਤੇ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ। ਜ਼ਿੰਦਗੀ ਦੀ ਕਾਹਲੀ ਵਿਚ ਸਾਨੂੰ ਕਿਤੇ ਬੈਠ ਕੇ ਇਹ ਸੋਚਣ ਦਾ ਸਮਾਂ ਨਹੀਂ ਮਿਲਿਆ ਕਿ ਕੀ ਸਹੀ ਹੈ ਅਤੇ ਕੀ ਗਲਤ?




ਜਦੋਂ ਅਸੀਂ ਆਪਣੀ ਜਵਾਨੀ ਦੀ ਸ਼ੁਰੂਆਤ ਕਰਦੇ ਹਾਂ ਤਾਂ ਸਾਡਾ ਮਨ ਸਭ ਕੁਝ ਪ੍ਰਾਪਤ ਕਰਨ ਲਈ ਉਤਾਵਲਾ ਹੁੰਦਾ ਹੈ। ਪੈਸੇ ਦੇ ਨਾਲ-ਨਾਲ ਨਾਮ ਵੀ ਕਮਾਉਣਾ ਚਾਹੁੰਦੇ ਹਾਂ। ਇਹ ਇੱਛਾ ਕਾਫੀ ਹੱਦ ਤੱਕ ਸੱਚ ਵੀ ਹੈ। ਪਰ, ਇਸ ਦੇ ਮਾਮਲੇ ਵਿਚ ਪਰਿਵਾਰ ਅਤੇ ਆਪਣੀ ਖੁਸ਼ੀ ਨੂੰ ਮਹੱਤਵ ਨਾ ਦੇਣਾ ਗਲਤ ਹੈ। ਤੁਹਾਡੀਆਂ ਜ਼ਿੰਮੇਵਾਰੀਆਂ ਅਤੇ ਤੁਹਾਡੀ ਖੁਸ਼ੀ ਨਾਲ ਸਮਝੌਤਾ ਕਰਨਾ ਕਿਸੇ ਵੀ ਸਥਿਤੀ ਵਿਚ ਸਹੀ ਨਹੀਂ ਹੋ ਸਕਦਾ। ਜ਼ਿੰਦਗੀ ਵਿਚ ਪੈਸਾ ਅਤੇ ਪ੍ਰਸਿੱਧੀ ਕਮਾਉਣ ਜਾਂ ਸਫਲ ਵਿਅਕਤੀ ਬਣਨ ਲਈ ਜਿੰਨਾ ਜ਼ਰੂਰੀ ਹੈ, ਛੋਟੀਆਂ ਖੁਸ਼ੀਆਂ ਨੂੰ ਮਹਿਸੂਸ ਕਰਨਾ ਵੀ ਓਨਾ ਹੀ ਜ਼ਰੂਰੀ ਹੈ। ਜੇਕਰ ਤੁਸੀਂ ਇਨ੍ਹਾਂ ਪਲਾਂ ਨੂੰ ਭੁੱਲ ਕੇ ਸਿਰਫ਼ ਅੱਗੇ ਵਧਣ ਵਿਚ ਰੁੱਝੇ ਹੋਏ ਹੋ, ਤਾਂ ਇੱਕ ਦਿਨ ਤੁਸੀਂ ਜ਼ਰੂਰ ਉਦਾਸ ਹੋਵੋਗੇ ਕਿ ਥੋੜਾ ਜਿਹਾ ਪਾਉਣ ਦੀ ਪ੍ਰਕਿਰਿਆ ਵਿਚ ਮੈਂ ਕੀ ਗੁਆ ਦਿੱਤਾ ਹੈ? ਤਣਾਅ ਪੈਦਾ ਕਰਨ ਵਾਲੀਆਂ ਸਥਿਤੀਆਂ ਅਸ਼ਾਂਤੀ ਨੂੰ ਜਨਮ ਦਿੰਦੀਆਂ ਹਨ। ਆਧੁਨਿਕ ਖੋਜਾਂ ਤੋਂ ਪਤਾ ਲੱਗਾ ਹੈ ਕਿ ਤਣਾਅ ਲਗਭਗ 75 ਫੀਸਦੀ ਬਿਮਾਰੀਆਂ ਦਾ ਕਾਰਨ ਹੈ। ਅੱਜ ਅਸੀਂ ਸਿਰਫ਼ ਦੌੜ ਰਹੇ ਹਾਂ, ਬਿਨਾਂ ਰੁਕੇ ਦੌੜ ਰਹੇ ਹਾਂ। ਅਤੇ ਇਹੀ ਕਾਰਨ ਹੈ ਕਿ ਸਾਡੀ ਜ਼ਿੰਦਗੀ ਵਿਚ ਅਜਿਹਾ ਸਮਾਂ ਆਉਂਦਾ ਹੈ, ਜਦੋਂ ਅਸੀਂ ਨਿਰਾਸ਼ ਅਤੇ ਉਦਾਸ ਲੋਕਾਂ ਨਾਲ ਡਿੱਗ ਜਾਂਦੇ ਹਾਂ। ਅਸੀਂ ਮਹਿਸੂਸ ਕਰਦੇ ਹਾਂ ਕਿ ਕੋਈ ਵੀ ਉਨ੍ਹਾਂ ਦੀ ਮੌਜੂਦਾ ਸਥਿਤੀ ਤੋਂ ਸੰਤੁਸ਼ਟ ਨਹੀਂ ਹੈ। ਜੋ ਅੱਜ ਸਾਨੂੰ ਮਿਲਿਆ ਹੈ ਉਹ ਨਾਕਾਫ਼ੀ ਹੈ। ਕੀ ਅਸੀਂ ਕਦੇ ਪਹਿਲੇ ਕੋਣ ਤੋਂ ਦੂਜੇ ਕੋਣ 'ਤੇ ਚੱਲ ਰਹੀ ਆਪਣੀ ਜ਼ਿੰਦਗੀ ਦਾ ਨਿਰੀਖਣ ਕਰ ਸਕਾਂਗੇ? ਹੁਣ ਸੋਚੋ... ਕੀ ਸਾਡੀ ਜ਼ਿੰਦਗੀ ਵਿਚ ਉਦਾਸੀ ਅਤੇ ਉਦਾਸੀ ਦਾ ਇਹ ਦੌਰ ਇਸੇ ਤਰ੍ਹਾਂ ਜਾਰੀ ਰਹੇਗਾ? ਕੀ ਸਾਡੇ ਜੀਵਨ ਵਿਚ ਕਦੇ ਵੀ ਸਕਾਰਾਤਮਕਤਾ ਨਹੀਂ ਆਵੇਗੀ? ਇੱਥੇ ਸਕਾਰਾਤਮਕ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਜੋ ਵੀ ਗਲਤ ਹੈ, ਉਸ ਨੂੰ ਸਕਾਰਾਤਮਕਤਾ ਦੇ ਲਿਫਾਫੇ ਵਿਚ ਲਪੇਟ ਕੇ ਬੇਵਜ੍ਹਾ ਸਵੀਕਾਰ ਕਰ ਲਈਏ। ਗਲਤ ਨੂੰ ਗਲਤ ਕਹਿਣਾ ਚਾਹੀਦਾ ਹੈ ਅਤੇ ਇਸਦਾ ਵਿਰੋਧ ਵੀ ਹੋਣਾ ਚਾਹੀਦਾ ਹੈ। ਪਰ ਸਾਨੂੰ ਬੇਲੋੜੀ ਨਕਾਰਾਤਮਕਤਾ ਤੋਂ ਬਚਣਾ ਚਾਹੀਦਾ ਹੈ। ਮੈਂ ਅੱਜ ਦੇ ਸਮਾਜ ਵਿਚ ਅਤੇ ਖਾਸ ਕਰਕੇ ਸੋਸ਼ਲ ਮੀਡੀਆ ਦੇ ਇਸ ਯੁੱਗ ਵਿਚ ਦੇਖ ਰਿਹਾ ਹਾਂ ਕਿ ਅਸੀਂ ਗੱਲ ਦੀ ਤਹਿ ਤੱਕ ਪਹੁੰਚੇ ਬਿਨਾਂ, ਜਾਣੇ-ਪਛਾਣੇ, ਆਲੋਚਨਾ, ਨਿੰਦਾ ਅਤੇ ਮਾੜੇ ਸ਼ਬਦਾਂ ਦੀ ਵਰਤੋਂ ਕਰਨ ਤੋਂ ਝਿਜਕਦੇ ਨਹੀਂ ਹਾਂ। ਕੀ ਇਹ ਤੁਹਾਡੇ ਦ੍ਰਿਸ਼ਟੀਕੋਣ ਤੋਂ ਸਹੀ ਹੈ?

ਕੀ ਸੰਸਾਰ ਤਬਾਹ ਹੋ ਜਾਵੇਗਾ, ਜੇਕਰ ਅਸੀਂ ਤੁਰੰਤ ਕਿਸੇ ਚੀਜ਼ ਦਾ ਜਵਾਬ ਨਹੀਂ ਦਿੰਦੇ ਹਾਂ? ਕੀ ਅਸੀਂ ਥੋੜੀ ਦੇਰ ਲਈ ਨਹੀਂ ਸੋਚ ਸਕਦੇ, ਸਾਰੀ ਘਟਨਾ ਨੂੰ ਸਮਝ ਸਕਦੇ ਹਾਂ, ਅਤੇ ਕਿਸੇ ਵੀ ਗੱਲ ਦਾ ਚੰਗੇ ਅਤੇ ਸੱਭਿਅਕ ਤਰੀਕੇ ਨਾਲ ਜਵਾਬ ਨਹੀਂ ਦੇ ਸਕਦੇ? ਇੰਨੀ ਜਲਦੀ ਕਿਉਂ? ਸੋਸ਼ਲ ਮੀਡੀਆ ਨੇ ਸਾਡੀ ਘਟਦੀ ਸਮਾਜਿਕਤਾ ਦੀ ਭਰਪਾਈ ਕਰਨੀ ਸ਼ੁਰੂ ਕਰ ਦਿੱਤੀ ਹੋਵੇਗੀ। ਕਿਉਂਕਿ ਅੱਜ ਅਸੀਂ ਪਿੰਡ ਵਿਚ ਬੋਹੜ ਅਤੇ ਪਿੱਪਲ ਹੇਠ ਚੌਪਾਲ ਨਹੀਂ ਦੇਖ ਰਹੇ। ਕਾਰਨ ਇਹ ਹੈ ਕਿ ਅੱਜ ਦੀ ਦੁਨੀਆਂ ਬਹੁਤ ਬਦਲ ਚੁੱਕੀ ਹੈ। ਲੋਕਾਂ ਦੇ ਪ੍ਰਬੰਧ ਅਤੇ ਰੁਝੇਵਿਆਂ ਵਿਚ ਵਾਧਾ ਹੋਇਆ ਹੈ। ਮਿਲਣਾ ਔਖਾ ਹੋ ਰਿਹਾ ਹੈ। ਅਜਿਹੀ ਸਥਿਤੀ ਵਿਚ ਜੇਕਰ ਅਸੀਂ ਆਹਮੋ-ਸਾਹਮਣੇ ਨਹੀਂ ਮਿਲਦੇ, ਤਾਂ ਸੋਸ਼ਲ ਮੀਡੀਆ ਨੂੰ ਇਸ ਯੁੱਗ ਵਿਚ ਇਹ ਸੋਚ ਕੇ ਕਦਮ ਰੱਖਣਾ ਚਾਹੀਦਾ ਹੈ ਕਿ ਅਸੀਂ ਅਸਲ ਵਿਚ ਮਿਲ ਸਕਦੇ ਹਾਂ, ਪਰ ਹੌਲੀ-ਹੌਲੀ ਇਸ ਸੋਸ਼ਲ ਮੀਡੀਆ ਨੇ ਸਾਡੇ ਸਮਾਜਿਕ ਤਾਣੇ-ਬਾਣੇ ਨੂੰ ਤਬਾਹ ਕਰ ਦਿੱਤਾ। ਸਾਡੀਆਂ ਉਮੀਦਾਂ ਦਿਨ-ਬ-ਦਿਨ ਵਧਣ ਲੱਗੀਆਂ ਅਤੇ ਇਸ ਦੀ ਦੁਰਵਰਤੋਂ ਹੋਣ ਲੱਗੀ। ਨਤੀਜਾ ਇਹ ਹੋਇਆ ਕਿ ਰਾਹਤ ਦੀ ਬਜਾਏ ਸੋਸ਼ਲ ਮੀਡੀਆ ਸਾਡੇ ਲਈ ਤਣਾਅ ਦਾ ਕਾਰਨ ਬਣ ਗਿਆ। ਅੱਜ ਅਸੀਂ ਉਦਾਸ ਹਾਂ, ਜਦੋਂ ਲੋਕ ਸਾਨੂੰ ਦੋਸਤੀ ਸੂਚੀ ਵਿਚੋਂ ਹਟਾ ਦਿੰਦੇ ਹਨ ਜਾਂ ਸਾਨੂੰ ਬਲਾਕ ਕਰ ਦਿੰਦੇ ਹਨ। ਸਾਨੂੰ ਗੁੱਸਾ ਉਦੋਂ ਆਉਂਦਾ ਹੈ, ਜਦੋਂ ਲੋਕ ਸਾਨੂੰ ਗੁੱਡ ਮਾਰਨਿੰਗ, ਗੁੱਡ ਈਵਨਿੰਗ ਮੈਸੇਜ ਭੇਜ ਕੇ ਪਰੇਸ਼ਾਨ ਕਰਦੇ ਹਨ। ਅਸੀਂ ਉਦਾਸ ਮਹਿਸੂਸ ਕਰਦੇ ਹਾਂ, ਜਦੋਂ ਲੋਕ ਸਾਡੀਆਂ ਪੋਸਟਾਂ ਨੂੰ ਸਾਡੀ ਇੱਛਾ ਅਨੁਸਾਰ ਪਸੰਦ ਨਹੀਂ ਕਰਦੇ ਜਾਂ ਜਦੋਂ ਸਾਨੂੰ ਲਾਕ ਕੀਤੇ ਪ੍ਰੋਫਾਈਲ ਤੋਂ ਦੋਸਤੀ ਦੀ ਬੇਨਤੀ ਮਿਲਦੀ ਹੈ, ਤਾਂ ਸਾਡਾ ਤਣਾਅ ਵੱਧ ਜਾਂਦਾ ਹੈ। ਅੱਜ ਅਸੀਂ ਸੋਸ਼ਲ ਮੀਡੀਆ 'ਤੇ ਹੀ ਸਿਆਸੀ ਅਤੇ ਧਾਰਮਿਕ ਵਿਚਾਰਾਂ 'ਚ ਉਲਝਦੇ ਜਾ ਰਹੇ ਹਾਂ। ਕਈ ਵਾਰ ਸਾਨੂੰ ਕਿਸੇ ਦੀ ਪੋਸਟ 'ਤੇ ਇੰਨਾ ਗੁੱਸਾ ਆਉਂਦਾ ਹੈ ਕਿ ਅਸੀਂ ਭਾਸ਼ਾ ਦੀ ਮਰਿਆਦਾ ਭੁੱਲ ਜਾਂਦੇ ਹਾਂ। ਇਸ ਦੌਰਾਨ ਜੇਕਰ ਅਸੀਂ ਕਿਸੇ ਨੂੰ ਰੋਕਣ ਜਾਂ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਾਹਮਣੇ ਵਾਲਾ ਵਿਅਕਤੀ ਸਾਨੂੰ ਚੰਗਾ ਜਾਂ ਮਾੜਾ ਕਹਿਣਾ ਸ਼ੁਰੂ ਕਰ ਦਿੰਦਾ ਹੈ। ਨਤੀਜੇ ਵਜੋਂ, ਸਾਨੂੰ ਸਾਡੇ ਵਿਵਹਾਰ ਦੇ ਕਾਰਨ ਦੋਸਤ ਸੂਚੀ ਵਿਚੋਂ ਹਟਾ ਦਿੱਤਾ ਜਾਂਦਾ ਹੈ ਜਾਂ ਗਰੁੱਪ ਛੱਡਣ ਲਈ ਕਿਹਾ ਜਾਂਦਾ ਹੈ।

ਸ਼ਾਂਤੀ ਦੀ ਘਾਟ ਦੀ ਸਥਿਤੀ ਤਣਾਅ ਦੁਆਰਾ ਜਾਣੀ ਜਾਂਦੀ ਹੈ। ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਹਨ, ਜੋ ਅੱਜ ਸਾਡੇ ਲਈ ਤਣਾਅ ਦਾ ਕਾਰਨ ਬਣੀਆਂ ਹੋਈਆਂ ਹਨ। ਬਦਲਦੇ ਸਮੇਂ ਵਿਚ ਅਸੀਂ ਇਨ੍ਹਾਂ ਗੱਲਾਂ ਨੂੰ ਨਜ਼ਰਅੰਦਾਜ਼ ਵੀ ਨਹੀਂ ਕਰ ਸਕਦੇ। ਸੋਚੋ ਕਿ ਦੁਨੀਆਂ ਤੁਹਾਨੂੰ ਕਿੰਨੀ ਵੱਡੀ ਸਮਝਦੀ ਹੈ ਅਤੇ ਜੇਕਰ ਤੁਸੀਂ ਆਪਣੀ ਗੱਲ 'ਤੇ ਅਜਿਹਾ ਸੋਚਣ ਲਈ ਤਿਆਰ ਨਹੀਂ ਹੋ, ਤਾਂ ਤੁਸੀਂ ਚੁੱਪਚਾਪ ਉਨ੍ਹਾਂ ਲਈ ਆਪਣੇ ਦਰਵਾਜ਼ੇ ਬੰਦ ਕਰ ਲੈਂਦੇ ਹੋ, ਜੋ ਤੁਹਾਨੂੰ ਟੈਗ ਕਰਦੇ ਹਨ। ਆਖ਼ਰਕਾਰ, ਤਣਾਅ ਦਾ ਕਾਰਨ ਕੀ ਹੈ? ਜੇਕਰ ਕੋਈ ਤੁਹਾਨੂੰ ਸਵੇਰ ਨੂੰ ਗੁੱਡ ਮਾਰਨਿੰਗ, ਸ਼ਾਮ ਨੂੰ ਗੁੱਡ ਇਵਨਿੰਗ, ਰੱਬ ਦੀਆਂ ਤਸਵੀਰਾਂ ਅਤੇ ਫੁੱਲਾਂ ਆਦਿ ਭੇਜ ਰਿਹਾ ਹੈ, ਤਾਂ ਵੇਖੋ ਕਿ ਸਾਹਮਣੇ ਵਾਲਾ ਵਿਅਕਤੀ ਤੁਹਾਨੂੰ ਕਿੰਨਾ ਪਿਆਰ ਕਰਦਾ ਹੈ ਅਤੇ ਹਰ ਸਵੇਰ ਤੁਹਾਨੂੰ ਯਾਦ ਕਰਦਾ ਹੈ। ਤੁਸੀਂ ਉਸਦੀ ਪ੍ਰਾਰਥਨਾ ਵਿਚ ਹੋ ਅਤੇ ਜੇਕਰ ਤੁਸੀਂ ਅਜੇ ਵੀ ਇਸਨੂੰ ਸਮਝਣਾ ਨਹੀਂ ਚਾਹੁੰਦੇ ਹੋ, ਤਾਂ ਉਸਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰੋ। ਇਹ ਤੁਹਾਡੇ ਹੱਥ ਵਿਚ ਹੈ ਕਿ ਤੁਸੀਂ ਇਸ ਨੂੰ ਆਪਣੇ ਪੱਧਰ 'ਤੇ ਰੋਕ ਸਕਦੇ ਹੋ। ਉਨ੍ਹਾਂ ਨਾਲ ਕੌੜੀ ਅਤੇ ਸਖ਼ਤ ਬਹਿਸ ਕਰਨ ਦੀ ਬਜਾਏ, ਤੁਸੀਂ ਉਨ੍ਹਾਂ ਨੂੰ ਚੁੱਪਚਾਪ ਆਪਣੀ ਦੋਸਤ ਸੂਚੀ ਤੋਂ ਹਟਾ ਸਕਦੇ ਹੋ। ਅਜਿਹਾ ਕਰਨ ਨਾਲ, ਤੁਸੀਂ ਅੱਜ ਦੇ ਤਣਾਅ ਭਰੇ ਸਮੇਂ ਵਿਚ ਆਪਣੇ ਤਣਾਅ ਤੋਂ ਬਚਣ ਦੇ ਯੋਗ ਹੋਵੋਗੇ। ਬਦਲਦੇ ਦੌਰ ਵਿਚ ਅੱਜ ਦੁਨੀਆਂ ਧਰੁਵੀਕਰਨ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ। ਦੂਸਰਾ ਪੱਖ ਮੰਨਣਾ ਤਾਂ ਦੂਰ, ਅਸੀਂ ਸੁਣਨ ਅਤੇ ਬਰਦਾਸ਼ਤ ਕਰਨ ਲਈ ਵੀ ਤਿਆਰ ਨਹੀਂ ਹਾਂ। ਸਾਡੀ ਭਾਸ਼ਾ ਤੇਜ਼ੀ ਨਾਲ ਲਕੀਰ ਪਾਰ ਕਰ ਜਾਂਦੀ ਹੈ, ਜਿਸ ਕਾਰਨ ਸਾਡੇ ਰਿਸ਼ਤੇ ਵਿਗੜ ਜਾਂਦੇ ਹਨ। ਅਸੀਂ ਅਜਿਹੇ ਅਣਸੁਖਾਵੇਂ ਹਾਲਾਤਾਂ ਤੋਂ ਬਚ ਸਕਦੇ ਹਾਂ, ਜਦੋਂ ਸਾਨੂੰ ਉਮੀਦ ਨਹੀਂ ਹੁੰਦੀ ਕਿ ਦੂਜਾ ਵਿਅਕਤੀ ਤੁਹਾਡੀ ਗੱਲ ਸੁਣ ਕੇ ਆਪਣਾ ਪੱਖ ਬਦਲ ਲਵੇਗਾ। ਨਾ ਤਾਂ ਪਾਸਾ ਬਦਲੇਗਾ, ਨਾ ਸਾਹਮਣੇ ਵਾਲਾ ਬਦਲੇਗਾ, ਫਿਰ ਕੋਸ਼ਿਸ਼ ਕਿਉਂ ਕਰੀਏ। ਸਾਨੂੰ ਆਪਣੇ ਵਿਚਾਰਾਂ ਨਾਲ ਸ਼ਾਂਤੀ ਅਤੇ ਸਾਹਮਣੇ ਵਾਲਾ ਵਿਅਕਤੀ ਆਪਣੇ ਵਿਚਾਰਾਂ ਨਾਲ ਸ਼ਾਂਤੀ ਵਿਚ ਰਹਿਣਾ ਚਾਹੀਦਾ ਹੈ, ਇਹੀ ਖੁਸ਼ੀ ਹੈ। ਤੁਸੀਂ ਕਿਸੇ ਵੱਖਰੇ ਵਿਚਾਰ ਵਾਲੇ ਦੀ ਕੰਧ 'ਤੇ ਜਾ ਕੇ ਉਸ ਨੂੰ ਸਰਾਪ ਕਿਉਂ ਦਿੰਦੇ ਹੋ?

ਜੇਕਰ ਕੋਈ ਤੁਹਾਡੀ ਕੰਧ 'ਤੇ ਆ ਕੇ ਅਜਿਹਾ ਕਰਦਾ ਹੈ, ਤਾਂ ਵਿਚਾਰ ਕਰੋ ਕਿ ਉਸ ਨਾਲ ਲੜਨਾ ਤੁਹਾਡੇ ਹਿੱਤ ਵਿਚ ਹੈ ਜਾਂ ਉਸ ਨੂੰ ਨਜ਼ਰਅੰਦਾਜ਼ ਕਰਨਾ। ਤੁਹਾਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਤੁਹਾਡੇ ਵਿਚਾਰਾਂ ਅਤੇ ਤੁਹਾਡੀ ਸੋਚ ਦੇ ਸਬੰਧ ਵਿਚ ਇੰਨੀ ਦੇਰੀ ਹੈ ਕਿ ਉਸ ਵਿਚ ਥੋੜ੍ਹਾ ਜਿਹਾ ਬਦਲਾਅ ਵੀ, ਇਸ ਦੀਆਂ ਸੰਭਾਵਨਾਵਾਂ ਪੂਰੀ ਤਰ੍ਹਾਂ ਖਤਮ ਹੋ ਗਈਆਂ ਹਨ, ਤਾਂ ਫਿਰ ਬਹਿਸ ਕਰਨ ਦੀ ਕੀ ਲੋੜ ਹੈ? ਇਹ ਸਾਡੇ ਸਾਰਿਆਂ ਦੇ ਹਿੱਤ ਵਿਚ ਹੈ ਕਿ ਅਸੀਂ ਸ਼ਾਂਤੀ ਨਾਲ ਰਹੀਏ ਅਤੇ ਦੂਜਿਆਂ ਨੂੰ ਸ਼ਾਂਤੀ ਨਾਲ ਰਹਿਣ ਦੇਈਏ। ਜੀਵਨ ਦੀ ਸੰਕਟਕਾਲ ਵਿਚ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡਾ ਕੋਈ ਵੀ ਪਲ ਆਖਰੀ ਹੋ ਸਕਦਾ ਹੈ, ਇਸ ਲਈ ਹਰ ਪਲ ਨੂੰ ਸੱਚੇ ਮਨ ਨਾਲ ਬਿਨਾਂ ਕਿਸੇ ਹਉਮੈ ਦੇ, 'ਸਰਵੇ ਭਵਨਤੁ ਸੁਖਿਨ:' ਦੀ ਭਾਵਨਾ ਨਾਲ ਜੀਓ।

# ਵਧਦਾ ਨਸ਼ਾ ਤੇ ਰਿਸ਼ਤੇ



ਰਜਵਿੰਦਰ ਪਾਲ ਸ਼ਰਮਾ
ਬਠਿੰਡਾ
ਮੋਬ : 70873-67969
(Punjab Mail USA)


ਨਸ਼ਿਆਂ ਨੇ ਪੰਜਾਬ ਵਿਚ ਇਸ ਕਦਰ ਪੈਰ ਪ੍ਰਸਾਰ ਲਏ ਹਨ ਕਿ ਇਸ ਦੇ ਚੁੰਗਲ ਵਿਚੋਂ ਨਿਕਲਣਾ ਮੁਸ਼ਕਿਲ ਨਹੀਂ, ਸਗੋਂ ਅਸੰਭਵ ਲੱਗਦਾ ਹੈ। ਨਸ਼ਿਆਂ ਕਰਕੇ ਜਿਥੇ ਨੌਜਵਾਨ ਕੁਰਾਹੇ ਪੈ ਚੁੱਕੇ ਹਨ, ਉਥੇ ਹੁਣ ਉਨ੍ਹਾਂ ਦੀ ਨਸ਼ਿਆਂ ਦੀ ਲੱਤ ਕਰਕੇ ਪਰਿਵਾਰ ਨੂੰ ਵੀ ਸੰਤਾਪ ਭੋਗਣਾ ਪੈ ਰਿਹਾ ਹੈ। ਨਸ਼ਾ ਖ਼ਰੀਦਣ ਲਈ ਜਦੋਂ ਪੈਸੇ ਨਹੀਂ ਮਿਲਦੇ, ਤਾਂ ਚੋਰੀ ਅਤੇ ਕਤਲ ਹੋਣਾ ਹੁਣ ਕੋਈ ਵੱਡੀ ਗੱਲ ਨਹੀਂ। ਨਸ਼ਿਆਂ ਦੀ ਪੂਰਤੀ ਲਈ ਨੌਜਵਾਨ ਜੁਰਮ ਦੇ ਰਾਹ ਤੁਰ ਪਏ ਹਨ। ਪਿਛਲੇ ਦਿਨੀਂ ਇੱਕ ਨਸ਼ੇੜੀ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਆਪਣੀ ਮਾਂ ਅਤੇ ਭਰਾ ਦਾ ਕਤਲ ਕਰ ਦਿੱਤਾ ਗਿਆ। ਇਸ ਤੋਂ ਵੱਡੀ ਤ੍ਰਾਸਦੀ ਸਾਡੇ ਸਮਾਜ ਲਈ ਕੀ ਹੋ ਸਕਦੀ ਹੈ ਕਿ ਜਿਸ ਮਾਂ ਨੇ ਤੰਗੀਆਂ-ਤੁਰਸ਼ੀਆਂ ਅਤੇ ਪੇਟ ਬੰਨ੍ਹ ਕੇ ਪਾਲਿਆ, ਅੱਜ ਨਸ਼ਿਆਂ ਦੀ



ਲੱਤ ਨੇ ਉਸ ਨੂੰ ਵੀ ਨਹੀਂ ਬਖਸ਼ਿਆ। ਨਸ਼ਾ ਕਿੱਥੋਂ ਆਉਂਦਾ ਹੈ ਤੇ ਕਿੱਥੇ ਵਿਕਦਾ ਹੈ, ਇਹ ਸਭ ਨੂੰ ਪਤਾ ਹੈ, ਪੁਲਿਸ ਨੂੰ ਵੀ ਤੇ ਲੋਕਾਂ ਨੂੰ ਵੀ। ਵੱਡੇ-ਵੱਡੇ ਰਸੂਖਦਾਰ ਵਿਅਕਤੀ ਪੰਜਾਬ ਦੇ ਪੁੱਤਰਾਂ ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕ ਕੇ ਆਪਣੇ ਘਟੀਆ ਮਨਸੂਬਿਆਂ ਨੂੰ ਬੂਰ ਪਾ ਰਹੇ ਹਨ। ਪ੍ਰਸ਼ਾਸਨ ਅਤੇ ਪੁਲਿਸ ਦੀਆਂ ਕਾਰਵਾਈਆਂ ਵੀ ਕੋਈ ਜ਼ਿਆਦਾ ਸ਼ਲਾਘਾਯੋਗ ਨਹੀਂ ਰਹੀਆਂ। ਇਸ ਸਮੇਂ ਨਸ਼ਾ ਘਰ-ਘਰ ਪਹੁੰਚ ਚੁੱਕਿਆ ਹੈ। ਸਮਾਜਿਕ ਕਾਰਕੁੰਨਾਂ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਸੱਤਾ ਦਾ ਲਾਲਚ ਤਿਆਗ ਕੇ ਲੋਕ ਭਲਾਈ ਦੀ ਰਾਜਨੀਤੀ ਨੂੰ ਪਹਿਲ ਦਿੰਦੇ ਹੋਏ ਨਸ਼ਿਆਂ ਵਿਰੁੱਧ ਜੰਗ ਆਰੰਭ ਕਰਨ। ਦੇਰ ਪਹਿਲਾਂ ਹੀ ਬਹੁਤ ਹੋ ਚੁੱਕੀ ਹੈ, ਜੇਕਰ ਹਜੇ ਵੀ ਨਾ ਜਾਗੇ, ਤਾਂ ਪੰਜਾਬ ਵਿਚ ਜਵਾਨੀ ਦੇਖਣ ਨੂੰ ਤਰਸਾਂਗੇ। ਇਸ ਦੇ ਨਾਲ-ਨਾਲ ਪ੍ਰਸ਼ਾਸਨ ਨੂੰ ਵੀ ਨਸ਼ਿਆਂ ਦੇ ਸਮੱਗਲਰਾਂ ਨੂੰ ਫੜਨ ਲਈ ਪਿੰਡ-ਪਿੰਡ ਛਾਪੇ ਮਾਰਨ ਦੀ ਮੁਹਿੰਮ ਵਿੱਢਣੀ ਚਾਹੀਦੀ ਹੈ, ਤਾਂ ਜ਼ੋ ਨਸ਼ਿਆਂ ਦੇ ਵਧ ਰਹੇ ਪ੍ਰਸਾਰ ਨੂੰ ਠੱਲ੍ਹ ਪਾਈ ਜਾ ਸਕੇ।

## "ਵੀਰਾ ਤੇਰੇ ਸੋਹਣੇ ਗੁੱਟ 'ਤੇ"

ਵੀਰਾ ਤੇਰੇ ਸੋਹਣੇ ਗੁੱਟ 'ਤੇ
ਆਜਾ ਸੋਹਣਿਆਂ ਵੇ ਰੱਖੜੀ ਸਜਾਵਾਂ।
ਮਾਂ ਜਾਏ ਪਿਆਰੇ ਵੀਰਿਆ
ਤੈਨੂੰ ਵੇਖ ਵੇਖ ਫੁੱਲੀ ਨਾ ਸਮਾਵਾਂ।
ਨਿੱਘਾ ਪਿਆਰ ਵੀਰ ਭੈਣ ਦਾ
ਇਸ ਰੱਖੜੀ ਦੇ ਵਿਚ ਹੈ ਸਮਾਇਆ
ਤਿਉਹਾਰ ਸਾਲ ਬਾਅਦ ਵੀਰਨਾ
ਸੁੱਖਾਂ ਸੁੱਖਦੀ ਨੂੰ ਮਸਾਂ ਅੱਜ ਆਇਆ
ਰੀਝਾਂ ਨਾਲ ਗੁੰਦ ਲੋਗੜੀ
ਵਿਚ ਮੋਤੀਆਂ ਦੇ ਮਣਕੇ ਮੜ੍ਹਾਵਾਂ।
ਵੀਰਾ ਤੇਰੇ ਸੋਹਣੇ ਗੁੱਟ 'ਤੇ.... ....।
ਤੀਆਂ ਦਾ ਤਿਉਹਾਰ ਲੰਘਿਆ
ਮੇਰਾ ਵੀਰਾ ਤੂੰ ਸੰਧਾਰਾ ਲੈਕੇ ਆਇਆ
ਚਾਅ ਨਾ ਮੈਥੋਂ ਗਿਆ ਚੱਕਿਆ
ਜਦੋਂ ਭਾਬੀ ਨੂੰ ਤੂੰ ਨਾਲ ਸੀ ਲਿਆਇਆ
ਤੇਰੀਆਂ ਉਡੀਕਾਂ ਕਰਦੀ ਨਿੱਤ
ਕਾਵਾਂ ਨੂੰ ਮੈਂ ਚੂਰੀ ਕੁੱਟ ਪਾਵਾਂ।
ਵੀਰਾ ਤੇਰੇ ਸੋਹਣੇ ਗੁੱਟ 'ਤੇ.... ....।
ਮਾਪਿਆਂ ਤੋਂ ਬਾਅਦ ਸੋਹਣਿਆਂ
ਪੇਕੇ ਭਾਈਆਂ ਭਰਜਾਈਆਂ ਨਾਲ ਸੋਂਹਦੇ
ਜੁੱਗ-ਜੁੱਗ ਰਹਿਣ ਵੀਰਿਆ ਮੇਰੇ
ਭਤੀਜੇ ਤੇ ਭਤੀਜੀਆਂ ਜਿਉਂਦੇ
ਪੇਕਾ ਪਿੰਡ ਮੇਰਾ "ਭੱਠਲਾਂ"
ਤੈਨੂੰ ਕਦੇ "ਮਲਕੀਤ" ਨਾ ਭੁਲਾਵਾਂ।
ਵੀਰਾ ਤੇਰੇ ਸੋਹਣੇ ਗੁੱਟ 'ਤੇ.... ....।



**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ :** 94174-90943
79865-28225
(Punjab Mail USA)

## ਪਾਣੀ ਪਾਣੀ

ਦੇਖ ਕੇ ਪਾਣੀ ਸਾਰੇ ਪਾਸੇ, ਅੱਖਾਂ ਵਿਚ ਆਇਆ ਪਾਣੀ,
ਦੱਸਣੀ ਕਦੀ ਨਾ ਸੌਖੀ ਹੋਣੀ, ਤਬਾਹੀ ਵਾਲੀ ਕਹਾਣੀ।

ਮਹਿਲ ਮੁਨਾਰੇ ਦੇਖੇ ਪਲਾਂ ਵਿਚ, ਹੁੰਦੇ ਅਸੀਂ ਅਲੋਪ,
ਕੁਦਰਤ ਦੇ ਐਸੇ ਕਹਿਰ ਨੂੰ, ਕੋਈ ਨਾ ਸਕਿਆ ਰੋਕ।

ਦਰਿਆਵਾਂ ਐਸੇ ਰੁਖ਼ ਬਦਲੇ, ਕਿਆਸ ਨਾ ਸਕਿਆ ਕੋਈ,
ਐਸੀ ਉਥਲ ਪੁਥਲ ਇਸ ਧਰਤ 'ਤੇ, ਸਦੀਆਂ ਤੱਕ ਨਾ ਹੋਈ।

ਆਪੋ ਧਾਪੀ ਦੇ ਆਲਮ ਵਿਚ, ਰਿਸ਼ਤਿਆਂ ਦੀ ਟੁੱਟੀ ਤਾਣੀ,
ਦੇਖ, ਸੁਣ ਐਸੇ ਕਈ ਮੰਜ਼ਰ, ਫਿਰ ਅੱਖ ਆਇਆ ਪਾਣੀ।

ਮਾਨਵਤਾ ਦੇ ਦਰਦ ਨੇ ਟੁੰਬੀ, ਜ਼ਮੀਰ ਦਰਿਆ ਦਿਲਾਂ ਦੀ,
ਦਰਿਆਵਾਂ ਦਾ ਰੁਖ ਮੋੜ ਗਏ, ਲਾ ਬਾਜ਼ੀ ਫੁੱਲਾਂ ਤਿਲਾਂ ਦੀ।

ਜੋ ਸਰਿਆ ਸਭ ਪੇਸ਼ ਚਾ ਕੀਤਾ, ਦੁੱਖ ਵੰਡਾਇਆ ਸਭ ਦਾ,
ਐਸੀ ਕਰਨੀ ਵਾਲਾ ਮਨੁੱਖ ਵੀ, ਕਿਤੇ ਕਿਤੇ ਹੈ ਲੱਭਦਾ।

ਆਪ ਉੱਜੜ ਦੂਜੇ ਨੂੰ ਵਸਾਉਣਾ, ਕਈ ਐਸੇ ਵੀ ਨੇ ਪ੍ਰਾਣੀ,
ਤੱਕ ਕੁਰਬਾਨੀ ਐਸੀ ਅਨੋਖੀ, ਮੁੜ ਅੱਖ ਭਰਿਆ ਪਾਣੀ।

ਕੁਦਰਤ ਦਾ ਇਹ ਐਸਾ ਧੱਕਾ, ਸਹਿ ਕੇ ਫਿਰ ਉੱਠ ਤੁਰਨਾ,
ਨਹੀਂ ਹੈ ਸੌਖਾ ਕਿਸੇ ਲਈ ਵੀ, ਕਾਮਯਾਬੀ ਦਾ ਫੁਰਨਾ।

ਜੋ ਹਿੰਮਤ ਨਾ ਹਾਰਨ ਕਦੀ ਵੀ, ਉਹੀ ਮੰਜ਼ਿਲ ਪਾਉਂਦੇ,
ਸਫਲਤਾਵਾਂ ਦੇ ਇਤਿਹਾਸ ਕਈ ਉਹ, ਮੁੜ ਮੁੜ ਕੇ ਦੁਹਰਾਉਂਦੇ।

ਸੁਲਝ ਹੀ ਜਾਵੇਗੀ ਫੇਰ ਇੱਕ ਦਿਨ, ਉਲਝੀ ਹੋਈ ਇਹ ਤਾਣੀ,
ਤਦਾਂ ਪਾਉਣ ਵਾਲੇ ਵੱਲ ਤੱਕ ਕੇ, ਉਮੜਿਆ ਅੱਖ ਵਿਚ ਪਾਣੀ।

ਦੇਖ ਕੇ ਪਾਣੀ ਸਾਰੇ ਪਾਸੇ, ਅੱਖਾਂ ਵਿਚ ਆਇਆ ਪਾਣੀ,
ਦੱਸਣੀ ਕਦੀ ਨਾ ਸੌਖੀ ਹੋਣੀ, ਤਬਾਹੀ ਵਾਲੀ ਕਹਾਣੀ।

**-ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ, ਯੂ.ਕੇ.**
(Punjab Mail USA)



## ਅੱਲ੍ਹਾ ਰਾਮ ਵਾਹਿਗੁਰੂ...

ਅੱਲ੍ਹਾ ਰਾਮ ਵਾਹਿਗੁਰੂ ਈਸਾ, ਸਭ ਨੂੰ ਇਹ ਸਮਝਾਂਦਾ ਹੈ।
ਬੁਰੇ ਕੰਮਾਂ ਤੋਂ ਬਚ ਜਾ ਬੰਦਿਆ, ਜੇ ਕਰ ਬਚਿਆ ਜਾਂਦਾ ਹੈ।

ਆਇਆ ਦੇਖ ਜ਼ਮਾਨਾ ਕੈਸਾ, ਨਾ ਕੋਈ ਬਚਿਆ ਐਸਾ ਵੈਸਾ।
ਜੱਗ ਦੀ ਕੀਮਤ ਰਹਿ ਗਿਆ ਪੈਸਾ, ਜੋ ਨਾ ਸਾਥ ਨਿਭਾਂਦਾ ਹੈ।

ਬੁਰੇ ਕੰਮਾਂ ਤੋਂ ਬਚ ਜਾ ਬੰਦਿਆ, ਜੇ ਕਰ ਬਚਿਆ ਜਾਂਦਾ ਹੈ।
ਭੁੱਲ ਗਏ ਸਭ ਰਿਸਤੇ ਨਾਤੇ, ਰਹਿ ਗਏ ਖਾਂਦੇ ਬੈਂਕ ਦੇ ਖਾਤੇ।

ਮਿਲਣਾ ਜੋ ਕਝ ਲਿਖਿਆ ਮਾਥੇ ਪਰ, ਇਹ ਨਹੀਂ ਸੁਖਾਂਦਾ ਹੈ।
ਬੁਰੇ ਕੰਮਾਂ ਤੋਂ ਬਚ ਜਾ ਬੰਦਿਆ, ਜੇ ਕਰ ਬਚਿਆ ਜਾਂਦਾ ਹੈ।

**-ਸਤਨਾਮ ਸਿੰਘ ਦਰਦੀ ਚਾਨੀਆਂ-ਜਲੰਧਰ**
92569-73526
(Punjab Mail USA)



## ਸਰਪੰਚੀ

ਪਿਉ ਦਾਦਾ ਤੇਰਾ ਲੰਬੜਦਾਰ ਸੀ ਕੁੱਲ ਦੁਨੀਆਂ ਤਾਂ ਜਾਣੇ
ਪਿੰਡ ਤੇਰਾ ਸਾਰਾ ਸਿਫਤ ਕਰੇ ਗੱਲਾਂ ਹੋਣ ਕਚਿਹਰੀਆਂ ਠਾਣੇ
ਤੂੰ ਵੀ ਕੋਈ ਸੱਪ ਕੱਢ ਮੱਖਣਾ ਸਾਡਾ ਬੇੜਾ ਜਾਵੇ ਤਰ ਸੱਜਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ ਦੱਸ ਫਿਰ ਡਰ ਸੱਜਣਾ।

ਨਿੱਤ ਹੱਥ ਜੋੜ ਕੇ ਫਤਿਹ ਬੁਲਾਉਂਦੇ ਹੱਟ ਜਾਂਦੇ ਨੇ ਪਿੱਛੇ
ਕਿਵੇਂ ਠਾਣੇਦਾਰ ਵੀ ਪੁੱਛਦੇ ਨੇ ਸਰਪੰਚ ਸਾਹਿਬ ਨੇ ਕਿੱਥੇ
ਸਾਰਾ ਪਿੰਡ ਫਿਰ ਦੱਸੂਗਾ ਔਹ ਚੁਬਾਰੇ ਵਾਲਾ ਹੈ ਘਰ ਸੱਜਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ .... .... ....।

ਵੇਖ ਪੰਚਾਂ ਤੇ ਸਰਪੰਚਾਂ ਦੀ ਹਰ ਪਿੰਡ-ਪਿੰਡ 'ਤੇ ਸਰਦਾਰੀ
ਦਰ-ਦਰ ਧੱਕੇ ਖਾਣ ਨਾਲੋਂ ਸਾਰੇ ਕੰਮ ਹੁੰਦੇ ਸਰਕਾਰੀ
ਤਾਂ ਹੀ ਚੌਧਰ ਖਾਤਰ ਲੋਕੀਂ ਪੈਲੀ ਗਹਿਣੇ ਦਿੰਦੇ ਧਰ ਮੱਖਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ .... .... ....।

ਲੰਡੀ ਜੀਪ ਫਿਰ ਲੈ ਕੇ ਤੇ ਉੱਤੇ 'ਗਿੱਲ' ਸਰਪੰਚ ਲਿਖਾਇਆ
ਜਿਹੜਾ ਫੰਡ ਮਿਲੇ ਸਰਕਾਰਾਂ ਤੋਂ ਬਹੁਤਾ ਖਾਧਾ ਤੇ ਥੋੜਾ ਲਾਇਆ
ਕੰਮ ਕਰਨ ਦੀ ਲੋੜ ਕੋਈ ਨਹੀਂ, ਢਿੱਡ ਵੀ ਜਾਂਦਾ ਭਰ ਸੱਜਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ .... .... ....।

ਆਂਢ-ਗੁਆਂਢ ਵੀ ਸਾਰਾ ਕਹਿੰਦਾ ਜ਼ੋਰ ਤਾਣ ਵੀ ਲਾਊ
ਹੁਣ ਸੌ ਹੱਥ ਰੱਸਾ ਗੰਢ ਸਿਰੇ 'ਤੇ ਤੈਨੂੰ ਸਰਪੰਚ ਬਣਾਊਂ
"ਦੇਵ ਘੋਲੀਏ" ਵਾਲਿਆਂ ਵੇ ਚਿੱਤ ਰਾਜ਼ੀ ਖੁਸ਼ ਤੂੰ ਕਰ ਮੱਖਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ ਦੱਸ ਫਿਰ ਡਰ ਸੱਜਣਾ।

**ਗੀਤਕਾਰ : ਦੇਵ ਘੋਲੀਆ**
**ਖੁਰਦ, ਫਰਿਜ਼ਨੋ**
559-232-7764
(Punjab Mail USA)



## ਅਜ਼ਾਦੀ ਦੇ ਦੀਵੇ ਥੱਲੇ

ਮਾਂ ਦੀ ਲੀਰਾਂ ਹੋਈ ਛਾਤੀ 'ਤੇ, ਦੋ ਪੁੱਤਾਂ ਦੇ ਘਰ ਪਏ,
ਬਾਪੂ ਖੜ੍ਹਾ ਬੇਵੱਸ ਸੀ ਤੱਕਦਾ, ਵੱਟ ਵਿਹੜੇ ਜਦੋਂ ਪਏ।
ਧਰਮ ਦੀਆਂ ਪਾ ਕੇ ਲਕੀਰਾਂ, ਲੜ-ਲੜ ਕੇ ਵੱਖ ਹੋਏ,
ਇੱਕ ਛੱਤ ਥੱਲੇ ਜੋ ਸੀ ਪਲਦੇ, ਲਹੂ ਲੁਹਾਣ ਸੀ ਚੋਏ।

ਧੀਆਂ ਭੈਣਾਂ ਬੇਪੱਤ ਕੀਤੀਆਂ, ਬੱਚੇ ਬੁੱਢੇ ਹੋਏ ਫ਼ਨਾਹ,
ਪਲਕ ਦੇ ਝਪਕੇ ਵਿਚ ਜਾਣੋ, ਲੱਖਾਂ ਲੋਕ ਹੋਏ ਤਬਾਹ।
ਕਾਲੇ ਧੂੰਏਂ ਦੇ ਬੱਦਲ ਉੱਠਦੇ, ਧੁਆਂਖੇ ਗਏ ਘਰਬਾਰ,
ਐਸੇ ਚੰਦਰੇ ਰੌਲਿਆਂ ਵਿਚ, ਵਿਛੜ ਗਏ ਪਰਿਵਾਰ।

ਜੇਹਲਮ, ਰਾਵੀ ਤੇ ਚਨਾਬ, ਸਤਲੁਜ ਅਤੇ ਬਿਆਸ,
ਲਾਸ਼ਾਂ ਢੋਹ ਢੋਹ ਥੱਕ ਗਏ, ਜਿੰਦੜੀ ਹੋਈ ਬੇ-ਆਸ।
ਪਾਣੀ ਦੀ ਥਾਂ ਲਹੂ ਵਗਦੇ, ਜਿਉਣਾ ਲੱਥਿਆ ਲੀਹ,
ਦਸ ਲੱਖ ਹੋ ਕੁਰਬਾਨ ਗਏ, ਬਰਸਦਾ ਝੱਖੜ ਮੀਂਹ।

ਕੱਲ੍ਹ ਦੇ ਰਾਜੇ ਭਿਖਾਰੀ ਹੋਏ, ਅੱਜ ਪਏ ਕੈਂਪਾਂ ਦੇ ਵੱਸ,
ਸਾਹਾਂ ਦੀ ਲੜੀ ਸੀ ਚੱਲਦੀ, ਦਰਦ ਭਰੀ ਨਸ ਨਸ।
ਬਿੱਲੀਆਂ ਦੀ ਲੜਾਈ ਵਿਚ, ਬਾਂਦਰ ਬਣ ਬੈਠੇ ਜੱਜ,
ਖਾਧੀ ਸ਼ਾਂਤੀ ਮਾਰ ਗਾਚੀਆਂ, ਨਿਆਂ ਦੇ ਲਾ ਕੇ ਪੱਜ।

ਬਾਘੇ ਦੀ ਸਰਹੱਦ ਬਣਾ'ਤੀ, ਲਾਸ਼ਾਂ ਦੇ ਲੱਗਾ ਕੇ ਢੇਰ,
ਸਿਵਿਆਂ 'ਤੇ ਜਸ਼ਨ ਮਨਾਏ, ਕਲਮੂੰਹੇਂ ਆਗੂਆਂ ਫੇਰ।
ਸੜਦੀ ਰਹੀ ਮਨੁੱਖਤਾ ਭਾਵੇਂ, ਪਰ 'ਅਜ਼ਾਦੀ' ਦੇ ਕੇ ਨਾਂ,
ਭੁੱਲਕੇ ਸਾਰੇ ਦਰਦ ਤੇ ਪੀੜਾਂ, ਮੌਕਾਪ੍ਰਸਤਾਂ ਸਾਂਭੀ ਥਾਂ।

**-ਸੇਵਾ ਸਿੰਘ "ਨੂਰਪੁਰੀ"**
(Punjab Mail USA)



## ਆਜ਼ਾਦੀ ਨੂੰ ਸਵਾਲ

ਲੱਖ-ਲੱਖ ਜਸ਼ਨ ਮਨਾ ਨਾ ਥੱਕੇ,
ਸੋਹਿਲੇ ਨਹੀਂ ਤੇਰੇ ਗਾ ਗਾ ਅੱਕੇ।
ਚਾਅ ਖੁਸ਼ੀਆਂ ਨਹੀਂ ਹਾਲੇ ਲੱਥੇ,
ਪਰ ਕਾਲਖ਼ ਲੱਗੀ ਹੈ ਤੇਰੇ ਮੱਥੇ।

ਕੰਨ ਖੋਲ੍ਹਕੇ ਸੁਣ ਜ਼ਰਾ ਖਾਕਾ,
ਜਲ੍ਹਿਆਂ ਵਾਲੇ ਬਾਗ ਦਾ ਸਾਕਾ।
ਸੰਨ ਸੰਤਾਲ਼ੀ ਤੋਂ ਪੰਜਾਬ ਬੇਹਾਲ,
ਤੜਫ਼ ਰਿਹਾ ਹੈ ਪੱਛਮੀ ਬੰਗਾਲ।

ਸੰਨ ਚੌਰਾਸੀ ਦੇ ਵਰਤੇ ਕਹਿਰ,
ਦਿੱਲੀ ਸਮੇਤ ਵੱਖ-ਵੱਖ ਸ਼ਹਿਰ।
ਮੂੰਬਈ-ਮਾਲੇਗਾਓਂ ਬੰਬ ਧਮਾਕੇ,
ਗੋਧਰਾ ਕਾਂਡ ਵਾਲ਼ੇ ਪਏ ਪਟਾਕੇ।

ਕਿਸ ਬਦਲੀ ਸੀ ਜ਼ਹਿਨੀਅਤ,
ਕਿੰਝ ਮਰੀ ਸੀ ਇਨਸਾਨੀਅਤ?
ਮਜ਼੍ਹਬਾਂ ਨੇ ਕਿੰਝ ਅੱਤ ਚੁੱਕੀ ਸੀ
ਹੈਵਾਨਾਂ ਨੇ ਕਿੰਝ ਪੱਤ ਲੁੱਟੀ ਸੀ?

ਖੇਤਾਂ 'ਚੋਂ ਮੁੱਕੀ ਨਹੀਂ ਮੰਦਹਾਲੀ,
ਰੋਂਦੇ ਫਿਰਦੇ ਕਿਉਂ ਹਾਲ਼ੀ-ਪਾਲ਼ੀ?
ਭੁੱਖਾ ਕਿਉਂ ਮਜ਼ਦੂਰ ਸੌਂਦੈ ਹਾਲੇ,
ਝੱਲਕੇ ਸਿਰ ਧੁੱਪਾਂ ਕੱਕਰ-ਪਾਲ਼ੇ?

ਜਦੋਂ ਦੇਖੇ ਬੇਰੁਜ਼ਗਾਰਾਂ ਦੀ ਭੀੜ,
ਸਰਕਾਰਾਂ ਰਹੀਆਂ ਦੰਦ ਕਰੀਣ।
ਅੱਸੀ ਕਰੋੜ ਨੂੰ ਦੋ ਜੂਨ ਦੇ ਲਾਲੇ,
ਦੇਹਕੇ ਪੰਜ ਕਿਲੋ ਚੌਲ਼ ਜਿਵਾਲੇ।

ਪਹਿਲਵਾਨਾਂ ਦੀ ਬਣਾਈ ਰੇਲ,
ਮਨੀਪੁਰ ਹੈਵਾਨੀਅਤ ਦਾ ਖੇਲ੍ਹ।
ਹੱਦ ਟੱਪੀ ਗਰੀਬੀ ਮਹਿੰਗਾਈ,
ਅਜ਼ਾਦੀ ਅਮੀਰ ਦੇ ਹਿੱਸੇ ਆਈ।

ਜ਼ਮੀਰ ਕਦਰਾਂ ਸਭ ਗਏ ਸੰਤਾਪੇ,
ਭਾਈ-ਭਤੀਜਾਵਾਦ ਪਾਏ ਸਿਆਪੇ।
ਨਿਜ਼ਾਮ ਨੂੰ ਵੀ ਪਈ ਹੈ ਬਿਮਾਰੀ,
ਦਨਦਨਾਉਂਦੀ ਹੈ ਭ੍ਰਿਸ਼ਟਾਚਾਰੀ।

ਫਿਰਕਾਪ੍ਰਸਤਾਂ ਨੇ ਚੁੱਕੇ ਤ੍ਰਿਸ਼ੂਲ਼,
ਲੋਕਤੰਤਰ ਦੀ ਕਰ ਵਿੰਗੀ ਚੂਲ਼।
ਸੰਸਦ ਸੀ ਇੱਕ ਪਵਿੱਤਰ ਮੰਦਰ,
ਪਰ ਐੱਮ.ਪੀ. ਨੇ ਨਿਰੇ ਕਲੰਦਰ।

ਫਸ ਗਈ ਬੇੜੀ ਵਿਚ ਮੰਝਧਾਰ,
ਪਾਰ ਲਾਊਗਾ ਕਿਹੜਾ ਪਤਵਾਰ?

**-ਸੇਵਾ ਸਿੰਘ "ਨੂਰਪੁਰੀ"**
(Punjab Mail USA)



## ਅੱਜ ਨਹੀਂ ਤਾਂ ਕੱਲ੍ਹ ਹੋਊਗਾ

ਅੱਜ ਨਹੀਂ ਤਾਂ ਕੱਲ੍ਹ ਹੋਊਗਾ
ਮੁਸ਼ਕਿਲ ਤੇਰੀ ਦਾ ਹੱਲ ਹੋਊਗਾ,
ਤੇਰੇ ਵੱਲ ਜੋ ਚੜ੍ਹ ਚੜ੍ਹ ਆਉਂਦਾ,
ਦਰਿਆ ਦੁੱਖਾਂ ਦਾ ਠੱਲ ਹੋਊਗਾ,

ਖੁਸ਼ੀਆਂ ਤੈਨੂੰ ਹਰ ਥਾਂ ਲੱਭਣਾ,
ਜਦ ਕੋਰਾ ਸੱਚਾ ਮਨ ਹੋਊਗਾ ,
ਹਰ ਕੋਈ ਰਿਸ਼ਤੇਦਾਰ ਬਣੂਗਾ,
ਕੋਲ ਜਦੋਂ ਤੇਰੇ ਧਨ ਹੋਊਗਾ ,

ਔਖੇ ਮਾਰਗ ਲੰਘਣੇ ਸਿੱਖਲੈ,
ਤੇਰੀ ਸਦੀ ਤੇਰਾ ਸੰਨ ਹੋਊਗਾ,
ਮਾਪਿਆਂ ਦਾ ਸਤਿਕਾਰ ਕਰੇਗਾ,
ਅਣਖ ਨਾ ਹਰ ਥਾਂ ਖੜ੍ਹ ਹੋਊਗਾ,

ਕਿਰਤ ਤੇ ਮਿਹਨਤ ਘੜ ਲੈ ਪੌੜੀ,
ਮੰਜ਼ਿਲ ਤੇ ਸੌਖਾ ਸਰ ਹੋਊਗਾ,
ਮਾੜਾ ਸਮਾਂ ਵੇਖ ਨਾ ਡੋਲੀ,
ਹਿੰਮਤਾਂ ਪੈਂਡਾ ਤਰ ਹੋਊਗਾ,

'ਜੋਗਿਆ' ਮਾੜਾ ਕਹਿਣਗੇ ਲੋਕੀ,
ਜਦੋਂ ਹੱਕ ਲਈ ਖੜ੍ਹ ਹੋਊਗਾ।

**ਜਸਵੰਤ ਸਿੰਘ ਜੋਗਾ**
**ਫੋਨ :** 62396-43306
(Punjab Mail USA)




## "ਤੂੰ ਮੈਨੂੰ ਪੜ੍ਹਿਆ ਹੀ ਨਹੀਂ"

ਬਾਹਰੀ ਸੁੰਦਰਤਾ, ਸੁੰਦਰਤਾ ਨਹੀਂ ਹੁੰਦੀ
ਅਸਲੀ ਸੁੰਦਰਤਾ ਤੇ ਦਿਲ ਦੀ ਹੁੰਦੀ ਹੈ
ਜੋ ਕਿਸੇ ਨੂੰ ਉਦਾਸ ਦੇਖ
ਆਪ ਉਦਾਸ ਹੋ ਜਾਏ
ਕਿਸੇ ਦਾ ਦਰਦ ਦੇਖ ਆਪ
ਦਰਦ ਨਾਲ ਤੜਪ ਉੱਠੇ
ਤੂੰ ਉਸਦੇ ਪਲਕਾਂ ਪਿੱਛੇ ਹੰਝੂਆਂ ਨੂੰ
ਮਹਿਸੂਸ ਕੀਤਾ ਕਦੀ
ਉਸਨੂੰ ਦਰਦ ਵਿਚ ਦੇਖ
ਤੈਨੂੰ ਦਰਦ ਮਹਿਸੂਸ ਹੋਇਆ ਕਦੀ
ਤੂੰ ਉਸਦੀ ਖ਼ਾਮੋਸ਼ੀ ਤੇ ਉਦਾਸੀ ਨੂੰ
ਪੜ੍ਹਿਆ ਕਦੀ
ਤੂੰ ਉਸਦੀ ਦਰਦੀਲੀ ਮੁਸਕਰਾਹਟ ਨੂੰ
ਪਹਿਚਾਨਣ ਦਾ ਯਤਨ ਕੀਤਾ ਕਦੀ
ਤੂੰ ਉਸਦੇ ਹਾਰ ਸ਼ਿੰਗਾਰ ਪਿੱਛੇ
ਛੁਪੇ ਦਰਦ ਨੂੰ ਮਹਿਸੂਸ ਕੀਤਾ ਕਦੀ
ਨਾ ਜਾਣੈ ਆਪਣੇ ਮੇਕਅਪ ਦੀ ਤਹਿ ਨੀਚੇ
ਅਣਗਿਣਤ ਤਹਿਆਂ ਆਪਣੇ
ਦਰਦ ਦੀਆਂ ਛੁਪਾਈ ਬੈਠੀ ਹੈ ਉਹ
ਜੇ ਤੂੰ ਉਸਦਾ ਅੰਦਰਲਾ ਹੀ ਨਹੀਂ ਪੜ੍ਹਿਆ
ਤਾਂ ਕੀ ਜਾਣਦਾ ਹੈ ਉਸ ਬਾਰੇ
ਇਸੇ ਲਈ ਕਹਿੰਦੀ ਹਾਂ ਕਿ
ਤੂੰ ਮੈਨੂੰ ਪੜ੍ਹਿਆ ਹੀ ਨਹੀਂ
ਮੈਨੂੰ ਪੜ੍ਹਿਆ ਹੁੰਦਾ ਤੇ ਤੂੰ ਵੀ
ਗੁਆਚ ਨਾ ਗਿਆ ਹੁੰਦਾ ਕਿਤੇ
ਤੂੰ ਮੈਨੂੰ ਪੜ੍ਹਿਆ ਹੀ ਨਹੀਂ
ਹਾਂ ਤੂੰ ਮੈਨੂੰ ਪੜ੍ਹਿਆ ਹੀ ਨਹੀਂ ।

**ਰਮਿੰਦਰ ਰੰਮੀ**
(Punjab Mail USA)




REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
CITY OF ELK GROVE
Elk Grove
9700
BLVD
9600
RD
Bradshaw
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
gary singh123@yahoo.com
Gurjatinder S. Randhawa
REALTOR CA DRE licence # 01490567